# ਗੁਰਮੁਖੀ ਲਿਪੀ ਦਾ
# ਜਨਮ ਤੇ ਵਿਕਾਸ

Sri Satguru Jagjit Singh Ji Elibrary NamdhariElibrary@gmail.com

# ਗੁਰਮੁਖੀ ਲਿਪੀ

ਦਾ

## ਜਨਮ ਤੇ ਵਿਕਾਸ

ਜੀ. ਬੀ. ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

Sri Satguru Jagjit Singh Ji Elibrary NamdhariElibrary@gmail.com

*Published by:*

Publication Bureau
Panjab University Chandigarh

© All Rights Reserved

First Edition : 1950
Second Edition : 1972
Third Edition : 1981
Fourth Edition : 1998
Fifth Edition : 2010

ISBN 81-85322-44-9

**Price : Rs.100/-**

*Printed at:*
Panjab University Press
Chandigarh

Sri Satguru Jagjit Singh Ji Elibrary NamdhariElibrary@gmail.com

# ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਕੁਝ ਕਰਤਾ ਬਾਰੇ, ਕੁਝ ਪੁਸਤਕ ਬਾਰੇ
## (ਪਹਿਲੇ ਸੰਸਕਰਣ ਵਿਚੋਂ)

ਗੁਰਮੁਖੀ ਲਿਪੀ ਦੇ ਜਨਮ ਅਤੇ ਵਿਕਾਸ ਬਾਰੇ ਇਹ ਪੁਸਤਕ ਸਵਰਗਵਾਸੀ ਸਰਦਾਰ ਜੀ. ਬੀ. ਸਿਘ ਦੀ ਵਰ੍ਹਿਆਂ-ਬੱਧੀ ਖੋਜ ਦਾ ਸਿੱਟਾ ਹੈ। ਪੰਜਾਬੀ ਵਿੱਚ ਇਹ ਆਪਣੇ ਵਿਸ਼ੇ ਦੀ ਸਭ ਤੋਂ ਪਹਿਲੀ ਪ੍ਰਮਾਣਿਕ ਪੁਸਤਕ ਹੈ। ਇਸ ਦੇ ਮਾਨਨੀਯ ਕਰਤਾ ਆਪਣੀ ਇਸ ਮਹਾਨ ਰਚਨਾ ਨੂੰ ਛਪੇ ਹੋਏ ਰੂਪ ਵਿੱਚ ਵੇਖਣ ਤੋਂ ਪਹਿਲਾਂ ਹੀ ਸਾਥੋਂ ਵਿਛੜ ਗਏ ਸਨ।

ਸਵਰਗਵਾਸੀ ਸਰਦਾਰ ਗੁਰਬਖਸ਼ ਸਿੰਘ ਜੀ ਦਾ ਜਨਮ ੧੮ ਫਰਵਰੀ, ਸੰਨ ੧੮੭੭ ਈ: ਨੂੰ ਜ਼ਿਲਾ ਗੁਜਰਾਂਵਾਲੇ ਦੇ ਇਕ ਪਿੰਡ, ਗਜਿਆਨਾ, ਵਿੱਚ ਸ: ਤੇਜਾ ਸਿੰਘ ਕਪੂਰ ਦੇ ਘਰ ਹੋਇਆ। ਬੀ.ਏ. ਪਾਸ ਕਰਨ ਮਗਰੋਂ ਟਾਮਸਨ ਇੰਜਨੀਅਰਿੰਗ ਕਾਲਜ,ਰੁੜਕੀ, ਦਾ ਕੋਰਸ ਪਾਸ ਕਰਦਿਆਂ ਹੀ ਆਪ ਸਰਕਾਰ ਹਿੰਦ ਦੀ ਟੈਲੀਗਰਾਫ਼ ਇੰਜਨੀਅਰਿੰਗ ਸਰਵਿਸ ਵਿੱਚ ਨੌਕਰ ਹੋ ਗਏ। ਪੜ੍ਹਾਈ-ਲਿਖਾਈ ਤੇ ਖੋਜ-ਪੜਤਾਲ ਦਾ ਅਮੁੱਕ ਸ਼ੌਕ ਤਾਂ ਅੱਗੇ ਹੀ ਸੀ। ਉੱਪਰੋਂ ਨੌਕਰੀ ਦੇ ਸੰਬੰਧ ਵਿੱਚ ਹਿੰਦੁਸਤਾਨ ਦੀ ਨੁੱਕਰ ਨੁੱਕਰ ਵਿੱਚ ਜਾਣ ਦਾ ਮੌਕਾ ਮਿਲਣ ਨਾਲ ਇਹ ਸ਼ੌਕ ਹੋਰ ਵੀ ਪਰਫੁੱਲਤ ਹੁੰਦਾ ਗਿਆ। ਨੌਕਰੀ ਦੇ ਵਿੱਚ ਹੀ ਉਹ ਆਪਣੇ ਵਿਹਲੇ ਸਮੇਂ ਵਿੱਚ ਸਿੱਖ ਧਰਮ, ਸਾਹਿੱਤ ਤੇ ਇਤਿਹਾਸ ਅਤੇ ਭਾਸ਼ਾ-ਵਿਗਿਆਨ, ਲਿਪੀ-ਵਿਕਾਸ ਤੇ ਫ਼ਲਸਫ਼ੇ ਦਾ ਗੰਭੀਰ ਅਧਿਯਨ ਕਰਦੇ ਰਹੇ। ੧੯੩੨ ਈ: ਵਿੱਚ ਡਾਇਰੈਕਟਰ, ਟੈਲੀਗਰਾਫ਼ ਇੰਜਨੀਅਰਿੰਗ, ਦੇ ਉੱਚ-ਅਹੁਦੇ ਤੋਂ ਰੀਟਾਇਰ ਹੋਣ ਤੇ ਆਪ ਮਾਡਲ ਟਾਊਨ, ਲਾਹੌਰ, ਵਿੱਚ ਰਹਿਣ ਲੱਗ ਪਏ ਤੇ ਉੱਥੇ ਵੀ ਆਪਣਾ ਮੁਤਾਲਿਆ ਜਾਰੀ ਰੱਖਿਆ ਅਤੇ ਕਈ ਪੁਸਤਕਾਂ ਤੇ ਲੇਖ ਪਰਕਾਸ਼ਤ ਕੀਤੇ। ੧੯੪੭ ਈ: ਦੀ ਗੜਬੜ ਪਿੱਛੋਂ ਉਹ ਆਪਣੇ ਸਪੁੱਤਰ, ਡਾ: ਹਰਬੰਸ ਸਿੰਘ ਕਪੂਰ, ਕੋਲ ਨੌਰਵਿੱਚ (ਇੰਗਲੈਂਡ) ਚਲੇ ਗਏ। ਪਰ ਅਜੇ ਮਸਾਂ ਟਿਕੇ ਹੀ ਸਨ ਕਿ ਅਚਾਨਕ ਮੌਤ ਨੇ ਆ ਦਬੋਚਿਆ ਅਤੇ ੩੦ ਜਨਵਰੀ, ੧੯੫੦ ਈ: ਨੂੰ ਉੱਥੇ ਹੀ ਕਾਲਵੱਸ ਹੋ ਗਏ।

ਸਰਦਾਰ ਜੀ. ਬੀ. ਸਿੰਘ ਇਕ ਰਸੇ ਹੋਏ ਵਿਦਵਾਨ, ਪ੍ਰਸਿੱਧ ਖੋਜੀ ਅਤੇ ਨਿਧੜਕ ਲਿਖਾਰੀ ਸਨ। ਹੱਥ-ਵਿਚਲੀ ਪੁਸਤਕ ਤੋਂ ਇਲਾਵਾ ਆਪ ਨੇ "ਜੀਵਨ ਭਗਤ ਨਾਮ ਦੇਵ" ਅੰਗਰੇਜ਼ੀ ਵਿੱਚ ਅਤੇ ਹੇਠ ਲਿਖੀਆਂ ਪੁਸਤਕਾਂ ਪੰਜਾਬੀ ਵਿੱਚ ਰਚੀਆਂ ਹਨ : ਧਾਰਮਕ ਸਮੀਕਸ਼ਾ ਬਾਰੇ ਛੇ ਪੁਸਤਕਾਂ (੧੯੪੦—੫ ਈ:) ਵੈਸ਼ਨਵ ਧਰਮ (੧੯੧੩ ਈ:), ਗੁਰਮੁਖੀ ਦੇ ਜਨਮ ਪੁਰ ਵਿਚਾਰ (੧੯੧੪ ਈ:), ਯੋਗ ਤੇ ਯੋਗੀ (੧੯੧੫ ਈ:) ਗੁਰੂ ਗ੍ਰੰਥ ਸਾਹਿਬ ਵਿੱਚ ਆਏ ਭਗਤ ਤੇ ਉਨ੍ਹਾਂ ਦੀ ਬਾਣੀ (ਟਰੈਕਟਾਂ ਵਿੱਚ) ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ (੧੯੪੪ ਈ:)। ਅੰਗ੍ਰੇਜ਼ੀ ਅਤੇ ਪੰਜਾਬੀ ਦੇ ਪ੍ਰਸਿੱਧ ਮਾਸਕ ਤੇ ਸਪਤਾਹਿਕ ਪੱਤਰਾਂ ਵਿੱਚ ਆਪ ਦੇ ਵੱਖੋ ਵੱਖਰੇ ਵਿਸ਼ਿਆਂ ਬਾਰੇ



Sri Satguru Jagjit Singh Ji Elibrary NamdhariElibrary@gmail.com

ਸਮੇਂ ਸਮੇਂ ਲਿਖੇ ਕਈ ਖੋਜ-ਪੂਰਤ ਲੇਖ ਵੀ ਮਿਲਦੇ ਹਨ ।

ਸਰਦਾਰ ਜੀ. ਬੀ. ਸਿੰਘ ਜੀ ਦੀ ਇਸ ਬਹੁ-ਪੱਖੀ ਵਿਦਵਤਾ ਅਤੇ ਭਾਸ਼ਾ-ਵਿਗਿਆਨ ਤੇ ਲਿਪੀ-ਵਿਕਾਸ ਬਾਰੇ ਉਚੇਰੀ ਯੋਗਤਾ ਨੂੰ ਮੁਖ ਰਖਦਿਆਂ, ਪੰਜਾਬ ਯੂਨੀਵਰਸਿਟੀ ਨੇ ੧੯੪੮ ਈ: ਵਿੱਚ ਉਨ੍ਹਾਂ ਨੂੰ ਇਹ ਪੁਸਤਕ ਲਿਖਣ ਲਈ ਆਖਿਆ । ਜਿਵੇਂ ਕਿ ਉੱਪਰ ਦੱਸਿਆ ਗਿਆ ਹੈ,ਇਹ ਪੁਸਤਕ ਉਨ੍ਹਾਂ ਦੀ ਵਰ੍ਹਿਆਂ-ਬੱਧੀ ਖੋਜ ਦਾ ਸਿੱਟਾ ਹੈ । ਲਗਨ ਤਾਂ ਇਸ ਵਿਸ਼ੇ ਬਾਰੇ ਪਹਿਲਾਂ ਤੋਂ ਹੀ ਸੀ । ਆਪਣੀਆਂ ਮੁੱਢਲੀਆਂ ਖੋਜਾਂ ੧੯੧੪ ਈ: ਵਿੱਚ 'ਗੁਰਮੁਖੀ ਦੇ ਜਨਮ ਪੁਰ ਵਿਚਾਰ' ਨਾਂ ਦੇ ਇਕ ਟਰੈਕਟ ਵਿੱਚ ਪਰਕਾਸ਼ਤ ਕਰ ਚੁਕੇ ਸਨ । ਹੁਣ ਯੂਨੀਵਰਸਿਟੀ ਦੀ ਮੰਗ ਅਨੁਸਾਰ ਆਪਣੀਆਂ ਨਵੀਨ ਖੋਜਾਂ ਨੂੰ ਇਸ ਪੁਸਤਕ ਵਿੱਚ ਸੰਕਲਤ ਕਰਨ ਦਾ ਯਤਨ ਆਰੰਭ ਦਿੱਤਾ । ਉਨ੍ਹਾਂ ਦੀ ਇਸ ਯਾਦਗਾਰੀ ਰਚਨਾ ਲਈ ਖ਼ਰਚ ਕੀਤੀ ਮਿਹਨਤ, ਮਾਇਆ ਤੇ ਮਗਜ਼-ਮਾਰੀ ਦਾ ਅੰਦਾਜ਼ਾ ਕੇਵਲ ਇਸ ਦੀਆਂ ਪਲੇਟਾਂ ਤੋਂ ਹੀ ਲਾਇਆ ਜਾ ਸਕਦਾ ਹੈ, ਜਿਨ੍ਹਾਂ ਬਾਰੇ ਆਪਣੀ ਇਕ ਚਿੱਠੀ ਵਿੱਚ ਉਨ੍ਹਾਂ ਨੇ ਲਿਖਿਆ ਸੀ :—"ਇਨ੍ਹਾਂ ਪਲੇਟਾਂ ਦੀ ਤਿਆਰੀ ਇੱਕ ਬੜੀ ਸਖ਼ਤ ਤੇ ਲੱਕ-ਤੋੜਵੀਂ ਮੁਸ਼ੱਕਤ ਦਾ ਕੰਮ ਸੀ । ਕਈ ਵਾਰੀ ਤਾਂ ਕੇਵਲ ਇੱਕੋ ਪਲੇਟ ਲਈ ਹਫ਼ਤਿਆਂ-ਬੱਧੀ ਮੁਤਾਲਿਆ ਤੇ ਤਿਆਰੀ ਕਰਨੀ ਪਈ ਹੈ ।"

ਅੰਤ ਵਿਚ ਜਿੱਥੇ ਅਸੀਂ ਸਵਰਗਵਾਸੀ ਸਰਦਾਰ ਜੀ. ਬੀ. ਸਿੰਘ ਦਾ ਧੰਨਵਾਦ ਕਰਦੇ ਹਾਂ ਉੱਥੇ ਸ: ਬ: ਭਾਈ ਜੋਧ ਸਿੰਘ ਜੀ ਐਮ. ਏ. ਪ੍ਰਿੰਸੀਪਲ, ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਵੀ ਰਿਣੀ ਹਾਂ ਜਿਨ੍ਹਾਂ ਨੇ ਇਸ ਨੂੰ ਸੰਪਾਦਨ ਕਰਨ ਵਿੱਚ ਬੜੀਆਂ ਹੀ ਨਿੱਗਰ ਸਲਾਹਵਾਂ ਦਿੱਤੀਆਂ ਹਨ ਅਤੇ ਜਿਨ੍ਹਾਂ ਦੇ ਉਚੇਚੇ ਉੱਦਮ ਤੇ ਅਗਵਾਈ ਹੇਠ ਇਸ ਪੁਸਤਕ ਦੀ ਛਪਵਾਈ ਹੋਈ ਹੈ।

## ਦੂਜੇ ਸੰਸਕਰਣ ਬਾਰੇ

ਗੁਰਮੁਖੀ ਲਿਪੀ ਬਾਰੇ ਸ: ਜੀ. ਬੀ. ਸਿੰਘ ਦੀ ਇਸ ਮਹਾਨ ਰਚਨਾ ਦੀ ਵਿਦਵਾਨਾਂ ਅਤੇ ਖੋਜ-ਵਿਦਿਆਰਥੀਆਂ ਨੇ ਬਹੁਤ ਸ਼ਲਾਘਾ ਕੀਤੀ ਹੈ । ਇਹ ਇਕ ਅਦੁੱਤੀ ਦੇਣ ਹੈ । ਮੈਨੂੰ ਆਸ ਹੈ, ਪੰਜਾਬੀ ਬੋਲੀ ਅਤੇ ਸਾਹਿੱਤ ਦੇ ਵਿਦਿਆਰਥੀ ਇਸ ਨੂੰ ਅਮੋਲਕ ਦੇਆ ਸਮਝਦੇ ਹੋਏ ਸਦਾ ਸਤਕਾਰਦੇ ਰਹਿਣਗੇ । ਇਸ ਪੁਸਤਕ ਬਾਰੇ ਉਨ੍ਹਾਂ ਦੀ ਮੰਗ ਜਾਰੀ ਹੈ । ਇਸ ਮੰਗ ਨੂੰ ਮੁਖ ਰਖਦਿਆਂ ਪੰਜਾਬ ਯੂਨੀਵਰਸਿਟੀ ਨੇ ਇਸ ਦਾ ਦੂਜਾ ਸੰਸਕਰਣ ਪ੍ਰਕਾਸ਼ਤ ਕੀਤਾ ਹੈ ਤਾਂ ਜੋ ਵਧ ਤੋਂ ਵਧ ਵਿਦਵਾਨ, ਖੋਜੀ ਅਤੇ ਵਿਦਿਆਰਥੀ ਇਸ ਤੋਂ ਲਾਭ ਉਠਾ ਸਕਣ ।

**ਸਕੱਤਰ**

ਪਬਲੀਕੇਸ਼ਨ ਬਿਊਰੋ

# ਲੇਖ-ਸੂਚੀ

ਪ੍ਰਸਤਾਵਨਾ

## ਭਾਗ ਪਹਿਲਾ

੧. ਭਾਰਤ ਵਿੱਚ ਲਿਖਣ ਦਾ ਹੁਨਰ ... ੧੫
੨. ਸਿੰਧੂ-ਸਭਿਅਤਾ ਦਾ ਮੇਲ ਪੁਰਾਣੇ ਸਾਮਗੀ ਲੋਕਾਂ ਨਾਲ ... ੨੩
੩. ਭਾਰਤ ਦਾ ਬੈਬੀਲੋਨ ਨਾਲ ਵਪਾਰ ... ੨੯
੪. ਖਰੋਸ਼ਠੀ ਲਿਪੀ ਦੇ ਲਿਆਉਣ ਵਾਲੇ ਮੱਧ-
ਏਸ਼ੀਆ ਦੇ ਵਪਾਰੀ ... ੩੩
੫. ਮਿਸਰ ਅਤੇ ਸ਼ਾਮੀ ਦੇਸ਼ਾਂ ਦੀਆਂ ਲਿਪੀਆਂ ... ੩੬
੬. ਅਰਮਾਈਅਨ ਜਾਂ ਅਰਮਾਇਕ ਲਿਪੀ ... ੪੧

## ਭਾਗ ਦੂਜਾ

੭. ਬਾਹਰੋਂ ਆਏ ਵਿਸ਼ੇਸ਼ ਅੱਖਰ ... ੫੧
੮. ਬ੍ਰਹਮੀ ਲਿਪੀ ਦਾ ਵਿਕਾਸ ... ੫੬
੯. ਗੁਰਮੁਖੀ ਲਿਪੀ ... ੬੦
੧੦. ਅਲ-ਬੇਰੂਨੀ ਦੇ ਵੇਲੇ ਪਰਚੱਲਤ ਲਿਪੀਆਂ ... ੬੨
੧੧. ਪੰਜਾਬ ਵਿੱਚ ਪਰਚੱਲਤ ਲਿਪੀਆਂ ਦਾ ਆਪੋ ਵਿੱਚ ਟਾਕਰਾ ... ੭੧
੧੨. ਗੁਰਮੁਖੀ ਦਾ ਟਾਕਰਾ ਪਰਾਚੀਨ ਹਿੰਦੀ ਲਿਪੀਆਂ ਨਾਲ ... ੭੫
੧੩. ਗੁਰਮੁਖੀ ਵਰਤਮਾਨ ਦੇਵਨਾਗਰੀ ਨਾਲੋਂ ਪੁਰਾਣੀ ਹੈ ... ੭੭
੧੪. ਗੁਰਮੁਖੀ ਵਰਣਮਾਲਾ ਵਿੱਚ ਅੱਖਰਾਂ ਦਾ ਪੰਕਤੀ-ਕ੍ਰਮ ... ੭੮
੧੫. ਪੰਜਾਬ ਦੇ ਵਪਾਰੀ ਅੱਖਰ ... ੭੯
੧੬. ਗੁਰਮੁਖੀ ਦੇ ਸੁਰ-ਚਿੰਨ੍ਹ ਜਾਂ ਲਗਾਂ ... ੮੨
੧੭. ਵਿਸਰਾਮ ਚਿੰਨ੍ਹ ... ੮੬
੧੮. ਹਿੰਦਸੇ ਜਾਂ ਅੰਕ ਗੁਰਮੁਖੀ ਅੱਖਰਾਂ ਤੋਂ ਬਣੇ ... ੮੯
੧੯. ਪੰਜਾਬ ਦੇ ਮੈਦਾਨੀ ਇਲਾਕੇ ਵਿੱਚ ਪਰਚੱਲਤ ਪੁਰਾਣੀ ਲਿਪੀ ... ੯੪
੨੦. ਪੰਜਾਬ ਵਿੱਚ ਪੁਰਾਣੇ ਲੇਖਾਂ, ਪੁਸਤਕਾਂ ਦੀ ਅਣਹੋਂਦ
ਅਤੇ ਉਸ ਦੇ ਕਾਰਨ ... ੧੦੧



Sri Satguru Jagjit Singh Ji Elibrary NamdhariElibrary@gmail.com

੨੧. ਗੁਰਮੁਖੀ ਵਰਣਮਾਲਾ ਪੁਰਾਣੀ ਹੈ ... ੧੦੪
੨੨. ਗੁਰੂ ਅੰਗਦ ਦੇਵ ਜੀ ਦੇ 'ਗੁਰਮੁਖੀ' ਬਣਾਣ ਦੀ ਰਵਾਇਤ ਕਿਵੇਂ ਟੁਰੀ ? ... ੧੦੯
੨੩. ਵਰਣਮਾਲਾ ਦਾ ਨਾਂ ਗੁਰਮੁਖੀ ਕਿਵੇਂ ਤੇ ਕਦੋਂ ਪਿਆ ? ... ੧੧੧
੨੪. ਗੁਰ-ਉਪਕਾਰ ... ੧੧੩
੨੫. ਗੁਰਮੁਖੀ ਲਿਖਤ ਸਤਾਰ੍ਹਵੀਂ ਸਦੀ ਤੋਂ ਹੁਣ ਤਕ ... ੧੧੬
੨੬. ਗੁਰਮੁਖੀ ਵਰਣਮਾਲਾ ਦਾ ਉਧਾਰ ... ੧੧੭

## ਖਿਲਾਂ

ਖਿਲ ੧. ਸ਼ੋਰਕੋਟ ਦੀਆਂ ਅੱਖਰਾਂ ਵਾਲੀਆਂ ਇੱਟਾਂ ਅਤੇ ਰਾਜਾ ਦੇਵਜਾਰੀਤ ਦਾ ਸਿੱਕਾ ... ੧੧੯
ਖਿਲ ੨. ਕਾਗਜ਼, ਸਿਆਹੀ ਤੇ ਛਾਪਾ ... ੧੨੪
ਖਿਲ ੩. ਸ਼ਬਦ-ਮੂਲਕ ਲਿਪੀ ਦੇ ਬਣਾਣ ਵਾਲੇ ਫ਼ਿਨੀਸ਼ਨ ਲੋਕ ... ੧੨੬
ਖਿਲ ੪. ਗੁਰਮੁਖੀ ਦੀਆਂ ਪ੍ਰਾਚੀਨ ਲਿਖਤਾਂ ... ੧੩੦

## ਪਲੇਟਾਂ

I. ਮੋਹੇਨ-ਜੋ-ਦਾਰੋ ਦੀ ਮੂਰਤੀਮਾਨ ਲਿਪੀ ... ੧੩੫
II. ਮਿਸਰ, ਕਰੀਟ ਦੀਪ ਤੇ ਹਿੱਤੀ ਲੋਕਾਂ ਦੀਆਂ ਮੂਰਤੀਮਾਨ ਲਿਪੀਆਂ ... ੧੩੬
III. ਖ਼ਰੋਸ਼ਠੀ ਅਤੇ ਬ੍ਰਹਮੀ ਲਿਪੀ ਵਿੱਚ ਲੇਖ ... ੧੩੭
IV. ਸਮ੍ਰਾਟ ਅਸ਼ੋਕ ਦਾ ਸ਼ਿਲਾ ਲੇਖ, ਮਹਾਰਾਜ ਹਰਸ਼ ਦਾ ਹਸਤਾਖਰ ਅਤੇ ਗੁਪਤਾ ਲਿਪੀ। ... ੧੩੮
V. ਸ਼ਾਮੀ ਦੇਸ਼ਾਂ ਅਤੇ ਰੂਮ ਸਾਗਰ ਦੇ ਆਸ ਪਾਸ ਦੇ ਦੇਸ਼ਾਂ ਦਾ ਨਕਸ਼ਾ। ... ੧੩੯
VI. ਪੁਰਾਣੀ ਯੂਨਾਨੀ, ਪੁਰਾਣੀ ਲਾਤੀਨੀ, ਬ੍ਰਹਮੀ ਅਤੇ ਫ਼ਿਨਿਕੀ ਲਿਪੀਆਂ ਦਾ ਟਾਕਰਾ। ... ੧੪੦
VII. ਸੰਸਕ੍ਰਿਤ, ਝੰਦ, ਪਹਿਲਵੀ, ਫ਼ਾਰਸੀ, ਖਰੋਸ਼ਠੀ ਤੇ ਅਰਮਾਈ ਲਿਪੀਆਂ। (ੳ) ... ੧੪੧
VIII. ਸੰਸਕ੍ਰਿਤ, ਝੰਦ, ਪਹਿਲਵੀ, ਫ਼ਾਰਸੀ, ਖਰੋਸ਼ਠੀ ਅਤੇ ਅਰਮਾਈ ਲਿਪੀਆਂ। (ਅ) ... ੧੪੨
IX. ਯੂਨਾਨੀ, ਮਿਸਰੀ, ਫ਼ਿਨਿਕੀ, ਕਰੀਟ, ਲਿਡੀਆ ਤੇ ਸ਼ਾਮੀ ਲਿਪੀਆਂ ਦੇ ਮੂਲ-ਰੂਪ। ... ੧੪੩

X. ਸ਼ਾਮੀ ਲਿਪੀਆਂ ਦਾ ਮੁਖ ਸੋਮਾ ਅਤੇ "ਹਲ ਦੀ ਲੀਕ" ਪਿਛੇ ਲਿਖਿਆ ਯੂਨਾਨੀ ਸ਼ਿਲਾਲੇਖ । ... ੧੪੪
XI. ਰੂਮ ਸਾਗਰ ਦੇ ਆਸ ਪਾਸ ਪ੍ਰਚਲਿਤ ਪ੍ਰਾਚੀਨ ਲਿਪੀਆਂ ... ੧੪੫
XII. ਫ਼ਿਨਿਕੀ, ਬ੍ਰਹਮੀ ਤੇ ਪੁਰਾਣੀ ਤਾਮਿਲ ਲਿਪੀ ... ੧੪੬
XIII. ਯੂਨਾਨੀ ਤੇ ਅਰਬੀ ਲਿਪੀਆਂ ਦਾ ਟਾਕਰਾ ... ੧੪੭
XIV. ਭਾਰਤ ਦੀਆਂ ਲਿਪੀਆਂ ਦਾ ਟਾਕਰਾ (ਸਰਸਰੀ ਨਜ਼ਰੇ) ... ੧੪੮
XV. ਭਾਰਤ ਦੀਆਂ ਲਿਪੀਆਂ ਦੇ ਆਪਸੀ ਸੰਬੰਧ (ਇਕ ਬ੍ਰਿਛ ਦੇ ਰੂਪ ਵਿੱਚ) ... ੧੪੯
XVI. ਅਰਬੀ, ਅਬਜਦ, ਫ਼ਿਨਿਕੀ ਤੇ ਯੂਨਾਨੀ ਲਿਪੀਆਂ ਦਾ ਟਾਕਰਾ ... ੧੫੦
XVII. ਗੁਜਰਾਂਵਾਲਾ, ਉੱਚੀ, ਹੁਕਮਨਾਮੇ, ਭੱਟਛਰੀ ਤੇ ਗੁਰਮੁਖੀ ਦੀਆਂ ਵੰਨਗੀਆਂ । (ੳ) ... ੧੫੧
XVIII. ਗੁਜਰਾਂਵਾਲਾ, ਉੱਚੀ, ਹੁਕਮਨਾਮੇ, ਭੱਟਛਰੀ ਤੇ ਗੁਰਮੁਖੀ ਦੀਆਂ ਵੰਨਗੀਆਂ । (ਅ) ... ੧੫੨
XIX. ਪੰਜਾਬ ਦੀਆਂ ਲਿਪੀਆਂ ਦਾ ਆਪੋ ਵਿੱਚ ਟਾਕਰਾ । (ੳ) ... ੧੫੩
XX. ਪੰਜਾਬ ਦੀਆਂ ਲਿਪੀਆਂ ਦਾ ਆਪੋ ਵਿੱਚ ਟਾਕਰਾ । (ਅ) ... ੧੫੪
XXI. ਪੰਜਾਬ ਦੀਆਂ ਲਿਪੀਆਂ ਦਾ ਆਪੋ ਵਿੱਚ ਟਾਕਰਾ । (ੲ) ... ੧੫੫
XXII. ਪੰਜਾਬ ਦੀਆਂ ਲਿਪੀਆਂ ਦਾ ਆਪੋ ਵਿੱਚ ਟਾਕਰਾ । (ਸ) ... ੧੫੬
XXIII ਗੁਰਮੁਖੀ ਅੱਖਰਾਂ ਦਾ ਵਿਕਾਸ । (ੳ) ... ੧੫੭
XXIV. ਗੁਰਮੁਖੀ ਅੱਖਰਾਂ ਦਾ ਵਿਕਾਸ । (ਅ) ... ੧੫੮
XXV. ਗੁਰਮੁਖੀ ਅੱਖਰਾਂ ਦਾ ਵਿਕਾਸ । (ੲ) ... ੧੫੯
XXVI. ਗੁਰਮੁਖੀ ਸੂਰ-ਚਿੰਨ੍ਹਾਂ ਦਾ ਵਿਕਾਸ । (ੳ) ... ੧੬੦
XXVII. ਗੁਰਮੁਖੀ ਸੂਰ-ਚਿੰਨ੍ਹਾਂ ਦਾ ਵਿਕਾਸ । (ਅ) ... ੧੬੧
XXVIII. ਲੰਡੇ, ਮਹਾਜਨੀ ਤੇ ਸਰਾਫ਼ੀ ਅੱਖਰ ... ੧੬੨
XXIX. ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹੁਕਮਨਾਮਾ (ਢਾਕੇ ਦੀ ਸੰਗਤ ਵਲ) ... ੧੬੩
XXX. ਗੁਰੂ ਤੇਗ਼ ਬਹਾਦਰ ਸਾਹਿਬ ਦਾ ਹੁਕਮਨਾਮਾ (ਪਟਨੇ ਦੀ ਸੰਗਤ ਵਲ) ... ੧੬੪
XXXI. ਗੁਰੂ ਅਰਜਨ ਦੇਵ ਸਾਹਿਬ, ਗੁਰੂ ਹਰਿ ਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਦੇ ਨੀਸਾਣ ... ੧੬੫
XXXII. ਗੁਰਮੁਖੀ ਹਿੰਦਸਿਆਂ ਦਾ ਨਿਕਾਸ । (ਪੁਰਾਣੇ ਅੱਖਰਾਂ ਤੋਂ) ... ੧੬੬

Sri Satguru Jagjit Singh Ji Elibrary NamdhariElibrary@gmail.com

| | | |
|---|---|---|
| XXXIII. | ਹਨੂਰ ਵਿੱਚ ਰਾਏ ਫਿਰੋਜ਼ ਦੇ ਮਕਬਰੇ ਦਾ ਸ਼ਿਲਾ-ਲੇਖ | ... ੧੬੭ |
| XXXIV. | ਰਾਏ ਫਿਰੋਜ਼ ਦੇ ਮਕਬਰੇ ਦਾ ਨਕਸ਼ਾ | ... ੧੬੮ |
| XXXV. | ਰਾਜਾ ਦੇਵਜਾਗੀਤ ਦਾ ਸਿੱਕਾ ਅਤੇ ਸ਼ੇਰਕੋਟ ਦੇ ਖੰਡਰਾਂ ਦੀਆਂ ਅੱਖਰਾਂ ਵਾਲੀਆਂ ਇੱਟਾਂ । | ... ੧੬੯ |
| XXXVI. | ਕਰਤਾਰਪੁਰ ਵਾਲੀ ਬੀੜ ਦੇ ਅੱਖਰ | ... ੧੭੦ |
| XXXVII. | ਸੋਲ੍ਹਵੀਂ ਤੇ ਸਤਾਰ੍ਹਵੀਂ ਸਦੀ ਵਿੱਚ ਗੁਰਮੁਖੀ ਅੱਖਰ, ਹਿੰਦਸੇ ਤੇ ਸੁਰ-ਚਿੰਨ੍ਹ । | ... ੧੭੧ |


Sri Satguru Jagjit Singh Ji Elibrary NamdhariElibrary@gmail.com

# ਪ੍ਰਸਤਾਵਨਾ

ਪੰਜਾਬ ਦੇ ਵਿਚਲੇ ਹਿੱਸੇ ਵਿੱਚ ਜਿਨ੍ਹਾਂ ਦੇਸੀ ਅੱਖਰਾਂ ਦਾ ਸਭ ਤੋਂ ਵਧੀਕ ਪਰਚਾਰ ਹੈ, ਉਹ ਗੁਰਮੁਖੀ ਅੱਖਰ ਹਨ । ਪੰਜਾਬੀ ਬੋਲੀ ਵਿੱਚ ਲਿਖੇ ਬਾਹਲੇ ਪੁਸਤਕ ਇਨ੍ਹਾਂ ਅੱਖਰਾਂ ਵਿੱਚ ਹੀ ਹੁੰਦੇ ਹਨ ਅਤੇ ਪੰਜਾਬੀ ਬੋਲੀ ਲਈ ਇਹ ਅੱਖਰ ਠੀਕ ਵੀ ਹਨ । ਏਸੇ ਸਬੱਬ ਕਰਕੇ ਇਨ੍ਹਾਂ ਨੂੰ 'ਪੰਜਾਬੀ ਅੱਖਰ' ਅਤੇ 'ਪੰਜਾਬੀ ਵਰਣਮਾਲਾ' ਵੀ ਸੱਦਦੇ ਹਨ ।

ਕਈ ਸਿੱਖ ਇਨ੍ਹਾਂ ਅੱਖਰਾਂ ਨੂੰ ਪਵਿੱਤਰ ਸਮਝਦੇ ਹਨ, ਕਿਉਂ ਜੋ ਓਹਨਾਂ ਦੇ ਧਰਮ ਪੁਸਤਕ ਤੇ ਇਤਿਹਾਸ ਵਗੈਰਾ ਸਭ ਇਨ੍ਹਾਂ ਅੱਖਰਾਂ ਵਿੱਚ ਹੀ ਲਿਖੇ ਗਏ ਹਨ । ਜਿੱਥੇ ਕਿਤੇ ਸਿੱਖ ਗਏ ਹਨ, ਇਹ ਅੱਖਰ ਨਾਲ ਲੈ ਗਏ ਹਨ । ਬਹੁਤ ਸਾਰੇ ਸਿੰਧੀ ਹਿੰਦੂ ਵੀ ਇਨ੍ਹਾਂ ਨੂੰ ਪਵਿੱਤਰ ਸਮਝਦੇ ਹਨ । ਸਾਡੀਆਂ ਇਸਤਰੀਆਂ ਵਿੱਚ ਵੀ ਇਨ੍ਹਾਂ ਦਾ ਬਹੁਤ ਰਿਵਾਜ ਹੈ । ਇਨ੍ਹਾਂ ਦੇ ਰਸਤੇ ਵਿੱਚ ਕਈ ਇਕ ਰੁਕਾਵਟਾਂ ਹੋਣ ਕਰਕੇ ਇਨ੍ਹਾਂ ਦਾ ਪਰਚਾਰ ਏਡਾ ਜਲਦੀ ਜਲਦੀ ਤਾਂ ਨਹੀਂ ਸੀ ਹੋ ਰਿਹਾ ਜੇਡਾ ਚਾਹੀਦਾ ਸੀ, ਪਰ ਤਾਂ ਵੀ ਉਰਦੂ ਅੱਖਰਾਂ ਦਾ ਗੁਰਮੁਖੀ ਲਿਪੀ ਖ਼ਾਸਾ ਟਾਕਰਾ ਕਰ ਰਹੀ ਸੀ । ਹੁਣ ਕੁਝ ਮੁਸ਼ਕਲਾਂ ਹਟ ਗਈਆਂ ਹਨ, ਨਾਲੇ ਹਿੰਦੂ ਸਿਖ ਵਸੋਂ ਪੂਰਬੀ ਪੰਜਾਬ ਵਿੱਚ ਸੰਘਣੀ ਹੋ ਗਈ ਹੈ, ਸੋ ਇਨ੍ਹਾਂ ਅੱਖਰਾਂ ਦੀ ਵਰਤੋਂ ਦੇ ਵਧਣ ਫੁਲਣ ਲਈ ਮੈਦਾਨ ਖੁੱਲ੍ਹਾ ਹੋ ਗਿਆ ਹੈ ।

ਮੈਨੂੰ ਚਿਰ ਤੋਂ ਇਨ੍ਹਾਂ ਅੱਖਰਾਂ ਦੇ ਮੁੱਢ ਦੀ ਭਾਲ ਰਹੀ ਹੈ । ਸੰਨ ੧੯੦੩ ਈ: ਵਿੱਚ ਮੈਂ ਨਾਗਪੁਰ ਦੇ ਅਜਾਇਬ-ਘਰ ਵਿੱਚ ਕੁਝ ਸ਼ਿਲਾ-ਲੇਖ ਤਮਾਸ਼ਬੀਨਾਂ ਵਾਂਗ ਵੇਖ ਰਿਹਾ ਸਾਂ । ਅਜਾਇਬ-ਘਰ ਦੇ ਕਿਊਰੇਟਰ, ਪੰਡਤ ਹੀਰਾ ਨੰਦ ਜੀ ਸ਼ਾਸਤ੍ਰੀ ਐਮ. ਏ., ਮੇਰੇ ਨਾਲ ਸਨ । ਇਕ ਸਿਲਾ-ਲੇਖ ਵਿੱਚ ਕੁਝ ਅੱਖਰ 'ਘ', 'ਬ' ਆਦਿ ਗੁਰਮੁਖੀ ਅੱਖਰਾਂ ਨਾਲ ਮਿਲਦੇ ਮੇਰੀ ਨਜ਼ਰੀਂ ਪਏ । ਮੇਰੇ ਪੁੱਛਣ ਤੇ ਸ਼ਾਸਤ੍ਰੀ ਜੀ ਨੇ ਦੱਸਿਆ ਕਿ ਓਹ ਅੱਖਰ 'ਘ' ਅਤੇ 'ਬ' ਹੀ ਹਨ ਅਤੇ ਓਹ ਲੇਖ ਯਾਹਰਵੀਂ ਬਾਹਰਵੀਂ ਸਦੀ ਈਸਵੀ ਦਾ ਹੈ, ਅਤੇ ਨਾਗਪੁਰ ਤੋਂ ਡੇਢ ਦੋ ਸੌ ਮੀਲ ਦੱਖਣ ਵੱਲ ਕਿਸੇ ਪੁਰਾਣੇ ਮੰਦਰ ਦੇ ਖੋਲਿਆਂ ਵਿਚੋਂ ਮਿਲਿਆ ਹੈ । ਬੜੀ ਹੈਰਾਨੀ ਹੋਈ । ਅੱਗੇ ਮੇਰੇ ਦਿਲ ਵਿੱਚ ਇਹ ਸ਼ੰਕਾ ਉਠਿਆ ਕਰਦੀ ਸੀ ਕਿ ਗੁਰਮੁਖੀ ਅੱਖਰਾਂ ਦੀਆਂ ਜੋ ਸ਼ਕਲਾਂ 'ਨਾਗਰੀ' ਅੱਖਰਾਂ ਨਾਲ ਨਹੀਂ ਮਿਲਦੀਆਂ, ਓਹ ਓਹਨਾਂ ਤੋਂ ਅੱਡ ਕਿਉਂ ਹਨ ਅਤੇ ਕਿਸ ਤਰ੍ਹਾਂ ਬਣ ਗਈਆਂ ਹਨ । ਹੁਣ ਓਹਨਾਂ ਵਿਚੋਂ ਹੀ ਕੁਝ ਸ਼ਕਲਾਂ ਹਜ਼ਾਰਾਂ ਮੀਲ ਦੂਰ ਥਾਵਾਂ ਵਿੱਚ ਅੱਠ ਨੌਂ ਸੌ ਵਰ੍ਹਾ ਪਿੱਛੋਂ ਦੇ ਲਿਖੇ ਲੇਖਾਂ ਵਿੱਚ ਵੇਖ ਕੇ ਓਹਨਾਂ ਦੀ ਅਸਲ ਢੂੰਡ ਕੱਢਣ ਦਾ ਸਵਾਲ ਮੇਰੇ ਲਈ ਇਕ ਧੁਨ ਬਣ ਗਿਆ । ਸ਼ਾਸਤ੍ਰੀ ਜੀ ਨੇ ਇਸ ਖੋਜ ਵਿਚ ਮੇਰੀ ਸਹਾਇਤਾ ਕੀਤੀ; ਬਹੁਤ ਸਾਰੀਆਂ ਲਿਪੀਆਂ, ਜੋ



Sri Satguru Jagjit Singh Ji Elibrary NamdhariElibrary@gmail.com

ਉਹਨਾਂ ਨੇ ਆਪਣੇ ਕੰਮ ਵਿੱਚ ਵਰਤਣ ਲਈ ਇਕੱਠੀਆਂ ਕੀਤੀਆਂ ਹੋਈਆਂ ਸਨ, ਮੈਨੂੰ ਦਿੱਤੀਆਂ ਅਤੇ ਥੋੜ੍ਹਾ ਚਿਰ ਪਿਛੋਂ ਪੰਡਤ ਗੌਰੀ ਸ਼ੰਕਰ ਜੀ ਓਝਾ ਦੀ ਕਿਤਾਬ 'ਪ੍ਰਾਚੀਨ ਲਿਪਿ ਮਾਲਾ' ਵੀ ਮੰਗਵਾ ਦਿੱਤੀ। ਇਸ ਪੋਥੀ ਵਿੱਚ ਸੌ ਤੋਂ ਉੱਪਰ ਲਿਪੀਆਂ ਦਿੱਤੀਆਂ ਸਨ, ਜੋ ਪੁਰਾਣੇ ਸਿਲਾ-ਲੇਖਾਂ, ਦਾਨ-ਪੱਤਰਾਂ ਆਦਿ ਤੋਂ ਤਿਆਰ ਕੀਤੀਆਂ ਗਈਆਂ ਸਨ। ਅੰਨ੍ਹੇ ਨੂੰ ਕੀ ਚਾਹੀਏ? ਦੋ ਅੱਖਾਂ। ਇਤਨੀ ਸਾਮਗਰੀ ਪਾ ਕੇ, ਮੇਰੇ ਆਪਣੇ ਲਈ ਦਿਲ ਦੀ ਅਚਵੀਂ ਮਿਟਾਣ ਲਈ ਕੋਈ ਮੁਸ਼ਕਲ ਨਾਂਹ ਰਹੀ। ਰਾਤ ਦਿਨ ਮਿਹਨਤ ਕਰ ਕੇ ਮੈਂ ਨਤੀਜੇ ਪੁਰ ਪਹੁੰਚ ਗਿਆ। 'ਖਾਲਸਾ ਐਡਵੋਕੇਟ'ਅਖਬਾਰ ਤੇ 'ਖਾਲਸਾ ਯੰਗ ਮੈਨਸ ਮੈਗਜ਼ੀਨ' ਵਿੱਚ ਲੇਖ ਲਿਖੇ ਅਤੇ ਨੌਕਰੀ ਦੇ ਸੰਬੰਧ ਵਿੱਚ ਜਿਥੇ ਮੈਂ ਸਾਂ, ਉਥੋਂ ਦੀ ਲਿਟਰੇਰੀ ਲੀਗ ਵਿੱਚ ਵੀ ਲੇਖ ਪੜ੍ਹੇ। ਛੇਕੜ ਜਦ ਮੈਂ ਸ਼ੁਰੂ ੧੯੧੪ ਈ: ਵਿੱਚ ਘਰ ਛੁੱਟੀ ਆਇਆ, ਤਦ ਆਪਣੀ ਖੋਜ ਨੂੰ ਇਕ ਰਿਸਾਲੇ ਦੀ ਸ਼ਕਲ ਵਿੱਚ ਛਾਪ ਦਿੱਤਾ।

ਰਿਸਾਲਾ ਛਾਪਣ ਤੋਂ ਪਿਛੋਂ ਵੀ ਖੋਜ ਬੰਦ ਨਹੀਂ ਕਰ ਦਿੱਤੀ ਗਈ। ਕਈ ਇਕ ਨਵੇਂ ਸਵਾਲ ਜੋ ਪੈਦਾ ਹੋ ਗਏ ਸਨ, ਉਹਨਾਂ ਦੇ ਜਵਾਬ ਢੂੰਡਣ ਵਿੱਚ ਲਗਾ ਰਿਹਾ; ਅਤੇ ਹੁਣ ਮੈਂ ਦਿਲ ਦੀ ਤਸੱਲੀ ਨਾਲ ਕਹਿ ਸਕਦਾ ਹਾਂ ਕਿ ਉਹਨਾਂ ਸਾਰੇ ਸਵਾਲਾਂ ਦੇ ਜਵਾਬ ਮੈਨੂੰ ਮਿਲ ਗਏ ਹਨ।

ਆਪਣੀ ਖੋਜ ਦਾ ਸਿੱਟਾ ਮੈਂ ਇਸ ਕਿਤਾਬ ਵਿੱਚ ਪੇਸ਼ ਕਰਦਾ ਹਾਂ। ਇਹ ਅੱਖਰ, ਜਿਨ੍ਹਾਂ ਨੂੰ ਅੱਜ ਕਲ੍ਹ 'ਗੁਰਮੁਖੀ' ਨਾਮ ਦਿੱਤਾਂ ਜਾਂਦਾ ਹੈ, ਅਸਲ ਵਿੱਚ ਬਹੁਤ ਪੁਰਾਣੇ ਹਨ। ਬਾਹਰਵੀਂ ਤੇਹਰਵੀ ਸਦੀ ਤੋਂ ਇਹ ਮਾਲਵੇ, ਮਾਝੇ ਤੇ ਸਾਂਦਲ ਬਾਰ ਅਤੇ ਦੁਆਬਾ ਤੇ ਮੈਨ-ਦੁਆਬ ਦੇ ਉੱਤਰੀ ਭਾਗ ਵਿੱਚ ਵਰਤੀਂਦੇ ਚਲੇ ਆਏ ਹਨ। ਜਿਵੇਂ ਕਸ਼ਮੀਰ ਵਿੱਚ 'ਸਾਰਦਾ' ਅਤੇ ਡੋਗਰ ਦੇਸ਼ ਤੋਂ ਲੈ ਕੇ ਕਾਲਕਾ ਦੇ ਪਾਸ ਪਿੰਜੌਰ ਤਕ ਪਹਾੜ ਪਹਾੜ ਵਿੱਚ 'ਟਾਕਰੀ' ਅੱਖਰਾਂ ਦਾ ਰਿਵਾਜ ਸੀ, ਤਿਵੇਂ ਹੀ ਪੰਜਾਬ ਦੇ ਮੈਦਾਨਾਂ ਵਿਚ 'ਗੁਰਮੁਖੀ' ਅੱਖਰਾਂ ਦਾ ਸੀ। ਇਨ੍ਹਾਂ ਅੱਖਰਾਂ ਦੇ ਬਣਾਣ ਵਾਲੇ ਪੰਜਾਬ ਦੇ ਹਿੰਦੂ ਵਪਾਰੀ ਅਤੇ ਉਹਨਾਂ ਦਾ ਪੜ੍ਹਿਆ-ਲਿਖਿਆ ਤਬਕਾ ਸੀ। ਇਸ ਦੇ ਨਾਂ, 'ਗੁਰ-ਮੁਖੀ', ਤੋਂ ਸਿਵਾ ਸਿੱਖਾਂ ਨੂੰ ਇਨ੍ਹਾਂ ਅੱਖਰਾਂ ਦੇ ਜਨਮ ਨਾਲ ਕੋਈ ਵਾਸਤਾ ਨਹੀਂ। ਜਿਵੇਂ ਪੰਜਾਬੀ ਬੋਲੀ ਕੋਈ ਸਿਖਾਂ ਦੀ ਹੀ ਮਲਕੀਅਤ ਨਹੀਂ, ਤਿਵੇਂ 'ਗੁਰਮੁਖੀ' ਅੱਖਰ ਵੀ ਹਿੰਦੂਆਂ ਅਤੇ ਸਿੱਖਾਂ ਦਾ ਸਾਂਝਾ ਵਿਰਸਾ ਹਨ ਅਤੇ ਦੋਹਾਂ ਨੂੰ ਇਨ੍ਹਾਂ ਪੁਰ ਇਕੋ ਜੇਹਾ ਮਾਣ ਹੋਣਾ ਚਾਹੀਦਾ ਹੈ। 'ਗੁਰਮੁਖੀ' ਦਾ ਇਕ ਅੱਖਰ ਵੀ—ਇਕ ਲਗ ਮਾਤ੍ਰ ਤਕ ਵੀ—ਸ੍ਰੀ ਗੁਰੂ ਅੰਗਦ ਦੇਵ ਜੀ ਜਾਂ ਹੋਰ ਕਿਸੇ ਇਕ ਦਾ ਬਣਾਇਆ ਹੋਇਆ ਨਹੀਂ ਹੈ, ਨਾਂ ਹੀ ਕਿਸੇ ਨੇ ਉਨ੍ਹਾਂ ਦੀ ਵਰਣਮਾਲਾ ਦੀ ਪੁਰਾਣੀ ਤਰਤੀਬ ਵਿੱਚ ਫਰਕ ਪਾਇਆ ਹੈ, ਅਤੇ ਨਾਂਹ ਗਿਣਤੀ ਹੀ ਵਧ ਘਟ ਕੀਤੀ ਹੈ। ਪੰਜਾਬੀ ਬੋਲੀ ਦੇ ਲਿਖਣ ਲਈ ਗੁਰਮੁਖੀ ਵਰਣਮਾਲਾ ਦੀ ਯੋਗਤਾ, ਅੱਖਰਾਂ ਦੀ ਸਰਲਤਾ ਅਤੇ ਉਨ੍ਹਾਂ ਦੇ ਪੜ੍ਹਨ ਵਿੱਚ ਭੁੱਲ ਦੀ ਘਟ ਸੰਭਾਵਨਾ, ਜੋ ਇਸ ਵਰਣਮਾਲਾ ਦੀਆਂ ਖੂਬੀਆਂ ਹਨ. ਉਨ੍ਹਾਂ ਦਾ ਸਿਹਰਾ ਪੁਰਾਣੇ ਪੜ੍ਹੇ-ਲਿਖੇ ਹਿੰਦੂਆਂ ਦੇ ਸਿਰ ਹੈ, ਜਿਨ੍ਹਾਂ ਨੇ 'ਸਿੱਖੀ' ਦੇ ਜਨਮ ਤੋਂ ਸਦੀਆਂ ਪਹਿਲੇ ਇਹ ਅੱਖਰ ਬਣਾਏ। ਇਨ੍ਹਾਂ ਵਿੱਚ ਹੀ ਹਿੰਦੂ ਆਪਣੇ ਧਰਮ ਪੁਸਤਕ ਤੇ ਕਵਿਤਾ ਲਿਖਿਆ ਕਰਦੇ ਸਨ। ਇਨ੍ਹਾਂ ਦੀ ਹੀ ਵੱਟੀ ਹੋਈ ਸ਼ਕਲ, ਵਪਾਰੀਆਂ ਦੇ ਵਹੀ ਖਾਤਿਆਂ ਵਿੱਚ, ਮਾਤ੍ਰਾ ਤੇ ਲਗਾਂ ਤੋਂ ਬਿਨਾਂ ਵਰਤੀ ਜਾਂਦੀ ਸੀ। ਇਹੋ ਅੱਖਰ ਪਾਂਧੇ ਬਾਲਾਂ ਨੂੰ ਸਿਖਾਂਦੇ ਸਨ ਤੇ ਕਿਤਾਬਾਂ ਦੇ ਲਿਖਾਰੀ, ਬ੍ਰਾਹਮਣ

Sri Satguru Jagjit Singh Ji Elibrary NamdhariElibrary@gmail.com

ਜਾਂ ਦੂਜੇ, ਲਿਖਦੇ ਸਨ । ਗੁਰਬਾਣੀ ਦੀਆਂ ਪੋਥੀਆਂ ਤੇ ਸਾਖੀਆਂ ਵੀ ਇਨ੍ਹਾਂ ਲਿਖਾਰੀਆਂ ਨੇ ਹੀ ਪਹਿਲੇ ਪਹਿਲ, ਇਨ੍ਹਾਂ ਅੱਖਰਾਂ ਵਿੱਚ ਲਿਖੀਆਂ ਸਨ, ਜਿਨ੍ਹਾਂ ਨੂੰ ਸੌ ਕੁ ਸਾਲ ਪਿਛੋਂ 'ਗੁਰਮੁਖੀ' ਨਾਂ ਦਿੱਤਾ ਗਿਆ । 'ਸਾਖੀਆਂ' ਦੀ ਸਭ ਤੋਂ ਪਹਿਲੀ ਕਿਤਾਬ ਇਕ 'ਸਿਭੂ ਨਾਥ ਬ੍ਰਾਹਮਣ' ਨੇ ਲਿਖੀ ਸੀ । ਇਹੋ ਅੱਖਰ ਲੁਧਿਆਣੇ ਦੇ ਜ਼ਿਲ੍ਹੇ ਅਤੇ ਭਟਨੇਰ ਤੇ ਬਠਿੰਡੇ ਦੇ ਦੁਆਲੇ ਦੇ ਦੇਸ ਵਿੱਚ ਵਹੀਆਂ ਵਿੱਚ ਲਿਖੀਂਦੇ ਤੇ ਆਮ ਲੋਕਾਂ ਵਿੱਚ ਵਰਤੀਂਦੇ ਚਲੇ ਆਏ ਸਨ । ਇਨ੍ਹਾਂ ਦਾ ਪੁਰਾਣਾ ਨਾਂ ਇਧਰ 'ਭਟੱਖਰੀ' ਜਾਂ 'ਭਟੱਛਰੀ' ਹੁੰਦਾ ਸੀ । ਗੁਰੂ ਨਾਨਕ ਸਾਹਿਬ ਦੇ ਜਨਮ ਤੋਂ ਪੰਜਾਹ ਵਰ੍ਹੇ ਪਹਿਲੋਂ ਦੀਆਂ ਲਿਖਤਾਂ ਮੌਜੂਦ ਹਨ । ਗੁਰਮੁਖੀ ਨਾਂ ਇਨ੍ਹਾਂ ਅੱਖਰਾਂ ਦਾ ਕਦੋਂ ਤੇ ਕਿਸ ਤਰ੍ਹਾਂ ਪਿਆ, ਇਹ ਗੱਲ ਅਗੇ ਜਾ ਕੇ ਕਿਤਾਬ ਵਿੱਚ ਦੱਸੀ ਹੈ । ਇਹ ਵੀ ਕਿਹਾ ਹੈ ਕਿ 'ਗੁਰਮੁਖੀ' ਅੱਖਰ 'ਨਾਗਰੀ' ਵਿਚੋਂ ਨਹੀਂ ਬਣਾਏ ਗਏ, ਸਗੋਂ ਗੁਰਮੁਖੀ ਅੱਖਰਾਂ ਦੀਆਂ ਸ਼ਕਲਾਂ ਪਰਚੱਲਤ ਨਾਗਰੀ ਅਖਰਾਂ ਦੀਆਂ ਸਕਲਾਂ ਨਾਲੋਂ ਪੁਰਾਣੀਆਂ ਹਨ । 'ਪੰਜਾਬੀ ਵਰਣਮਾਲਾ' ਪ੍ਰਾਚੀਨ ਅਸ਼ੋਕ ਦੇ ਸਮੇਂ ਦੀ ਬ੍ਰਹਮੀ ਲਿਪੀ ਤੋਂ ਓਸੇ ਤਰ੍ਹਾਂ ਪੰਜਾਬ ਦੇ ਮੈਦਾਨਾਂ ਵਿੱਚ ਪੈਦਾ ਹੋਈ, ਜਿਸ ਤਰ੍ਹਾਂ 'ਨਾਗਰੀ' ਸਮੇਤ ਹਿੰਦ ਦੀਆਂ ਹੋਰ ਵਰਣਮਾਲਾਂ ਹੋਰਨਾਂ ਪ੍ਰਾਂਤਾਂ ਵਿੱਚ ਬਣੀਆਂ ।

ਨੌਰਿਚ (ਇੰਗਲੈਂਡ)
ਜਨਵਰੀ, ੧੯੪੯

**ਜੀ. ਬੀ. ਸਿੰਘ**

Sri Satguru Jagjit Singh Ji Elibrary NamdhariElibrary@gmail.com

੧

# ਭਾਰਤ ਵਿੱਚ ਲਿਖਣ ਦਾ ਹੁਨਰ

ਵਿਦਵਾਨ ਜਾਣਦੇ ਹਨ ਕਿ ਹਿੰਦੁਸਤਾਨ ਵਿੱਚ ਜਿਤਨੇ ਤਰ੍ਹਾਂ ਦੇ ਦੇਸੀ ਅੱਖਰ ਨਾਗਰੀ, ਬੰਗਾਲੀ,ਗੁਜਰਾਤੀ, ਕਾਯਥੀ, ਕਸ਼ਮੀਰੀ, ਉੜੀਆ ਵਗੈਰਾ ਹਨ, ਸਭ ਆਪੱ ਵਿੱਚ ਮਿਲਦੇ ਹਨ; ਸਗੋਂ ਤਾਮਿਲ, ਤੈਲਗੂ, ਕਾਨੜੀ ਆਦਿ ਐਥੋਂ ਤਕ ਕਿ ਤਿੱਬਤੀ, ਬਰ੍ਹਮੀ ਤੇ ਸਿਆਮੀ ਅੱਖਰ ਵੀ ਅਸਲ ਵਿੱਚ ਓਹੋ ਹਨ, ਭਾਵੇਂ ਓਪਰੀ ਨਜ਼ਰੇ ਬਾਹਰ ਦਾ ਰੂਪ ਕਿਤਨਾ ਹੀ ਵੱਟਿਆ ਦਿੱਸੇ ਅਤੇ ਵਰਣ-ਮਾਲਾ ਵਿੱਚ ਅੱਖਰਾਂ ਦੀ ਗਿਣਤੀ ਦਾ ਵੀ ਫ਼ਰਕ ਹੋ ਗਿਆ ਹੋਵੇ। ਅੱਖਰਾਂ ਦੇ ਮੂਲ-ਰੂਪ; ਓਹਨਾਂ ਦੀ ਵਿਅੰਜਨਾਂ ਤੇ ਸੁਰਾਂ ਵਿੱਚ ਵੰਡ; ਸੁਰ-ਚਿੰਨ੍ਹ ਜਾਂ ਲਗਾਂ ਲਾਣ ਦਾ ਢੰਗ; ਸੰਯੁਕਤ ਜਾਂ ਦੁੱਤ ਵਿਅੰ-ਜਨ ਅੱਖਰ ਬਣਾਣ ਦਾ ਵੱਲ; ਬਹੁਤੀਆਂ ਵਰਣਮਾਲਾਂ ਵਿੱਚ ਅੱਖਰਾਂ ਦੇ ਸਿਰ ਪੁਰ ਇਕ ਸਿੱਧੀ ਲੇਟਵੀਂ ਲੀਕ ਦਾ ਹੋਣਾ, ਜਿਸ ਦੇ ਹੇਠਾਂ ਅੱਖਰ ਲਟਕਾਇਆ ਹੁੰਦਾ ਹੈ, ਜਿਕੁਰਾਂ ਖੂੰਟੀ ਨਾਲ ਕੋਈ ਕਪੜਾ ਟੰਗਿਆ ਹੋਵੇ; ਉਪਜ-ਸਥਾਨ ਮੂਜਬ, ਅੱਖਰਾਂ ਦਾ ਸੱਤਾਂ ਜਾਂ ਅੱਠਾਂ ਵਰਗਾਂ ਵਿੱਚ ਵੰਡੇ ਹੋਣਾ, ਅਤੇ ਇਹਨਾਂ ਵਰਗਾਂ ਦਾ ਵਰਣਮਾਲਾ ਵਿੱਚ ਇਕ ਵਿਸ਼ੇਸ਼ ਅਨੁ-ਕ੍ਰਮ ਜਾਂ ਤਰਤੀਬ ਵਿੱਚ ਦਿੱਤੇ ਹੋਣਾ; ਇਹ ਗੱਲਾਂ ਸਭ ਵਿੱਚ ਸਾਂਝੀਆਂ ਹਨ।

ਪ੍ਰਤੱਖ ਹੈ ਕਿ ਸਭ ਪ੍ਰਾਂਤਾਂ ਦੇ ਇਹ ਅੱਖਰ ਕਿਸੇ ਸਾਂਝੇ ਥਾਉਂ ਤੋਂ ਹੀ ਨਿਕਲੇ ਹਨ। ਪਰ ਓਹ ਸਾਂਝਾ ਸੋਮਾ ਕੀ ਸੀ? ਇਸ ਦਾ ਠੀਕ ਉੱਤਰ ਓਹ ਹੀ ਜਾਣਦੇ ਹਨ, ਜਿਨ੍ਹਾਂ ਨੇ ਇਸ ਗੱਲ ਦੀ ਖੋਜ ਕੀਤੀ ਹੈ। ਹੋਰ ਬਿਨਾਂ ਵਿਚਾਰੇ ਕਹਿਣਾ ਜੋ ਇਹ ਸਭ ਅੱਖਰ 'ਦੇਵ ਨਾਗਰੀ' ਵਿਚੋਂ ਨਿਕਲੇ ਹਨ ਅਤੇ ਦੇਵਨਾਗਰੀ ਤੋਂ ਮਤਲਬ ਅੱਜ ਕਲ੍ਹ ਵਰਤੀਣ ਵਾਲੇ ਇਸ ਨਾਂ ਦੇ ਅੱਖਰਾਂ ਤੋਂ ਲੈ ਲੈਣਾ ਵਿਅਰਥ ਹੈ। ਸੱਚ ਤਾਂ ਇਹ ਹੈ ਕਿ ਜਿਨ੍ਹਾਂ ਅੱਖਰਾਂ ਨੂੰ ਹੁਣ ਦੇਵਨਾਗਰੀ ਕਿਹਾ ਜਾਂਦਾ ਹੈ, ਓਹ ਆਪ ਹਾਲੀਂ ਕਲ੍ਹ ਦੇ ਬਣੇ ਹਨ। ਸੰਸਕ੍ਰਿਤ ਸਿਸ਼ਟਤਾ ਅਤੇ ਸੰਸਕ੍ਰਿਤ ਗਰੰਥਾਂ ਦੇ ਲਿਖੇ ਜਾਣ ਦਾ ਕੇਂਦਰੀ ਸਥਾਨ ਰਾਜਾ ਭੋਜ ਦੇ ਵੇਲੇ ਅਤੇ ਪਿੱਛੋਂ ਬਹੁਤ ਕਾਲ ਤਕ ਮਾਲਵ* ਦੇਸ ਦੀ ਉਜੈਨੀ ਨਗਰੀ ਜਾਂ ਦੇਵ ਨਗਰੀ ਸੀ। ਇਹੋ ਸਾਡੇ ਜੋਤਸ਼ੀਆਂ (Astronomers) ਦਾ ਗ੍ਰੀਨਿਚ ਸੀ, ਜਿਸ ਤੋਂ ਓਹ ਪੱਛਮ ਪੂਰਬ ਦੇ ਲੰਬ-ਰੇਖਾ (Longitudes) ਗਿਣਦੇ ਸਨ। ਇੱਥੇ ਜੋ ਅੱਖਰ ਵਰਤੀਂਦੇ ਸਨ ਓਹਨਾਂ ਦਾ

*'ਮਾਲਵ-ਦੇਸ' ਜਾਂ ਮਾਲਵਾ ਉਚੇ ਦੇਸ ਨੂੰ ਕਹਿੰਦੇ ਹਨ। ਉਜੈਨੀ ਨਗਰੀ ਤਾਂ ਪਹਾੜੀ ਦੇਸ ਵਿੱਚ ਅਰਵਲੀ ਪਰਬਤਾਂ ਵਿੱਚ ਹੈ। ਪੰਜਾਬ ਦਾ ਓਹ ਇਲਾਕਾ ਜਿੱਥੇ ਲੁਧਿਆਣਾ ਤੇ ਫ਼ੀਰੋਜ਼ਪੁਰ ਦੇ ਜ਼ਿਲ੍ਹੇ ਅਤੇ ਪਟਿਆਲਾ, ਨਾਭਾ ਵਗੈਰਾ ਸਿੱਖ ਰਿਆਸਤਾਂ ਹਨ ਓਹ ਵੀ ਮਾਲਵਾ ਕਹਿਲਾਂਦਾ ਹੈ।



Sri Satguru Jagjit Singh Ji Elibrary NamdhariElibrary@gmail.com

ਨਾਂ 'ਨਾਗਰ' ਅੱਖਰ ਜਾਂ 'ਦੇਵਨਾਗਰੀ' ਸੀ। ਪਰ ਪਿੱਛੋਂ ਜਦ ਸੰਸਕ੍ਰਿਤ ਸੱਭਯਤਾ ਦਾ ਕੇਂਦਰ ਗੁਰ-ਜਰ ਰਾਜ ਦੀ ਰਾਜਧਾਨੀ ਭਿੱਲਮਾਲ, ਤੇ ਫਿਰ ਮੱਧ-ਦੇਸ ਅਤੇ ਪੂਰਬ ਵਿੱਚ ਕਾਂਸ਼ੀ ਜੀ ਚਲਾ ਗਿਆ, ਤਦ ਇਹ ਨਾਂ ਉਸ ਸਥਾਨ ਵਿੱਚ ਵਰਤੇ ਜਾਣ ਵਾਲੇ ਅੱਖਰਾਂ 'ਸਿਧ ਮਾਤ੍ਰਿਕਾ' ਨੂੰ ਦਿੱਤਾ ਗਿਆ, ਜਿਸ ਵਿੱਚ ਕਿ ਯਾਹਰਵੀਂ ਸਦੀ ਵਿੱਚ ਸ਼ਾਸਤਰ ਲਿਖੇ ਜਾਂਦੇ ਸਨ। ਏਸੇ ਸਬੰਧ ਅੱਖਰਾਂ ਦਾ ਨਾਂ 'ਸ਼ਾਸਤ੍ਰੀ' ਅੱਖਰ ਵੀ ਹੈ। ਵਰਤਮਾਨ ਦੇਵਨਾਗਰੀ ਅੱਖਰ 'ਬੰਗਲਾ' ਆਦਿ ਨਾਲੋਂ ਪਿੱਛੋਂ ਹੁਣ ਵਾਲੀ ਸ਼ਕਲ ਵਿੱਚ ਆਏ ਹਨ। ਭੁਲ ਨਾ ਜਾਣਾ, ਇਹਨਾਂ ਹੁਣ ਵਾਲੇ ਦੇਵਨਾਗਰੀ ਅੱਖਰਾਂ ਨਾਲ ਸੰਸਕ੍ਰਿਤ ਭਾਸ਼ਾ ਦਾ ਕੋਈ ਅਣਟੁਟ ਸੰਬੰਧ ਨਹੀਂ। ਸੰਸਕ੍ਰਿਤ ਦੇ ਪੁਸਤਕ ਹਰ ਪ੍ਰਾਂਤ ਜਾਂ ਪ੍ਰਦੇਸ਼ ਵਿੱਚ, ਉਸ ਪ੍ਰਦੇਸ਼ ਤੇ ਉਸ ਸਮੇਂ ਵਿੱਚ ਪਰਚੱਲਤ ਅੱਖਰਾਂ ਵਿੱਚ ਲਿਖੀਂਦੇ ਰਹੇ ਹਨ, ਜਿਵੇਂ ਕਿ ਸਿਲਾ-ਲੇਖਾਂ, ਦਾਨ-ਪੱਤਰਾਂ ਆਦਿ ਦਾ ਹਾਲ ਸੀ। ਹੁਣ ਵਰਤੀਣ ਵਾਲੇ ਹਰ ਵਰਣਮਾਲਾ ਦੇ ਅੱਖਰ ਪੁਰਾਣੀਆਂ ਲਿਖਤਾਂ ਦੇ ਅੱਖਰਾਂ ਤੋਂ ਕੁਝ ਅੱਡ ਹੋ ਗਏ ਹਨ, ਪਰ ਮਿਲਦੇ ਜੁਲਦੇ ਜ਼ਰੂਰ ਚਲੇ ਆਏ ਹਨ।

ਗਰੰਥ ਤਾਂ ਡਾਢੇ ਪੁਰਾਣੇ ਲੱਭਦੇ ਨਹੀਂ, ਪਰ ਸਿਲਾਂ ਉੱਪਰ, ਚਟਾਨਾਂ ਉੱਪਰ, ਥੰਮ੍ਹਾਂ ਉੱਪਰ ਅਤੇ ਤਾਂਬੇ ਜਾਂ ਜਿਸਤ, ਸੋਨੇ ਚਾਂਦੀ ਦੇ ਪੱਤਰਿਆਂ ਉੱਪਰ, ਜਾਂ ਬਾਸਨਾਂ ਤੇ ਉੱਤਰੇ ਲੇਖ ਤੋੜ ਪਿੱਛੇ ਮਹਾਰਾਜਾ ਅਸ਼ੋਕ ਦੇ ਵੇਲੇ ਤਕ, ਜੋ ਬਿਕ੍ਰਮੀ ਸੰਮਤ ਤੋਂ ਵੀ ਦੋ ਸਦੀਆਂ ਪਹਿਲੇ ਹੋਏ ਹਨ, ਮਿਲਦੇ ਟੁਰੇ ਜਾਂਦੇ ਹਨ। ਸਗੋਂ ਬਿਕ੍ਰਮੀ ਸੰਮਤ ਤੋਂ ਚਾਰ ਸੌ ਵਰ੍ਹਾ ਪਹਿਲੇ ਦੇ ਲੇਖ ਵੀ ਮਿਲੇ ਹਨ। ਸਭ ਤੋਂ ਪੁਰਾਣਾ ਲੇਖ ਜਾਂ ਕੁਤਬਾ ਜੋ ਹਿੰਦੁਸਤਾਨ ਵਿੱਚ ਮਿਲਿਆ ਹੈ ਓਹ ਪਿਪਰਾਵਾਕੋਟ ਦਾ ਹੈ, ਜਿਸ ਨੂੰ ਕੁਝ ਵਿਦਵਾਨ ਭਗਵਾਨ ਬੁਧ ਦੇ ਮਹਾਂ ਨਿਰਵਾਣ ਤੋਂ ਥੋੜ੍ਹੇ ਵਰ੍ਹੇ ਪਿੱਛੋਂ ਦਾ ਲਿਖਿਆ ਮੰਨਦੇ ਹਨ। ਇਸ ਦੇ ਅੱਖਰ ਉਸੇ ਤਰ੍ਹਾਂ ਦੇ ਹਨ ਜਿਸ ਤਰ੍ਹਾਂ ਦੇ ਕਿ ਅਸ਼ੋਕ ਦੇ ਸਿਲਾ-ਲੇਖਾਂ ਦੇ, ਪਰ ਹਾਲੀਂ ਦੀਰਘ ਸੁਰ-ਚਿੰਨ ਨਹੀਂ ਸਨ ਬਣੇ, ਕੇਵਲ ਹ੍ਰਸੂ ਸੁਰਾਂ ਦੇ ਚਿੰਨ੍ਹ, ਪੱਛਮੀ ਦੇਸਾਂ ਦੇ ਜ਼ਬਰ, ਜ਼ੇਰ, ਪੇਸ਼ (ਫਤਹ, ਕਸਰਾ ਤੇ ਜ਼ੰਮਾ) ਦੇ ਮੁਕਾਬਲੇ ਦੇ ਸਨ। ਦੀਰਘ ਸੁਰ-ਚਿੰਨ੍ਹਾਂ ਦੇ ਨਾਂਹ ਹੋਣ ਕਰ ਕੇ ਪਿਪਰਾ-ਵਾਕੋਟ ਦੇ ਸਿਲਾ-ਲੇਖ ਦੇ ਦੋ ਲਫ਼ਜ਼ਾਂ ਦੇ ਪੜ੍ਹਨ ਵਿੱਚ ਬੜੀ ਮੁਸ਼ਕਲ ਹੋਂਦੀ ਹੈ ਅਤੇ ਹ੍ਰਸੂ ਸੁਰਾਂ ਨਾਲ ਪੜ੍ਹ ਕੇ ਅਰਥ ਕੁਝ ਦੇ ਕੁਝ ਹੋ ਜਾਂਦੇ ਹਨ।

ਓਹ ਬਾਸਨ (Vase) ਜਿਨ੍ਹਾਂ ਵਿੱਚ ਪਾ ਕੇ ਕਿਸੇ ਮਹਾਂ ਪੁਰਖ ਦੀਆਂ ਹੱਡੀਆਂ ਜਾਂ ਰਾਖ ('ਸ਼ਰੀਰ') ਦੱਬੇ ਜਾਂਦੇ ਸੀ. ਓਹਨਾਂ ਪੁਰ ਵੀ ਇੱਕੇ ਦੁੱਕੇ ਅੱਖਰ ਲਿਖੇ ਪਾਏ ਗਏ ਹਨ, ਜਿਸ ਤਰ੍ਹਾਂ ਇਕ ਬੋਧ ਭਿਖੁ, 'ਮਹਾ-ਮੌਗਦਿਲੀ', ਦੇ ਅਸਥਿਦਾਨ ਉੱਪਰ ਅੱਖਰ 'ਮ'। ਇਹ ਮਹਾ-ਮੌਗਦਿਲੀ* ਭਗਵਾਨ ਬੁਧ ਦਾ ਸਮਕਾਲੀ ਤੇ ਸਿੱਧਾ ਸ਼ਿਸ਼ ਸੀ।

'ਜਾਤਕ-ਕੱਥਾ', ਜੋ ਬੁਧ ਭਗਵਾਨ ਦੇ ਜੁਗਾਂ ਜੁਗੰਤਰਾਂ ਦੇ ਜਨਮਾਂ ਦੀਆਂ ਸਾਖੀਆਂ ਹਨ, ਵਿੱਚ ਅੱਖਰ ਲਿਖਣ ਦਾ ਜ਼ਿਕਰ ਕਈ ਵਾਰੀ ਕੀਤਾ ਗਿਆ ਮਿਲਦਾ ਹੈ; ਜਿੱਥੇ ਦੱਸਿਆ ਹੈ ਕਿ ਕਿਸ ਤਰ੍ਹਾਂ ਤਾੜ-ਪੱਤਰ ਪੁਰ ਸਲਾਈ ਨਾਲ ਅੱਖਰ ਉੱਕਰ ਕੇ ਪਿੱਛੋਂ ਸਿਆਹੀ ਭਰਦੇ ਸਨ। ਸਿਕੰਦਰ-ਆਜ਼ਮ ਦਾ ਸਾਗਰ-ਸੈਨਾਪਤੀ, ਨਿਆਰਕਸ, ਲਿਖਦਾ ਹੈ ਕਿ ਹਿੰਦੁਸਤਾਨੀ ਲਿਖਣ ਵਾਸਤੇ ਡਾਢਾ ਗੀਂਢਾ ਬੁਣਿਆ ਹੋਇਆ ਬਰੀਕ ਕੱਪੜਾ (fine tissue closely woven) ਵਰਤਦੇ ਹਨ। ਮੌਰੀਆ-ਵੰਸ਼

---

*ਭਿਖੂ ਜੀ ਦੀ ਮਾਂ ਮਧਰੀ ਤੇ ਸਰੀਰ ਦੀ ਭਾਰੀ ਸੀ, ਸੋ ਲੋਕਾਂ ਨੇ ਉਸ ਦੀ ਚੇਹੜ 'ਮੁੰਦਗਲੀ' ਅਰਥਾਤ ਮੁੰਗਲੀ ਪਾਈ ਹੋਈ ਸੀ। ਸੋ ਪੁਤਰ ਦਾ ਨਾਮ 'ਮੌਦਗਿਲੀ' ਬਣ ਗਿਆ ਅਤੇ ਵੱਡੇ ਧਰਮਾਤਮਾ ਹੋਣ ਕਰ ਕੇ 'ਮਹਾ' ਦਾ ਵਿਸ਼ੇਸ਼ਣ ਨਾਲ ਜੁੜ ਗਿਆ।

ਦਾ ਰਾਜ ਅਸ਼ੋਕ ਦੇ ਪਿਤਾਮਹ, ਚੰਦਰ ਗੁਪਤ, ਨੇ ਸਿਕੰਦਰ ਦੇ ਹਿੰਦੁਸਤਾਨ ਤੋਂ ਚਲੇ ਜਾਣ ਦੇ ਪਿੱਛੋਂ ਕਾਇਮ ਕੀਤਾ ਸੀ ਅਤੇ ਲੰਮਾ ਰਾਜ ਕੀਤਾ ਸੀ। ਉਸ ਦੇ ਪਿੱਛੋਂ ਉਸ ਦੇ ਪੁੱਤਰ, ਬਿੰਦੂਸਾਰ, ਨੇ ਵੀ ਚੋਖਾ ਚਿਰ ਰਾਜ ਕੀਤਾ।

ਇਹਨਾਂ ਸਿਲਾ-ਲੇਖਾਂ, ਤਾਂਬੇ ਦੇ ਪੱਤਰਿਆਂ ਅਤੇ ਉਸ ਕਾਲ ਦੇ ਯੂਨਾਨੀ ਕਸ਼ਤ੍ਰਪਾਂ ਦੇ ਸਿੱਕਿਆਂ ਆਦਿ ਪੁਰ ਦੇ ਲੇਖਾਂ ਤੋਂ ਵਿਦਵਾਨਾਂ ਨੇ ਬੜੀ ਮਿਹਨਤ ਕਰ ਕੇ ਅਤੇ ਬੜੀ ਸੂਝ ਨਾਲ, ਇਹ ਸਿੱਟੇ ਨਿਸਚਿਤ ਕਰ ਦਿੱਤੇ ਹਨ ਕਿ ਮਹਾਰਾਜਾ ਅਸ਼ੋਕ ਦੇ ਵੇਲੇ ਹਿੰਦ ਵਿੱਚ ਦੋ ਤਰ੍ਹਾਂ ਦੇ ਅੱਖਰ ਵਰਤੀਂਦੇ ਸਨ। ਇਕ ਤਾਂ 'ਗੰਧਾਰਾ' ਜਾਂ 'ਖਰੋਸ਼ਠੀ' ਲਿਪੀ ਸੀ ਜੋ ਸੱਜਿਓਂ ਖੱਬੇ ਨੂੰ ਲਿਖੀ ਜਾਂਦੀ ਸੀ ਅਤੇ ਪਿਸ਼ਾਵਰ, ਬਾਖ਼ਤਰ, ਬਾਹਿਲਕਾ, ਹਿੰਦੁਸਤਾਨ ਦਾ ਓਹ ਭਾਗ ਜਿਸ ਨੂੰ ਅੱਜ ਕਲ੍ਹ ਉੱਤਰ-ਪੱਛਮੀ ਸਰਹੱਦੀ ਸੂਬਾ ਆਖਦੇ ਹਨ, ਜਿਦ੍ਰੋਸ਼ੀਆ ਜਾਂ ਬਲੋਚਿਸਤਾਨ ਦਾ ਉੱਤਰੀ ਭਾਗ ਤੇ ਜਿੱਥੇ ਜਿੱਥੇ ਵੀ ਯੂਨਾਨੀ ਕਸ਼ਤ੍ਰਪਾਂ ਦਾ ਰਾਜ ਸੀ ਓਥੇ ਵਰਤੀ ਜਾਂਦੀ ਸੀ। ਯੂਨਾਨੀ ਕਸ਼ਤ੍ਰਪਾਂ ਨੇ ਆਪਣੇ ਸਿੱਕਿਆਂ ਪੁਰ ਯੂਨਾਨੀ ਅੱਖਰਾਂ ਦੇ ਨਾਲ ਨਾਲ ਆਪਣੇ ਨਾਂ ਲਿਖਣ ਵਾਸਤੇ 'ਗੰਧਾਰਾ' ਲਿਪੀ ਵੀ ਵਰਤੀ ਹੈ ਜਿਸ ਕਰ ਕੇ ਇਹ ਸਿੱਕੇ ਇਸ ਲਿਪੀ ਦੇ ਪੜ੍ਹਨ ਲਈ ਕੁੰਜੀ ਬਣ ਗਏ ਹਨ। ਤੀਸਰੀ ਸਦੀ ਈਸਵੀ ਦੇ ਪਿੱਛੋਂ ਇਸ ਲਿਪੀ ਦਾ ਰਿਵਾਜ ਨਹੀਂ ਰਿਹਾ।

ਦੂਜੀ ਤਰ੍ਹਾਂ ਦੇ ਅੱਖਰ ਖੱਬਿਓਂ ਸੱਜੇ ਵੱਲ ਨੂੰ ਲਿਖੇ ਜਾਂਦੇ ਸਨ, ਜਿਕੁਰਾਂ ਅੱਜ ਕਲ੍ਹ ਸਾਰੇ ਦੇਸੀ ਅੱਖਰ ਲਿਖੇ ਜਾਂਦੇ ਹਨ; ਅਤੇ ਇਹਨਾਂ ਦੂਜੀ ਤਰ੍ਹਾਂ ਦੇ ਅੱਖਰਾਂ ਨਾਲ ਹੀ ਸਾਨੂੰ ਵਾਸਤਾ ਹੈ, ਕਿਉਂ ਜੋ 'ਗੁਰਮੁਖੀ' ਅੱਖਰ ਏਸੇ ਵੰਸ਼ ਵਿਚੋਂ ਹਨ। ਅਸ਼ੋਕ ਮਹਾਰਾਜ ਦੇ ਸ਼ਿਲਾ-ਲੇਖਾਂ ਵਿੱਚ ਜੋ ਅੱਖਰ ਹਨ ਓਹਨਾਂ ਨੂੰ ਲੇਖਾਂ ਦੀ ਬੋਲੀ ਦੇ ਸਬੱਬ ਹੁਣ 'ਪਾਲੀ' ਨਾਂ ਦਿੱਤਾ ਗਿਆ ਹੈ। ਉਸ ਵੇਲੇ ਇਹਨਾਂ ਅੱਖਰਾਂ ਦਾ ਅਸਲੀ ਨਾਂ ਕੀ ਸੀ ਜਾਂ ਕੁਝ ਵੀ ਨਹੀਂ ਸੀ, ਨਹੀਂ ਕਿਹਾ ਜਾ ਸਕਦਾ। ਪਰ ਕੁਝ ਪਿੱਛੋਂ ਦੇ ਅੱਖਰਾਂ ਨੂੰ 'ਹਯੂਨ ਚਾਂਗ', ਚੀਨ ਦੇ ਬੋਧ ਯਾਤਰੀ, ਨੇ 'ਬ੍ਰਹਮੀ' ਨਾਮ ਦਿੱਤਾ ਹੈ। ਇਹ 'ਪਾਲੀ' ਜਾਂ 'ਬ੍ਰਹਮੀ' ਅੱਖਰ ਸਾਰੇ ਉੱਤਰੀ ਹਿੰਦ ਵਿੱਚ ਅਤੇ ਦੱਖਣ ਵਿੱਚ ਵੀ ਥੋੜੇ ਬਹੁਤੇ ਫ਼ਰਕ ਨਾਲ ਪਰਚ-ਲਤ ਸਨ। ਦੱਖਣ ਵਿੱਚ ਇਕ ਲਿਪੀ ਸੀ ਜਿਸ ਵਿਚੋਂ ਹੁਣ ਵਾਲੀ ਤਾਮਿਲ ਬਣੀ ਹੈ। ਉੱਤਰੀ ਹਿੰਦ ਦੀਆਂ ਸਭ ਲਿਪੀਆਂ ਓਸੇ 'ਬ੍ਰਹਮੀ' ਤੋਂ ਹੀ ਥਾਂ ਥਾਂ ਫ਼ਰਕ ਪੈਂਦਿਆਂ ਪੈਂਦਿਆਂ ਬਣ ਗਈਆਂ ਹਨ। ਜਿੱਥੇ 'ਤਾਮਿਲ' ਅੱਖਰ ਪੁਰਾਣੀ ਤਾਮਿਲ ਜਾਂ 'ਵੈਟਲੁਤ੍ਰੂ' ਤੋਂ ਬਣੇ ਓਥੇ 'ਦ੍ਰਾਵੜੀ' ਤੇ 'ਤੁਲੂ' 'ਬ੍ਰਹਮੀ' ਤੋਂ ਬਣੇ ਸਮਝੇ ਜਾਂਦੇ ਹਨ। 'ਕਾਨੜੀ' ਅੱਖਰ ਇਹਨਾਂ ਦੁਹਾਂ ਤਰ੍ਹਾਂ ਦੇ ਅੱਖਰਾਂ ਦੇ ਮੇਲ ਤੋਂ ਬਣੇ ਕਹੇ ਗਏ ਹਨ। 'ਬ੍ਰਹਮੀ' ਲਿਪੀ ਦੀ ਜੋ ਸ਼ਕਲ ਗੁਪਤ ਰਾਜਿਆਂ ਦੇ ਵੇਲੇ ਚੌਥੀ ਪੰਜਵੀਂ ਸਦੀ ਈਸਵੀ ਵਿੱਚ ਸੀ, ਉਸ ਨੂੰ 'ਗੁਪਤ-ਲਿਪੀ' ਆਖਦੇ ਹਨ। 'ਕਸ਼ਮੀਰੀ' ਅੱਖਰ, ਜਿਨ੍ਹਾਂ ਦਾ ਨਾਮ 'ਸਾਰਦਾ' ਹੈ, ਇਸੇ 'ਗੁਪਤ-ਲਿਪੀ' ਵਿਚੋਂ ਨਿਕਲੇ ਸਨ।

'ਖਰੋਸ਼ਠੀ'* ਤੇ 'ਬ੍ਰਹਮੀ', ਦੋਵੇਂ, ਸ਼ਬਦ-ਮੂਲਕ ਲਿਪੀਆਂ ਅਰਥਾਤ Phonetic Scripts ਹਨ। ਇਹਨਾਂ ਦੇ ਵਰਣ ਖ਼ਾਸ ਖ਼ਾਸ ਆਵਾਜ਼ਾਂ ਲਈ ਮੁਕੱਰਰ ਕੀਤੇ ਚਿੰਨ੍ਹ ਹਨ। ਹਰ ਭਾਸ਼ਾ ਕੁਝ

---

*ਇਹ ਨਾਮ 'ਖਰੋਸ਼ਠੀ' (ਖੋਤੇ ਤੇ ਊਠ) ਸੰਸਕ੍ਰਿਤ ਵਾਲਿਆਂ ਨੇ ਹੀ ਇਸ ਬਿਦੇਸ਼ੀ ਲਿਪੀ ਨੂੰ ਦਿੱਤਾ ਹੋਇਆ ਹੈ। ਮਲੇਛਾਂ ਵਿੱਚ ਵਰਤੀ ਜਾਂਦੀ ਸੀ, ਪਵਿੰਦੇ ਤੇ ਸਾਰਬਾਨ ਵਪਾਰੀਆਂ ਦਾ ਮਾਲ ਆਪਣੇ ਲਦੂਆਂ, ਖੋਤਿਆਂ ਤੇ ਊਠਾਂ, ਉਤੇ ਹੀ ਲੈ ਜਾਂਦੇ ਸਨ। ਏਸੇ ਤਰ੍ਹਾਂ ਹੱਥ ਦੀ ਵਾਹੀ ਅੰਗਰੇਜ਼ੀ ਨੂੰ ਸਾਡੇ ਪਿੰਡਾਂ ਦੇ ਲੋਕੀ 'ਚੱਕ-ਮਕੌੜੇ' ਜਾਂ 'ਕੀੜ-ਗਲੋਲੇ' ਆਖ ਦੇਂਦੇ ਹਨ।

Sri Satguru Jagjit Singh Ji Elibrary NamdhariElibrary@gmail.com

ਲਫ਼ਜ਼ਾਂ ਦੀ ਬਣੀ ਹੁੰਦੀ ਹੈ ਅਤੇ ਹਰ ਲਫ਼ਜ਼ ਕੁਝ ਆਵਾਜ਼ਾਂ ਦਾ। ਜ਼ੋਰ ਨਾਲ ਫੂਕ ਬਾਹਰ ਕੱਢਿਆਂ, ਸਾਡੇ ਸੰਘ ਵਿੱਚ ਦੀ ਪੀਪੀ (Larynx) ਦੇ ਦੋਵੱਲੀ ਪਰਦੇ ਥਰ-ਥਰਾਂਦੇ ਅਤੇ ਇਕ ਸਮਾਨ ਸ਼ਬਦ ਪੈਦਾ ਕਰਦੇ ਹਨ, ਜਿਸ ਵਿਚੋਂ ਅਸੀਂ ਮੂੰਹ ਦਾ ਮੁਘਾਰਾ ਲੰਮਾ, ਛੋਟਾ, ਖੁਲ੍ਹਾ ਜਾਂ ਤੰਗ ਕਰ ਕੇ, ਜੀਭ ਨੂੰ ਹਿਲਾ ਕੇ, ਹੋਠਾਂ ਨੂੰ ਖੁਲ੍ਹੇ ਰਖ ਕੇ ਜਾਂ ਮੀਟ ਕੇ ਤੇ ਸਾਹ ਨੂੰ ਨੱਕ ਥਾਣੀਂ ਕੱਢ ਕੇ ਅੱਡ ਅੱਡ ਤਰ੍ਹਾਂ ਦੀਆਂ ਆਵਾਜ਼ਾਂ ਪੈਦਾ ਕਰਦੇ ਹਾਂ, ਜਿਕੂਰ ਬਾਂਸਰੀ ਨੂੰ ਛੋਟੀ ਲੰਮੀ ਬਣਾ ਕੇ, ਛੇਕਾਂ ਨੂੰ ਦਬ ਕੇ ਸੁਰਾਂ ਕੱਢਦੇ ਹਾਂ; ਸੁਰਾਂ ਦੇ ਮੇਲ ਨਾਲ ਰਾਗ ਅਤੇ ਆਵਾਜ਼ਾਂ ਦੇ ਮੇਲ ਨਾਲ ਲਫ਼ਜ਼ ਜਾਂ ਬੋਲੀ ਬਣਾ ਲੈਂਦੇ ਹਾਂ। ਬੋਲਣ ਲਈ ਜੋ ਆਵਾਜ਼ਾਂ ਅਸੀਂ ਪੈਦਾ ਕਰ ਸਕਦੇ ਹਾਂ ਓਹ ਥੋੜ੍ਹੀਆਂ ਹੀ ਹੁੰਦੀਆਂ ਹਨ, ਜਿਵੇਂ ਸੁਰਾਂ ਖ਼ਾਲੀ ਸੱਤ ਹੀ ਹੁੰਦੀਆਂ ਹਨ। ਜੇਕਰ ਕਿਸੇ ਬੋਲੀ ਦੇ ਸਾਰੇ ਲਫ਼ਜ਼ਾਂ ਨੂੰ ਪਾੜ ਕੇ, ਓਹਨਾਂ ਆਵਾਜ਼ਾਂ ਨੂੰ, ਜਿਨ੍ਹਾਂ ਦੇ ਓਹ ਲਫ਼ਜ਼ ਬਣੇ ਹੁੰਦੇ ਹਨ, ਆਪਣੇ ਸਭ ਤੋਂ ਸਾਦੇ ਰੂਪ ਵਿਚ ਲਿਆ ਜਾਏ, ਜੋ ਅੱਗੋਂ ਹੋਰ ਪਾੜਿਆ ਨਾ ਜਾ ਸਕੇ, ਤਦ ਇਹਨਾਂ ਆਵਾਜ਼ਾਂ ਦੀ ਗਿਣਤੀ ਸੱਭੋ ਤ੍ਰੀਹ ਬੱਤੀ ਜਾਂ ਉਸ ਦੇ ਅੰਦਰ ਹੀ ਨਿਕਲਦੀ ਹੈ। ਇਸੇ ਕਰਕੇ ਇਹਨਾਂ ਮੂਲ ਜਾਂ ਅਣ-ਰੂਪ ਆਵਾਜ਼ਾਂ ਨੂੰ ਅਕਸ਼ਰ (अक्षर), ਅਛਰ, ਜਾਂ ਅ-ਖਰ (ਨਾ ਖਰਨ ਵਾਲੀ) ਆਖਦੇ ਹਨ।

ਇਹਨਾਂ ਅ-ਖਰ ਆਵਾਜ਼ਾਂ ਨੂੰ ਲਿਖਣ ਲਈ ਵਿਸ਼ੇਸ਼ ਚਿੰਨ੍ਹ ਜਾਂ ਨਿਸ਼ਾਨ ਬਣਾਏ ਜਾਂਦੇ ਹਨ, ਜਿਨ੍ਹਾਂ ਨੂੰ 'ਵਰਣ' ਆਖਦੇ ਹਨ। ਇਹ ਚਿੰਨ੍ਹ ਬਹੁਤ ਕਰਕੇ ਆਮ ਨਿੱਤ ਦੇਖਣ ਦੀਆਂ ਚੀਜ਼ਾਂ ਤੋਂ ਲਏ ਜਾਂਦੇ ਹਨ, ਜਿਨ੍ਹਾਂ ਚੀਜ਼ਾਂ ਦੇ ਨਾਂਵਾਂ ਦੇ ਮੁਢ ਵਿਚ ਓਹ ਆਵਾਜ਼ ਆਉਂਦੀ ਹੈ; ਜਿਵੇਂ 'ਗਊ' ਨਾਂਵ ਵਿਚ ਪਹਿਲੀ ਅ-ਖਰ ਆਵਾਜ਼ 'ਗ' ਹੈ, ਜਾਂ 'ਘਰ' ਨਾਂਵ ਵਿਚ ਪਹਿਲੀ ਆਵਾਜ਼ 'ਘ' ਹੈ। ਜੇ 'ਗ' ਤੇ 'ਘ' ਆਵਾਜ਼ਾਂ ਦਿਖਾਉਣ ਲਈ ਗਊ ਦਾ ਮੂੰਹ ਤੇ ਕੋਠੇ ਦੀ ਚਾਰਦੀਵਾਰੀ ਬਣਾ ਦੇਈਏ ਤਦ ਇਹ ਨਕਸ਼ ਓਹਨਾਂ ਆਵਾਜ਼ਾਂ ਦੇ ਲਿਖਣ ਲਈ 'ਵਰਣ' ਬਣ ਜਾਣਗੇ। ਅੰਤ ਵਿਚ ਇਹ ,ਵਰਣ' ਜਾਂ ਸ਼ਕਲਾਂ, ਵਰਤਣ ਵਿਚ ਸੌਖ ਕਰਨ ਲਈ ਘਸ ਘਸ ਕੇ ਚਿੰਨ੍ਹ ਮਾਤ੍ਰ ਹੀ ਰਹਿ ਜਾਣਗੀਆਂ। ਅਜੇਹੀਆਂ 'ਵਰਣ-ਮਾਲਾਂ' ਨੂੰ ਸ਼ਬਦ-ਮੂਲਕ ਵਰਣਮਾਲਾਂ ਜਾਂ Phonetic Alphabets ਕਿਹਾ ਜਾਏਗਾ।

* * *

ਖ਼ਿਆਲਾਂ ਨੂੰ ਲਿਖਤ ਦਵਾਰਾ ਆਪਣੇ ਤੋਂ ਪਿਛੋਂ ਆਉਣ ਵਾਲੀਆਂ ਨਸਲਾਂ ਜਾਂ ਆਪਣੇ ਤੋਂ ਭਿੰਨ ਲੋਕਾਂ ਤਕ ਪਹੁੰਚਾਣਾ ਮਨੁੱਖ ਦੇ ਦਿਮਾਗ਼ ਦੀ ਸਭ ਤੋਂ ਉੱਚੀ ਪਹੁੰਚ ਸੀ ਜੋ ਮਨੁੱਖ ਦੀ ਬੁਧੀ ਦੇ ਵਾਧੇ, ਉਸ ਦੀ ਆਤਮਕ ਸ਼ਕਤੀ ਅਤੇ ਰੂਹਾਨੀ ਤਰੱਕੀ ਵਿੱਚ ਸਭ ਤੋਂ ਵਧੀਕ ਸਹਾਈ ਹੋਈ ਹੈ। ਕਿਸੇ ਸਾਰੀ ਬੋਲੀ ਨੂੰ ਪਾੜ ਕੇ, ਥੋੜੀਆਂ ਜੇਹੀਆਂ ਅਣੁ-ਰੂਪ ਆਵਾਜ਼ਾਂ ਕੱਢ ਲੈਣੀਆਂ ਅਤੇ ਫੇਰ ਓਹਨਾਂ ਆਵਾਜ਼ਾਂ ਲਈ ਚਿੰਨ੍ਹ ਮੁਕੱਰਰ ਕਰਨ ਦਾ ਖ਼ਿਆਲ ਬੜੀ ਡੂੰਘੀ ਸੂਝ ਤੇ ਗੰਭੀਰ ਵਿਚਾਰ ਦਾ ਕੰਮ ਸੀ ਜੋ ਮਨੁੱਖ ਜਾਤੀ ਦੇ ਬਹੁਤ ਉੱਨਤੀ ਕਰ ਜਾਣ ਪਿਛੋਂ ਹੀ ਸੰਭਵ ਹੋ ਸਕਦਾ ਸੀ। ਸੋ ਇਸ ਕਰਕੇ ਕੋਈ ਵੀ ਸ਼ਬਦ-ਮੂਲਕ ਵਰਣਮਾਲਾ ਤਿੰਨ ਸਾਢੇ ਤਿੰਨ ਹਜ਼ਾਰ ਬਰਸ ਤੋਂ ਪੁਰਾਣੀ ਨਹੀਂ। ਪਰ ਲਿਖਣ ਦਾ ਹੁਨਰ ਇਸ ਨਾਲੋਂ ਬਹੁਤ ਪਹਿਲੇ ਦਾ ਮਨੁੱਖ ਨੂੰ ਮਾਲੂਮ ਸੀ। ਅੱਠ ਦਸ ਹਜ਼ਾਰ ਵਰ੍ਹਾ ਪਿਛੇ ਜਦ ਕਿਸੇ ਨੇ ਕੋਈ ਹੋ ਚੁਕੀ ਘਟਨਾ ਜਾਂ ਅਗੋਂ ਕਰਨ ਵਾਲੇ ਆਪਣੇ ਕੰਮ ਨੂੰ, ਕਿਸੇ ਨੂੰ ਕੰਨਾਂ ਰਾਹੀਂ ਸੁਣਾਣਾ ਨਹੀਂ ਸਗੋਂ ਅੱਖਾਂ ਨਾਲ ਵਿਖਾਣਾ ਹੁੰਦਾ ਸੀ, ਤਦ ਓਹ ਪੱਥਰ ਉੱਤੇ, ਗੁਫਾ ਦੀ ਕੰਧ ਉਤੇ, ਕੋਇਲੇ ਜਾਂ ਗੇਰੀ ਮਿੱਟੀ ਨੂੰ ਚਰਬੀ ਵਿਚ ਮਿਲਾ ਕੇ,

ਚੰਗੀਆਂ ਮੰਦੀਆਂ ਤਸਵੀਰਾਂ ਦੀ ਇਕ ਲੜੀ ਬਣਾ ਦੇਂਦਾ ਸੀ, ਜਿਵੇਂ 'ਆਹੋਦੀ' ਦੀਆਂ ਮੂਰਤਾਂ 'ਮਹਿਰਾ ਰਾਜਾ' ਕਹਿ ਕੇ ਸਾਡੀਆਂ ਤੀਵੀਆਂ ਕੰਧ ਨੂੰ ਲਿੰਬ ਪੋਚ ਕੇ ਉਸ ਉਪਰ ਬਣਾਇਆ ਕਰਦੀਆਂ ਸਨ । ਸਾਡੇ ਦੇਸ ਵਿੱਚ ਵੀ ਇਹ ਮੂਰਤਾਂ ਹੋਸ਼ੰਗਾਬਾਦ ਦੇ ਨੇੜੇ ਇਕ ਗੁਫਾ ਜਿਹੀ ਵਿੱਚ ਬਣੀਆਂ ਮੈਂ ਦੇਖੀਆਂ ਹਨ । ਛੱਤ ਦੇ ਅੰਦਰਵਾਰ ਇਕ ਬਾਰਾਂਸਿੰਗੇ ਦੀ ਮੂਰਤੀ ਬਣਾਈ ਹੋਈ ਹੈ ਤੇ ਬਾਹਰ ਕੰਧ ਉੱਤੇ ਨੰਗੇ ਆਦਮੀਆਂ ਦੀ ਇਕ ਕਤਾਰ, ਨੰਗੀ ਪਿੱਠ ਦੇ ਘੋੜਿਆਂ ਉਪਰ ਸਵਾਰ, ਹੱਥ ਭਾਲੇ ਲਈ ਅੱਗੇ ਪਿੱਛੇ ਜਾ ਰਹੀ ਹੈ, ਜਿਵੇਂ ਸ਼ਿਕਾਰ ਚੜ੍ਹੇ ਹਨ ਜਾਂ ਕਿਸੇ ਵੈਰੀ ਨਾਲ ਟਾਕਰਾ ਕਰਨ ਨਿਕਲੇ ਹਨ । ਪਰ ਇਹ ਬਹੁਤ ਪੁਰਾਣੇ ਸਮਿਆਂ ਦੀ ਗੱਲ ਹੈ ।


ਤਸਵੀਰਾਂ ਦੇ ਕਿਤਨੇ ਕੁ ਸਿਲਸਿਲੇ ਬਣਾ ਕੇ ਲੰਮੀ ਕਹਾਣੀ ਵੀ ਇਸੇ ਤਰ੍ਹਾਂ ਲਿਖਤ ਵਿੱਚ ਲੈ ਆਉਂਦੇ ਸਨ । ਇਹ Pictograph ਜਾਂ ਮੂਰਤੀਆਂ ਦੀ ਲਿਖਤ ਅਖਵਾਂਦੀ ਹੈ* । ਤਸਵੀਰਾਂ ਬਣਾ ਕੇ ਕਿਸੇ ਗਲ ਨੂੰ ਦਸਣ ਦਾ ਇਹ ਹੁਨਰ ਸਮੇਂ ਨਾਲ ਸਰਲ ਹੁੰਦਾ ਹੁੰਦਾ ਹਰ ਚੀਜ਼ ਦੀ ਤਸਵੀਰ ਦਾ ਚਿੰਨ੍ਹ ਰੂਪ ਧਾਰ ਲੈਂਦਾ ਹੈ । ਪਰ ਇਹ ਚਿੰਨ੍ਹ ਕਿਸੇ ਵਿਸ਼ੇਸ਼ ਆਵਾਜ਼ ਵਾਸਤੇ ਨਹੀਂ ਹੁੰਦਾ ਸਗੋਂ ਕਿਸੇ ਇਕ ਖ਼ਿਆਲ ਨੂੰ ਪਰਗਟ ਕਰਦਾ ਹੈ; ਜਿਵੇਂ 'ਘਰ' ਦਾ ਚਿੰਨ੍ਹ ਜਿਸ ਦੇ ਅੰਦਰ ਆਦਮੀ ਦਾ ਚਿੰਨ੍ਹ ਹੋਵੇ, ਆਸਰੇ, ਬਚਾ, ਸੁਖ ਦੇ ਦਰਸਾਉਣ ਲਈ ਵਰਤਿਆ ਜਾਏਗਾ; ਜਾਂ 'ਗਊ' ਦੇ ਚਿਹਰੇ ਜਾਂ ਸਿੰਗਾਂ ਦਾ ਨਿਸ਼ਾਨ, 'ਦੁਧ' ਦੀ ਬਹੁਲਤਾ, ਭਾਗਵਾਨ ਹੋਣ ਜਾਂ ਧਨ ਨੂੰ ਦਸੇਗਾ; ਜਾਂ 'ਅੱਖ' ਦੀ ਤਸਵੀਰ ਜਿਸ ਤੋਂ ਅਥਰੂ ਵਗ ਰਹੇ ਹੋਣ ਦੁੱਖ ਦਰਦ ਦਾ ਚਿੰਨ੍ਹ ਹੋਵੇਗੀ ਜਾਂ ਰੋਣ ਦੇ ਕਰਮ ਨੂੰ ਦਸੇਗੀ । ਖ਼ਿਆਲਾਂ ਨੂੰ ਚਿੰਨ੍ਹਾਂ ਨਾਲ ਦਰਸਾਉਣ ਵਾਲੇ ਚਿੰਨ੍ਹਾਂ ਦੀ ਲਿਖਤ Ideographic Script ਜਾਂ 'ਮੂਰਤੀਮਾਨ ਲਿਪੀ' ਅਖਵਾਏਗੀ, ਜਿਸ ਤਰ੍ਹਾਂ ਦੀ ਕਿ ਚੀਨ ਦੀ ਹੈ । ਇਹਨਾਂ ਖ਼ਿਆਲਾਂ ਨੂੰ ਦਰਸਾਉਣ ਵਾਲੇ ਚਿੰਨ੍ਹਾਂ ਦੇ ਨਾਲ ਹੀ ਆਵਾਜ਼ਾਂ ਨੂੰ ਪਰਗਟਾਣ ਵਾਲੇ ਚਿੰਨ੍ਹ ਵੀ ਵਰਤੇ ਹੋਣਗੇ, ਜਿਸ ਤਰ੍ਹਾਂ ਕਿ ਮਿਸਰ ਦੇਸ਼ ਦੀ Hieroglyphic Script ਸੀ ।

* * *

ਅਜ ਤੋਂ ਪੰਜ ਸਾਢੇ ਪੰਜ ਹਜ਼ਾਰ ਵਰ੍ਹੇ ਪਹਿਲਾਂ ਲਿਖਣ ਦਾ ਇਹ ਢੰਗ ਵੀ ਸਾਡੇ ਦੇਸ਼ ਵਿੱਚ ਵਰਤਿਆ ਜਾਂਦਾ ਸੀ ।

ਸਿੰਧ ਦੇਸ਼ ਵਿੱਚ ਖੁਦਾਈ ਕਰ ਕੇ ਜ਼ਮੀਨ ਹੇਠੋਂ ਡੂੰਘੇ ਦੱਬੇ ਹੋਏ Chalcolithic Age ਅਰਥਾਤ 'ਤਾਮਰ-ਜੁਗ' ਦੇ ਬਹੁਤ ਪ੍ਰਾਚੀਨ ਸ਼ਹਿਰਾਂ ਦੇ ਖੋਲੇ ਕੱਢੇ ਗਏ ਹਨ । ਉਹਨਾਂ ਖੋਲਿਆਂ ਵਿਚੋਂ ਜੋ ਚੀਜ਼ਾਂ ਲੱਭੀਆਂ ਹਨ, ਉਹਨਾਂ ਵਿੱਚ ਬਹੁਤ ਸਾਰੇ ਮੋਹਰ ਲਾਣ ਦੇ ਠੱਪੇ ਵੀ ਹਨ, ਜੋ ਇਕ

*ਤਸਵੀਰਾਂ ਨਾਲ ਲਿਖਣ ਦਾ ਇਕ ਹੋਰ ਢੰਗ ਹੈ, ਜਿਸ ਨੂੰ Rebus ਆਖਦੇ ਹਨ । ਇਹ ਅੱਜ ਕਲ੍ਹ ਨਿਰਾ ਬੱਚਿਆਂ ਦੇ ਦਿਲ-ਪਰਚਾਵੇ ਦਾ ਸਾਮਾਨ ਰਹਿ ਗਿਆ ਹੈ । ਇਸ ਵਿੱਚ ਲਫ਼ਜ਼ ਦੇ ਉਚਾਰਣ ਨਾਲ ਮਿਲਦੇ ਨਾਂ ਵਾਲੀ ਚੀਜ਼ ਦੀ ਤਸਵੀਰ ਬਣਾਈ ਜਾਂਦੀ ਹੈ, ਜਿਸ ਤਰ੍ਹਾਂ ਜੇ ਅੰਗਰੇਜ਼ੀ ਵਿੱਚ ਲਿਖਣਾ ਹੋਵੇ : I can not fly ਤਾਂ ਇਸ ਤਰ੍ਹਾਂ ਲਿਖਿਆ ਜਾਵੇਗਾ :—




Sri Satguru Jagjit Singh Ji Elibrary NamdhariElibrary@gmail.com

ਨਰਮ ਪੱਥਰ ਨੂੰ ਖੋਦ ਕੇ ਬਣਾਏ ਗਏ ਹਨ । ਇਹਨਾਂ ਨੂੰ Steatite Seals ਕਹਿੰਦੇ ਹਨ । ਇਹਨਾਂ ਠੱਪਿਆਂ ਦੇ ਪਿੱਛੇ ਛੇਕ ਬਣੇ ਹੋਏ ਹਨ, ਜਿਨ੍ਹਾਂ ਵਿੱਚ ਡੋਰੀ ਪਰੋ ਕੇ ਤਾਅਵੀਜ਼ ਵਾਂਗ ਡੌਲੇ ਉੱਪਰ ਬੰਨ੍ਹ ਜਾਂ ਗਲ ਵਿੱਚ ਲਟਕਾ ਸਕੀਦਾ ਹੈ ।

ਠੱਪਿਆਂ ਉਪਰ ਕੁਝ ਚਿੰਨ੍ਹ ਬਣੇ ਹੋਏ ਹਨ ਜੋ ਮਾਲਕਾਂ ਦੇ ਨਾਂ ਜਾਂ ਉਨ੍ਹਾਂ ਦੀ ਅੱਲ ਜਾਂ ਕਿਸੇ ਦੇਵੀ ਦੇਵਤੇ ਦਾ ਨਾਂ ਵਗੈਰਾ ਲਿਖੇ ਸਮਝੇ ਜਾਂਦੇ ਹਨ । ਇਹ ਹਾਲੀਂ ਪੜ੍ਹੇ ਨਹੀਂ ਜਾ ਸਕੇ, ਸ਼ਾਇਦ ਕਦੇ ਕੋਈ ਦੋ ਤਿੰਨ ਬੋਲੀਆਂ ਤੇ ਲਿਪੀਆਂ ਵਿੱਚ ਲਿਖਿਆ ਕੋਈ ਰੋਜ਼ੇਟਾ ਸਟੋਨ (Rosetta Stone) ਇਹਨਾਂ ਨੂੰ ਪੜ੍ਹਨ ਦੀ ਕੁੰਜੀ ਮਿਲ ਜਾਏ । ਇਹ ਲਿਖਤ ਜਾਂ ਲਿਪੀ ਮੂਰਤੀਮਾਨ ਹੈ, ਜਿਸ ਵਿੱਚ ਹਾਥੀ, ਗੈਂਡੇ, ਆਦਮੀ ਤੇ ਕੁਝ ਸੰਨ੍ਹੀਆਂ ਚਿਮਟੀਆਂ ਜਿਹੀਆਂ ਵਸਤਾਂ ਦੀਆਂ ਤਸਵੀਰਾਂ ਹਨ । ਠੀਕ ਇਸ ਨਾਲ ਮੇਲ ਖਾਂਦੀਆਂ ਲਿਖਤਾਂ ਮਿਸਰ ਦੇਸ਼ ਅਤੇ ਕਰੀਟ ਦੀਪ ਦੀਆਂ ਪ੍ਰਾਚੀਨ ਯਾਦਗਾਰਾਂ ਤੋਂ ਮਿਲੀਆਂ ਹਨ । ਤਿੰਨਾਂ ਦੇਸ਼ਾਂ ਦੀਆਂ ਲਿਖਤਾਂ ਦੇ ਨਮੂਨੇ ਪਲੇਟ ਨੰਬਰ I, II ਵਿੱਚ ਦਿੱਤੇ ਹਨ । ਇਹਨਾਂ ਦੇ ਚਿੰਨ੍ਹ ਆਪੋ ਵਿੱਚ ਮਿਲਦੇ ਹਨ ਅਤੇ ਕੋਈ ਅਜਬ ਨਹੀਂ ਕਿ ਕੁਝ ਸਾਂਝੇ ਅਰਥ ਵਾਲੇ ਹੋਣ ।

ਮਿਸਰ ਦੇਸ਼ ਦੇ Hieroglyphs ਪੜ੍ਹੇ ਜਾਣ ਦੀ ਕਹਾਣੀ ਬੜੀ ਮਜ਼ੇਦਾਰ ਹੈ । ਮਿਸਰ ਦੇਸ਼ ਵਿੱਚ ਸਿਕੰਦਰੀਆ ਤੋਂ ਕੁਝ ਮੀਲ ਚੜ੍ਹਦੇ ਵੱਲ ਸਮੁੰਦਰ ਦੇ ਕੰਢੇ ਇਕ ਕਸਬਾ, ਰੋਜ਼ੈੱਟਾ ਨਾਮ ਦਾ ਹੈ । ਸੰਨ ੧੭੯੯ ਈ: ਵਿੱਚ ਇਕ ਫ਼ਰਾਂਸੀਸੀ ਫ਼ੌਜੀ ਅਫ਼ਸਰ ਨੂੰ ਖੁਦਾਈ ਕਰਦਿਆਂ ਕਾਲੇ ਸਖ਼ਤ ਪੱਥਰ ਦੀ ਇਕ ਵੱਡੀ ਸਾਰੀ ਸਿਲਾ ਮਿਲੀ, ਜਿਸ ਪੁਰ ਉਪਰ ਹੇਠਾਂ ਤਿੰਨ ਰਕਮ ਦੀਆਂ ਲਿਖਤਾਂ ਕੀਤੀਆਂ ਸਨ । ਸਭ ਤੋਂ ਹੇਠਲੀ ਲਿਖਤ ਯੂਨਾਨੀ ਵਿੱਚ ਸੀ । ਅਫ਼ਸਰ ਨੇ ਕਿਆਸ ਕੀਤਾ ਕਿ ਤਿੰਨੇ ਲਿਖਤਾਂ ਇਕੋ ਮਤਲਬ ਦੀਆਂ ਹੋਣਗੀਆਂ ਅਤੇ ਹੋ ਸਕਦਾ ਹੈ ਕਿ ਯੂਨਾਨੀ ਦੀ ਮਦਦ ਨਾਲ ਸਾਰੀਆਂ ਹੀ ਪੜ੍ਹੀਆਂ ਜਾ ਸਕਣ । ਸੰਨ ੧੮੦੧ ਈ: ਵਿੱਚ ਇਹ ਮਸ਼ਹੂਰ ਸਿਲਾ ਬ੍ਰਿਟਿਸ਼ ਮਿਊਜ਼ੀਅਮ ਵਿੱਚ ਅਪੜੀ ਅਤੇ ਸਰਕਾਰ ਨੇ ਲਿਖਤਾਂ ਦੇ ਛਾਪੇ ਲੈ ਕੇ ਸਾਰੇ ਯੂਰਪ ਤੇ ਅਮਰੀਕਾ ਦੇ ਵਿਦਵਾਨਾਂ ਪਾਸ ਭੇਜ ਦਿੱਤੇ । ਇਕ ਤੀਖਣ-ਬੁਧੀ ਨੌਜਵਾਨ ਫ਼ਰਾਂਸੀਸੀ ਵਿਦਵਾਨ, 'ਜੀਨ ਫ਼ਰਾਂਸਾਏ ਸ਼ੈਂਮਪੋਲੀਓਂ' ਨੇ, ਜਿਸਨੂੰ ਮਿਸਰੀ ਜ਼ਬਾਨ ਦੀ 'ਕਬਤੀ' قبطی (Coptic) ਬੋਲੀ ਤੋਂ ਚੰਗੀ ਵਾਕਫ਼ੀ ਸੀ, ਸੰਨ ੧੮੨੨ ਈ: ਤਕ ਮਲਕਾ ਅਤੇ ਬਾਦਸ਼ਾਹ ਦੇ ਨਾਵਾਂ ਵਿੱਚ ਦੇ (ਜੋ ਯੂਨਾਨੀ ਅੱਖਰਾਂ ਵਿਚ ਦਿਤੇ ਸਨ) ਬਾਰ੍ਹਾਂ ਅੱਖਰਾਂ ਦੀ ਪਛਾਣ ਯੂਨਾਨੀ ਤੋਂ ਉਪਰਲੀਆਂ ਦੋ ਲਿਖਤਾਂ ਵਿੱਚ ਵੀ ਕਰ ਲਈ । ਅੰਤ ਉਸ ਦੇ ਓਡੇ ਹੀ ਬੁੱਧੀਮਾਨ ਪੁੱਤਰ ਨੇ ਸੰਨ ੧੮੪੧ ਈ: ਵਿੱਚ ਸਾਰੇ ਦੇ ਸਾਰੇ ਦੋਵੇਂ ਲੇਖ ਚੰਗੀ ਤਰ੍ਹਾਂ ਪੜ੍ਹ ਲਏ । ਇਹ ਹੈ 'ਰੋਜ਼ੈੱਟਾ ਸਟੋਨ' ਜਿਸ ਦੀ ਮਦਦ ਨਾਲ ਚਾਲ੍ਹੀਆਂ ਵਰ੍ਹਿਆਂ ਵਿੱਚ ਨਾ ਨਿਰਾ ਮਸੀਹ ਤੋਂ ਕੁਝ ਸਦੀਆਂ ਪਹਿਲੇ ਦੀ ਮਿਸਰ ਦੇਸ਼ ਵਿੱਚ ਪਰ-ਚੱਲਤ Demotic ਨਾਮ ਦੀ ਲਿਪੀ ਪੜ੍ਹ ਲਈ ਗਈ, ਸਗੋਂ ਛੇ ਹਜ਼ਾਰ ਵਰ੍ਹਾ ਪੁਰਾਣੀ Hieroglyphic ਲਿਖਤ ਦਾ ਭੇਦ ਵੀ ਖੁਲ੍ਹ ਗਿਆ । ਇਹ ਪੱਥਰ ੧੯੮ ਪੂਰਬ ਈਸਵੀ ਦਾ ਲਿਖਿਆ ਹੋਇਆ ਹੈ । ਮਲਕਾ ਕਲੋਓਪੈਟਰਾ ਅਤੇ ਬਾਦਸ਼ਾਹ ਟੋਲੋਮਾਇਸ ਦੇ ਨਾਂ ਪਟੜੀਆਂ ਦੇ ਅੰਦਰ ਮਿਸਰੀ Hieroglyphics ਵਿੱਚ ਲਿਖੇ ਅਸਾਂ ਪਲੇਟ ਨੰਬਰ II ਵਿੱਚ ਦਿਖਾਏ ਹਨ ।

ਉਸੇ ਪਲੇਟ ਵਿੱਚ ਕਰੀਟ ਦੀਪ ਤੋਂ ਮਿਲੀ ੪੦੦੦ ਵਰ੍ਹਾ ਪੁਰਾਣੀ ਇਕ ਮੋਹਰ ਦੇ ਦੋ ਪਾਸਿਆਂ ਦੀਆਂ ਲਿਖਤਾਂ ਵੀ ਦਿੱਤੀਆਂ ਹਨ, ਜਿਨ੍ਹਾਂ ਦੇ ਕਿਤਨੇਕੁ ਨਿਸ਼ਾਨ, ਚਿਮਟੀਆਂ ਛੈਣੀਆਂ

Sri Satguru Jagjit Singh Ji Elibrary NamdhariElibrary@gmail.com

ਆਦਿ ਸਿੰਧ ਦੇਸ ਤੋਂ ਨਿਕਲੀਆਂ ਮੋਹਰਾਂ ਪੁਰ ਦੇ ਨਿਸ਼ਾਨਾਂ ਨਾਲ ਮਿਲਦੇ ਹਨ । ਵਿਹ ਕਰੀਟ ਦੀਪ ਦੀਆਂ ਲਿਖਤਾਂ ਹਾਲੀਂ ਪੜ੍ਹੀਆਂ ਨਹੀਂ ਜਾ ਸਕੀਆਂ । ਪ੍ਰੋਫੈਸਰ ਜੇ. ਆਈ. ਐਵਨਸ, ਜਿਨ੍ਹਾਂ ਨੂੰ ਆਪਣੀ ਖੋਜ ਵਿੱਚ ਇਹ ਮੋਹਰਾਂ ਮਿਲੀਆਂ ਹਨ, ਇਹਨਾਂ ਨੂੰ ੨੫੦੦ ਪੂਰਬ ਈਸਾ ਦੀਆਂ ਦਸਦੇ ਹਨ । ਮਿਸਰ ਦੇਸ ਦੇ ਬਾਹਰਵੇਂ ਤੇ ਤੇਹਰਵੇਂ ਖ਼ਾਨਦਾਨਾਂ ਦੇ ਫ਼ਰਊਨਾਂ ਦੀਆਂ ਮੁੰਦਰੀਆਂ ਵੀ ਸਭ ਤੋਂ ਹੇਠਲੇ ਥਰਾਂ ਵਿੱਚ ਮਿਲਦੀਆਂ ਹਨ, ਜਿਨ੍ਹਾਂ ਦੇ ਕੀਮਤੀ ਥੇਵਿਆਂ ਜਾਂ ਨਗਾਂ ਉਪਰ ਖ਼ਾਸ ਤਰ੍ਹਾਂ ਦੇ ਨਿਸ਼ਾਨ ਖੁਦੇ ਹੋਏ ਹਨ । ਕਰੀਟ ਦੀਪ ਵਿੱਚ ਬਹੁਤ ਪੁਰਾਣੀ ਸਭਿਅਤਾ ਤੇ ਸੱਭਿਆਚਾਰ ਜਾਂ ਕਲਚਰ ਕਾਇਮ ਸੀ, ਜਿਸ ਦੇ ਨਿਸ਼ਾਨ ੨੫੦੦ ਪੂਰਬ ਈਸਾ ਤੋਂ ਲੈ ਕੇ ੧੨ ਸਦੀਆਂ ਤਕ ਪਾਏ ਗਏ ਹਨ । ਇਸ ਨੂੰ Minoan Culture ਆਖਦੇ ਹਨ । ਲਿਖਣ ਦਾ ਪਿਕਟੋਗ੍ਰਾਫ ਢੰਗ ਇਹਨਾਂ ਲੋਕਾਂ ਦਾ ਆਪਣਾ ਹੀ ਵੱਖਰਾ ਕੱਢਿਆ ਹੋਇਆ ਸੀ । ਪ੍ਰੋਫੈਸਰ ਟਾਮਸ ਲਿਖਦੇ ਹਨ :—

"The most archaic inscriptions on the Seal stones are pictographic while the later types have the appearance of being a phonetic syllabary. A number of recurring elements, about 70 in number points to the common use and origin of conventional signs or symbols. Prof. Evans has analysed over a hundered of the Cretan symbols, and shown the connection of many of them with the Phoenician Alphabet. "This proves that the forms of the Phoenician letters were known before the rise of the Phoenician influence."

["ਪੱਥਰ ਦੀਆਂ ਮੋਹਰਾਂ ਉੱਪਰ ਸਭ ਤੋਂ ਪਰਾਚੀਨ ਲਿਖਤਾਂ ਚਿੱਤ੍ਰ-ਸੂਚਕ (Pictographic) ਹਨ, ਪਰ ਮਗਰਲੀਆਂ ਵੰਨਗੀਆਂ ਕਿਸੇ ਧੁਨ-ਉਚਾਰਣੀ ਵਰਣ-ਸੰਗ੍ਰਹਿ (Phonetic sylalbary) ਦਾ ਰੂਪ ਜਾਪਦੀਆਂ ਹਨ । ਕੁਝ–੭੦ ਦੇ ਲਗ ਭਗ–ਮੁੜ ਮੁੜ ਵਰਤੇ ਜਾਣ ਵਾਲੇ ਚਿੰਨ੍ਹ, ਪਰੰਪਰਕ ਨਿਸ਼ਾਨਾਂ ਜਾਂ ਚਿੰਨ੍ਹਾਂ ਦੀ ਆਮ ਵਰਤੋਂ ਅਤੇ ਮੁੱਢ ਤਾ ਪਤਾ ਦੇਂਦੇ ਹਨ । ਪ੍ਰੋ: ਐਵਨਸ ਨੇ ਸੌ ਤੋਂ ਉੱਤੇ ਕਰੀਟਨ ਚਿੰਨ੍ਹਾਂ ਦਾ ਵਿਸਲੇਸ਼ਨ ਕੀਤਾ ਹੈ ਅਤੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦਾ ਸੰਬੰਧ ਫਿਨਕੀ ਵਰਣਮਾਲਾ ਨਾਲ ਦੱਸਿਆ ਹੈ । ਇਸ ਤੋਂ ਸਾਬਤ ਹੁੰਦਾ ਹੈ ਕਿ ਫਿਨਿਕੀ ਅੱਖਰਾਂ ਦੀਆਂ ਸ਼ਕਲਾਂ ਫਿਨਿਕੀ ਪ੍ਰਭਾਵ ਦੇ ਅਰੂਜ ਤੋਂ ਪਹਿਲਾਂ ਹੀ ਪਤਾ ਸਨ ।"]

ਢਾਈ ਹਜ਼ਾਰ ਪੂਰਬ ਈਸਾ ਦੇ ਕਰੀਬ ਹੀ ਇਕ ਇੰਡੋ-ਯੂਰਪੀਅਨ ਜਾਂ ਆਰੀਆ ਨਸਲ ਦੇ ਲੋਕਾਂ ਦੀ ਕੌਮ ਦੀ ਏਸ਼ੀਆ ਕੌਚਕ ਜਾਂ ਸ਼ਾਮ ਦੇਸ ਵਿੱਚ ਭਾਰੀ ਬਾਦਸ਼ਾਹੀ ਕਾਇਮ ਸੀ । ਇਹ ਲੋਕ ਹੀ ਲੋਹੇ ਦੇ ਹਥਿਆਰ ਅਤੇ ਘੋੜੇ ਤੇ ਘੋੜ-ਰਥ ਪਹਿਲੇ ਪਹਿਲ ਇਸ ਦੇਸ ਵਿੱਚ ਲਿਆਏ ਸਨ । ਤਾਕਤ ਵਿੱਚ ਇਹ ਬਾਦਸ਼ਾਹੀ ਮਿਸਰ ਦੀ ਬਰਾਬਰੀ ਦਾ ਦਾਅਵਾ ਰਖਦੀ ਸੀ । ਇਹਨਾਂ ਨੂੰ ਹਿੱਤੀ (Hittites) ਸੱਦਦੇ ਹਨ । ਇਹਨਾਂ ਨੇ ਵੀ ਆਪਣੀ ਇਕ ਪਿਕਟੋਗ੍ਰਾਫ਼ ਬਣਾਈ ਸੀ :—

"The Hittites not only early suited the ancient cuneiform system of writing to their language, but developed too, a hieroglyphic form of writing, similar to those of Egypt and Create for their monumental inscriptions. Many of these symbols are almost identical inform to the

Egyptian, Cretan, and Semitic forms. (Thoms)

["ਹਿੱਤੀ ਲੋਕਾਂ ਨੇ ਪਹਿਲਾਂ ਤੋਂ ਹੀ ਨਾ-ਕੇਵਲ ਪਰਾਚੀਨ ਫ਼ਾਨਾ-ਨੁਮਾ (Cuneiform) ਲਿਖਣ ਢੰਗ ਹੀ ਆਪਣੀ ਬੋਲੀ ਨਾਲ ਢੁਕਾ ਲਿਆ ਸੀ, ਸਗੋਂ ਆਪਣੇ ਯਾਦਗਾਰੀ ਸਿਲਾ-ਲੇਖਾਂ ਲਈ ਮਿਸਰ ਅਤੇ ਕਰੀਟ ਵਰਗਾ ਇਕ ਸੰਕੇਤਕ (Hierogylphic) ਲਿਖਣ-ਢੰਗ ਵੀ ਉੱਨਤ ਕਰ ਲਿਆ ਸੀ। ਇਨ੍ਹਾਂ ਵਿਚੋਂ ਕਈ ਚਿੰਨ੍ਹ ਸ਼ਕਲ ਸੂਰਤ ਵਿੱਚ ਮਿਸਰੀ, ਕਰੀਟਨ ਅਤੇ ਮਗਰਲੀਆਂ ਸ਼ਾਮੀ ਸ਼ਕਲਾਂ ਨਾਲ ਲਗ ਭਗ ਮਿਲਦੇ ਜੁਲਦੇ ਹਨ।" (ਟਾਮਸ) ]

ਹਿੱਤੀ ਲੋਕਾਂ ਦੇ ਸਿਲਾ-ਲੇਖ ਸਾਰੇ ਸ਼ਾਮ ਦੇਸ ਵਿੱਚ ਦਰਿਆਏ ਦਜਲਾ ਤਕ ਪਾਏ ਜਾਂਦੇ ਹਨ। ਇਹ ਹਾਲੀਂ ਚੰਗੀ ਤਰ੍ਹਾਂ ਪੜ੍ਹੇ ਨਹੀਂ ਜਾ ਸਕੇ, ਪਰ ਇਸ ਵਿੱਚ ਕੁਝ ਸੰਦੇਹ ਨਹੀਂ ਕਿ ਇਹਨਾਂ ਲੋਕਾਂ ਨੇ ਵੀ ਪਿਛੋਂ ਬਣੀਆਂ ਸੈਮਿਟਿਕ ਲਿਪੀਆਂ ਦੇ ਪੈਦਾ ਹੋਣ ਵਿੱਚ ਬਹੁਤ ਹਿੱਸਾ ਪਾਇਆ।

ਪਿਕਟੋਗ੍ਰਾਫ਼ਿਕ ਲਿਪੀਆਂ ਦਾ ਰੂਮ ਸਾਗਰ ਦੇ ਦੁਆਲੇ ਦੇ ਦੇਸਾਂ ਅਤੇ ਉਸ ਦੇ ਦੀਪਾਂ ਵਿੱਚ ਪ੍ਰਾਚੀਨ ਸਮਿਆਂ ਵਿੱਚ ਇਤਨਾ ਫੈਲਿਆ ਹੋਇਆ ਅਤੇ ਚਿਰ ਤਕ ਰਹਿਣ ਵਾਲਾ ਰਿਵਾਜ ਦਸਦਾ ਹੈ ਕਿ ਸਿੰਧ ਦੇਸ ਦੀ ਪਿਕਟੋਗ੍ਰਾਫ਼ ਓਹਨਾਂ ਤੋਂ ਅੱਡ ਭਾਵੇਂ ਹੋਵੇ, ਪਰ ਓਹਨਾਂ ਦੇ ਅਸਰ ਤੋਂ ਸੁਤੰਤਰ ਨਹੀਂ ਸੀ। ਸਵਾਲ ਹੁੰਦਾ ਹੈ ਕਿ ਕੀ ਇਹ ਸਿੰਧ ਦੇਸ ਵਿੱਚ ਹੀ ਪੈਦਾ ਹੋਈ ਸੀ ਕਿ ਬਣੀ ਬਣਾਈ ਬਾਹਰੋਂ ਆਈ ਸੀ।

Sri Satguru Jagjit Singh Ji Elibrary NamdhariElibrary@gmail.com

## ੨

# ਸਿੰਧੂ–ਸਭਿਅਤਾ ਦਾ ਮੇਲ ਪੁਰਾਣੇ ਸਾਮਰੀ ਲੋਕਾਂ ਨਾਲ

ਸਿੰਧ ਦੇਸ ਵਿੱਚ ਮੁਹੇਨ-ਜੋ-ਦਾਰੋ* ਦੀਆਂ ਜਿਨ੍ਹਾਂ ਲਿਖਤਾਂ ਦਾ ਉਪਰ ਕਥਨ ਕੀਤਾ ਗਿਆ ਹੈ, ਓਹ ਅਸਾਂ ਕਿਹਾ ਹੈ ਕਿ ਹਾਲੀਂ ਪੜ੍ਹੀਆਂ ਨਹੀਂ ਗਈਆਂ । ਓਹਨਾਂ ਲਿਖਤਾਂ ਦਾ ਸਮਾਂ ਜੋ ਅੱਜ ਤੋਂ ਪਿੱਛੇ ਪੰਜ ਹਜ਼ਾਰ ਵਰ੍ਹਾ ਜਾਂ ਵਧੀਕ ਮੁਕੱਰਰ ਕੀਤਾ ਗਿਆ ਹੈ, ਉਸ ਦਾ ਅੰਦਾਜ਼ਾ ਉਸ ਸਭਿਅਤਾ ਤੋਂ ਲਾਇਆ ਗਿਆ ਹੈ ਜਿਸ ਦੀ ਤਸਵੀਰ ਓਥੋਂ ਦੇ ਖੰਡਰਾਂ ਵਿਚੋਂ ਲੱਭੀਆਂ ਚੀਜ਼ਾਂ; ਓਹਨਾਂ ਲੋਕਾਂ ਦੇ ਹੱਥਾਂ ਦੀਆਂ ਬਣਾਈਆਂ ਮਿੱਟੀ, ਪੱਥਰ ਅਤੇ ਧਾਤਾਂ ਦੀਆਂ ਚੀਜ਼ਾਂ; ਜ਼ੇਵਰ ਵਗੈਰਾ, ਮੋਹਰ ਲਾਣ ਦੇ ਠੱਪੇ ਜਾਂ ਰੱਖਾਂ; ਦੇਵੀ ਦੇਵਤਿਆਂ ਦੀਆਂ ਮੂਰਤੀਆਂ; ਚੌਪੜ ਤੇ ਪਚੀਸੀ ਖੇਡਣ ਦੀਆਂ ਨਰਦਾਂ ਇਕ ਖ਼ਾਸ ਜ਼ਾਤੀ ਦੇ ਲੰਮੇ ਸਿੰਗਾਂ ਵਾਲੇ ਸਾਂਢ, ਹਾਥੀ ਗੈਂਡਾ, ਬਾਘ, ਬਕਰੀ ਆਦਿ ਦੀਆਂ ਮੂਰ-ਤੀਆਂ ਵਗੈਰਾ, ਸਾਡੇ ਸਾਮ੍ਹਣੇ ਪੇਸ਼ ਕਰਦੇ ਹਨ । ਹਾਲੀਂ ਲੋਹਾ ਮਾਲੂਮ ਨਹੀਂ ਸੀ, ਜਿਸ ਕਰ ਕੇ ਇਸ ਸਭਿਅਤਾ ਨੂੰ ਤਾਮਰ-ਜੁਗ (Chalcolithic) ਕਿਹਾ ਗਿਆ ਹੈ । ਫੇਰ ਇਹ ਸਭਿਅਤਾ ਇਕ ਬਿਦੇਸ਼ੀ, ਸਾਮ ਦੇਸ ਦੀ ਪੁਰਾਣੀ ਸਾਮਰੀ ਸਭਿਅਤਾ (Sumerian Civilization) ਨਾਲ ਮੇਲ ਖਾਂਦੀ ਹੈ, ਜਿਸ ਦਾ ਸਮਾਂ ਵੀ ਓਹੋ ਹੈ ਜੋ ਇਸ ਸਿੰਧੂ-ਸਭਿਅਤਾ ਦਾ ਸਮਝਿਆ ਗਿਆ ਹੈ ।

ਇਹ ਸਭਿਅਤਾ ਸਿੰਧੂ-ਸੌਵੀਰ ਤੋਂ ਬਾਹਰ ਉੱਤਰ ਪੂਰਬ ਵਿੱਚ ਬਿਆਸ† ਨਦੀ ਤਕ ਤੇ ਨੀਲੀ ਬਾਰ, ਮਾਲਵਾ ਅਤੇ ਤੌੜ ਰੋਪੜ ਦੇ ਪਾਸ ਸ਼ਿਵਾਲਕ ਪਹਾੜੀਆਂ ਤਕ ਫੈਲੀ ਹੋਈ ਸੀ । ਪੱਛਮ ਵਿੱਚ ਸਾਰੇ ਬਲੋਚਿਸਤਾਨ ਵਿੱਚ ਤੇ ਉੱਘਰ ਕੰਧਾਰ ਤਕ ਤੇ ਮਕਰਾਨ ਦੇ ਸਮੁੰਦਰੀ ਕੰਢੇ, ਸਭ ਥਾਂ ਇਹੋ ਸਭਿਅਤਾ ਕਾਇਮ ਸੀ । ਉਸ ਵੇਲੇ ਇਹਨਾਂ ਦੇਸ਼ਾਂ ਦੇ ਕੀ ਨਾਮ ਸਨ, ਨਹੀਂ ਕਿਹਾ ਜਾ ਸਕਦਾ ।

*'ਮੁਹੇਨ-ਜੋ-ਦਾਰੋ' ਦੇ ਅਰਥ ਹਨ 'ਮੋਇਆਂ ਦਾ ਦਾਰਾ' । ਇਹ ਥਾਂ ਲੜਕਾਨੇ ਤੋਂ ੨੫ ਮੀਲ ਦੱਖਣ ਵੱਲ ਦਰਿਆਏਸਿੰਧ ਦੇ ਖੱਬੇ ਕੰਢੇ ਹੈ । 'ਹੜੱਪਾ', ਜੋ ਮਿੰਟਗੁਮਰੀ ਦੇ ਜ਼ਿਲ੍ਹੇ ਵਿਚ ਹੈ, ਵੀ ਇਸ ਸਭਿਅਤਾ ਦੇ ਅੰਦਰ ਹੀ ਹੁੰਦਾ ਸੀ ।

†ਬਿਆਸਾ ਨਦੀ ਮਸਾਂ ਬਾਰ੍ਹਾਂ ਸੌ ਵਰ੍ਹਾ ਪਿਛੇ ਤਕ ਰਾਵੀ ਦੇ ਬਰਾਬਰ ਬਰਾਬਰ ਜਾ ਕੇ ਸਿੱਠੀ ਚਨਾਬ ਦਰਿਆ ਨੂੰ ਜਾ ਮਿਲਦੀ ਸੀ । ਸਤਲੁਜ ਨਾਲ ਇਸ ਦਾ ਸੰਘਮ ਨਹੀਂ ਸੀ ਹੁੰਦਾ ।



Sri Satguru Jagjit Singh Ji Elibrary NamdhariElibrary@gmail.com

ਲੋਕਾਂ ਦਾ ਧਰਮ ਵੇਦਕ ਧਰਮ ਨਾਲੋਂ ਅੱਡ ਸੀ ਅਤੇ ਓਹਨਾਂ ਲੋਕਾਂ ਦੀ ਨਸਲ 'ਆਰੀਆ' ਨਸਲ ਨਾਲੋਂ ਭਿੰਨ। ਇਹ ਲੋਕ ਦੀਰਘ-ਕਪਾਲ (Dolico-Cephalic), ਕੱਦ ਦੇ ਛੋਟੇ ਅਤੇ ਸਰੀਰ ਦੇ ਛਰੇਰੇ ਹੁੰਦੇ ਸਨ। ਲੋਹੇ ਦੇ ਹਥਿਆਰ, ਘੋੜੇ ਤੇ ਘੋੜ-ਰਥ ਓਹਨਾਂ ਪਾਸ ਨਹੀਂ ਸਨ; ਪਰ ਪੱਕੇ ਘਰ, ਕੋਟ, ਪੁਰ ਅਤੇ ਗੜ੍ਹ ਬਣਾਂਦੇ ਸਨ। ਧਰਮ ਏਹਨਾਂ ਦਾ ਲਿੰਗ-ਪੂਜਾ (Sex-worship) ਸੀ, ਜੋ ਆਰੀਆਂ ਦੇ ਆਉਣ ਤਕ ਬਰਾਬਰ ਆਪਣੇ ਅਸਲੀ ਰੂਪ ਵਿੱਚ ਜਾਰੀ ਰਿਹਾ। ਰਿਗ ਵੇਦ ਵਿੱਚ ਇੰਦਰ ਦੇਵ ਨੂੰ ਸਿਸ਼ਨ-ਪੂਜ'* ਲੋਕਾਂ ਨੂੰ ਮਾਰਦੇ, ਵਢਦੇ ਅਤੇ ਓਹਨਾਂ ਦੇ ਨਗਰ ਘਰ ਸਾੜਦੇ ਦੱਸਿਆ ਹੈ, ਅਤੇ ਇਹਨਾਂ ਤੋਂ ਅੱਤ ਘ੍ਰਿਣਾ ਦਿਖਾਈ ਹੈ। ਕੋਈ ਅਜਬ ਨਹੀਂ ਜੋ ਹੜੱਪੇ ਦਾ ਨਗਰ ਇਹਨਾਂ ਆਰੀਆਂ ਨੇ ਹੀ ਸਾੜਿਆ ਹੋਵੇ ਅਤੇ ਉਥੇ ਮਾਰ ਧਾੜ ਕੀਤੀ ਹੋਵੇ। 'ਮੁਹੇਨ-ਜੋ-ਦਾੜੋ' ਦੇ ਸਾੜੇ ਜਾਣ ਅਤੇ ਓਥੋਂ ਦੇ ਲੋਕਾਂ ਦੇ ਕਤਲ ਕੀਤੇ ਜਾਣ ਦੇ ਨਿਸ਼ਾਨ ਵੀ ਮਿਲਦੇ ਹਨ। ਪਰ ਰਿਗ ਵੇਦ ਦੇ ਸਮੇਂ ਓਹ ਜਗ੍ਹਾ ਹਾਲੀਂ ਬਹੁਤ ਦੂਰ, ਆਰੀਆਂ ਦੀ ਪਹੁੰਚ ਤੋਂ ਬਾਹਰ ਸੀ। ਦੇਵ ਮੂਰਤੀਆਂ ਵਿੱਚ ਇਕ ਤਾਂ 'ਧਰਤੀ ਮਾਤਾ' ਦੀ ਮੂਰਤੀ ਹੈ ਜੋ ਉਪਰੋਂ ਅੱਧੀ ਤੀਵੀਂ ਤੇ ਹੇਠਲਾ ਅੱਧਾ ਧੜ ਗਊ ਦਾ ਹੈ। ਇਕ ਹੋਰ ਦੇਵੀ ਹੈ ਜੋ ਪਰਤੱਖ ਤੌਰ ਤੇ ਪਿੱਛੋਂ ਦੁਰਗਾ-ਅਸੁਰ-ਸੰਘਾਰਣੀ ਬਣੀ। ਤਿੰਨ ਮੂੰਹਾਂ ਵਾਲਾ ਇਕ ਦੇਵ ਹੈ ਜੋ ਸੱਪਾਂ ਨਾਲ ਵੇਹੜਿਆ ਹੋਇਆ ਹੈ; ਇਕ ਚੌਂਕੀ ਪੁਰ ਪੈਰਾਂ ਦੀਆਂ ਤਲੀਆਂ ਜੋੜ ਕੇ ਤੇ ਅੱਡੀਆਂ ਉੱਪਰ ਵੱਲ ਕਰ ਕੇ ਬੈਠਾ ਹੈ। ਚੌਂਕੀ ਦੇ ਹੇਠ ਬਕਰੀਆਂ, ਪਾਸ ਅੱਗੇ ਪਿੱਛੇ ਹਾਥੀ ਤੇ ਗੈਂਡਾ ਹਨ ਜਿਨ੍ਹਾਂ ਪਸ਼ੂਆਂ ਦੀ ਬਹੁਤ ਕਰ ਕੇ ਬਲੀ ਦਿੱਤੀ ਜਾਂਦੀ ਸੀ। ਇਕ ਪਾਸੇ ਵੱਡੇ ਸਿੰਗਾਂ ਵਾਲਾ ਬੜਾ ਸੁਹਣਾ ਸਾਂਢ ਹੈ, ਜਿਸ ਉਪਰ ਝੁੱਲ ਪਈ ਹੋਈ ਹੈ। ਕੁਝ ਛੋਟੇ ਛੋਟੇ ਮਨੁੱਖ ਵੀ ਹਨ। ਇਹੋ ਦੇਵ ਪਿੱਛੋਂ ਸ਼ਿਵ ਮਹਾਦੇਵ, ਨੰਦੀ ਸਾਂਢ ਅਤੇ 'ਗਣ' ਬਣ ਗਏ ਦਿਸਦੇ ਹਨ। ਇਕ ਥਾਂ Unicorn ਅਰਥਾਤ ਸਿੱਧੇ ਸਿੰਗਾਂ ਵਾਲਾ ਜੰਗਲੀ ਬੈਲ ਨਾਲ ਮਿਲਦਾ, ਬੈਲ ਵੀ ਹੈ ਜੋ ਖੁਰਲੀ ਉੱਤੇ ਖੜਾ ਖਾ ਰਿਹਾ ਹੈ। ਇਸ ਦੇਵ ਨੂੰ ਨਾਮ 'ਸ਼ਿਵ', ਪਿੱਛੋਂ ਦਾ ਦਿੱਤਾ ਹੋਇਆ ਹੈ ਜਿਸ ਦੇ ਅਰਥ ਹਨ 'ਸ਼ੁਭ' ਜਾਂ 'ਭਾਗੀ-ਭਰਿਆ'। ਹੋ ਸਕਦਾ ਹੈ ਕਿ ਸ਼ਿਬੀ ਕੌਮ ਤੋਂ ਨਾਮ ਸ਼ਿਵ ਜਾਂ ਸ਼ਿਬ ਪਿਆ ਹੋਵੇ।

ਪਰਤੱਖ ਤੌਰ ਤੇ ਇਹ ਸਭਿਅਤਾ ਰਿਗ ਵੇਦ ਦੇ ਸਮੇਂ ਨਾਲੋਂ ਬਹੁਤ ਪੁਰਾਣੀ ਸੀ ਅਤੇ ਜਿਨ੍ਹਾਂ ਲੋਕਾਂ ਦੀ ਇਹ ਸਭਿਅਤਾ ਸੀ ਓਹ ਕਿਤੋਂ ਬਾਹਰੋਂ ਆਏ ਲੋਕ ਸਨ ਜੋ ਸਿੰਧ ਦੇਸ ਵਿਚ ਬੁਲਾਨ ਤੇ ਮੂਲਾ ਦਰਿਆ ਥਾਣੀਂ ਦਾਖ਼ਲ ਹੋ ਕੇ ਚੜ੍ਹਦੇ ਤੇ ਦੱਖਣ ਵੱਲ ਫੈਲ ਗਏ ਸਨ। ਇਹਨਾਂ ਦੇ ਹੀ ਕੁਝ ਭਰਾ ਸਮੁੰਦਰ ਦੇ ਕੰਢੇ ਕੰਢੇ ਆ ਕੇ ਹਾਬ ਨਦੀ ਨੂੰ ਹੁਣ ਵਾਲੀ ਕਰਾਚੀ ਦੇ ਨੇੜੇ ਪਾਰ ਕਰ ਕੇ ਸੌਵੀਰ ਦੇਸ ਵਿੱਚ ਵੱਸ ਗਏ ਸਨ। ਓਹਨਾਂ ਦੀ ਸਭਿਅਤਾ ਅਤੇ ਓਹਨਾਂ ਦੀ 'ਮੂਰਤੀ-ਮਾਨ' ਲਿਪੀ ਦੋਵੇਂ ਓਹਨਾਂ ਨਾਲ ਬਾਹਰੋਂ ਹੀ ਆਈਆਂ ਸਨ, ਭਾਵੇਂ ਏਥੇ ਆ ਕੇ ਓਹਨਾਂ ਨੂੰ ਵਿਸਤਾਰ ਦਿੱਤਾ ਗਿਆ ਹੋਵੇ।

---

*ਲੁਧਿਆਣੇ ਦੇ ਜ਼ਿਲ੍ਹੇ ਵਿੱਚ ਅਠੂਰ ਜਾਂ ਹਠੂਰ ਇਕ ਬਹੁਤ ਪੁਰਾਣਾ ਸ਼ਹਿਰ ਹੈ। ਓਥੇ ਇਕ ਵੱਡਾ ਥੇਹ ਹੁੰਦਾ ਸੀ। ਚਾਲੀ ਪੰਜਾਹ ਵਰ੍ਹੇ ਹੋਏ ਹਨ ਜਦ ਥੇਹ ਪੁਟਿਆ ਗਿਆ ਅਤੇ ਖੂਹ ਲਈ ਖੁਦਾਈ ਕੀਤੀ ਗਈ। ਵੀਹ ਬਾਈ ਹੱਥ ਦੀ ਡੂੰਘਾਈ ਤੇ ਜਾ ਕੇ ਹੇਠੋਂ ਦੋ ਪੱਥਰ ਦੇ ਬਣੇ ਹੂ-ਬ-ਹੂ ਸ਼ਕਲ ਦੇ 'ਸਿਸ਼ਨ' (Ithyphali) ਨਿਕਲੇ, ਜਿਹੋ ਜਿਹੇ Phali ਦਾ ਜ਼ਿਕਰ ਰਿਗ ਵੇਦ ਵਿੱਚ ਹੈ। ਹਠੂਰ ਮਾਲਵੇ ਵਿੱਚ ਸਿੰਧੂ-ਸਭਿਅਤਾ ਦੇ ਅੰਤਰਗਤ ਸੀ।

ਜਿਥੇ ਇਹ ਲੋਕ ਅਤੇ ਇਹਨਾਂ ਦੀ ਸਭਿਅਤਾ, ਆਰੀਆ ਲੋਕਾਂ ਤੇ ਵੈਦਕ ਸਭਿਅਤਾ ਨਾਲੋਂ ਅਸਲੋਂ ਵਿਲੱਖਣ, ਤੇ ਇਹਨਾਂ ਤੋਂ ਪੁਰਾਣੀ ਸੀ, ਉਥੇ ਓਹ ਦਜਲਾ-ਫ਼ਰਾਤ ਦੇ ਵਿਚਾਲੇ ਦੇ ਦੇਸ (Mesopotamia ਜਾਂ ਦੁਆਬ) ਅਤੇ ਪਰ੍ਹਾਂ ਸੀਰਿਆ ਤੇ ਫਿਨੀਸ਼ੀਆ ਦੇ ਲੋਕਾਂ ਅਤੇ ਓਥੋਂ ਦੀ ਸਭਿਅਤਾ ਨਾਲ ਬਹੁਤ ਮਿਲਦੀ ਸੀ। ਏਥੇ ਪੁਰਾਣੇ ਮਸ਼ਹੂਰ ਸ਼ਹਿਰ ਤੇ ਵਪਾਰ ਦੀਆਂ ਮੰਡੀਆਂ, ਬਿਬਲੂਸ (Byblus) ਅਤੇ ਬੇਬੀਲੋਨ (Babylon) ਹੁੰਦੀਆਂ ਸਨ, ਜਿਨ੍ਹਾਂ ਨਾਵਾਂ ਪੁਰ ਏਸ ਸਾਰੇ ਦੇਸ ਨੂੰ ਸੰਸਕ੍ਰਿਤ ਪੁਸਤਕਾਂ ਵਿੱਚ ਬਬਲੂ ਜਾਂ ਬਵਰੂ ਦੇਸ ਕਰਕੇ ਲਿਖਿਆ ਹੈ। ਏਥੋਂ ਦੇ ਲੋਕ ਉਸੇ ਨਸਲ ਦੇ ਦੀਰਘ-ਕਪਾਲ ਸਨ, ਓਹੋ ਲਿੰਗ-ਪੂਜਾ ਵਾਲਾ ਧਰਮ ਸੀ। ਉਸੇ ਤਰ੍ਹਾਂ ਦੀਆਂ ਦੇਵੀ ਦੇਵਤਿਆਂ ਦੀਆਂ ਮੂਰਤੀਆਂ, ਉਸੇ ਨਸਲ ਦਾ ਸਾਂਢ, ਉਸੇ ਤਰ੍ਹਾਂ ਦੇ ਮਿੱਟੀ ਦੇ ਬਣਾ ਕੇ ਅੱਗ ਵਿੱਚ ਪਕਾਏ ਮੋਹਰਾਂ ਲਾਣ ਵਾਲੇ ਠੱਪੇ ਆਦਿ ਮਿਲੇ ਹਨ। ਇਹਨਾਂ ਦੋਹਾਂ ਦਾ ਆਪੋ ਵਿੱਚ ਮੁਕਾਬਲਾ ਕਰ ਕੇ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿੰਦਾ ਕਿ ਇਹ ਦੋਵੇਂ, ਪੱਛਮ ਵਿੱਚ ਬਬਰੂ ਦੇਸ ਦੇ ਅਤੇ ਪਰਵ ਵਿੱਚ ਸਿੰਧੂ ਦੇਸ ਦੇ ਲੋਕ, ਇੱਕੋ ਨਸਲ ਦੇ ਲੋਕ ਸਨ, ਜਿਨ੍ਹਾਂ ਵਿੱਚ ਅੱਡ ਹੋਣ ਤੋਂ ਪਿੱਛੋਂ ਵੀ ਆਵਾਜਾਈ ਹੁੰਦੀ ਰਹੀ ਅਤੇ ਮੇਲ ਦਾ ਸੰਬੰਧ ਬਣਿਆ ਰਿਹਾ।

Memoirs of the Archeological Survey of India ਵਿਚੋਂ ਕੁਝ ਪਾਲ੍ਹਾਂ ਹੇਠਾਂ ਨਕਲ ਕਰਦੇ ਹਾਂ :—

Examination of the skeletal remains shows that the people were of a mixed race, the Mediterranean being the prepondering type. The skulls agree with those found at Al-Ubaid and Kish, and belong to a dolico-cephalic people. This together with some resemblances between pottery, beads, tools and weapons, suggests that the Indus-valley folk were an intrusive stock, who shared a common ancestory with the Sumerian; no doubt that they found a more primitive race, already in possession of the country, when they entered it, and as usually happens, intermarried with earlier inhabitants, and to some extent absorbed their customs. Recent discoveries of pottery seem to show that they came by way of the Mula pass and the coastal road which runs through Lus Bela, and the Makran, and crossed the Hob near Karachi. But they were no mere immigrants: they developed a type of civilization which was characteristically Indian. The date of Mahen-jo-daro is approximately settled by the discovery of what is an Indus-valley Seal at Tel-Asmar* in a stratum which may be dated

---

*'ਤੱਲ-ਅਸਮਰ', 'ਤਲ-ਅਦੀਦ', 'ਤਲ-ਅਮਰਨਾ' ਆਦਿ ਵਿਚ 'ਤੱਲ' ਸ਼ਬਦ ਦੇ ਅਰਥ ਹਨ ਪੁਰਾਣੇ ਸ਼ਹਿਰ ਕਸਬੇ ਦਾ ਥੇਹ ਜਾਂ ਟਿਬ। 'ਤਲ-ਵੰਡੀ' ਨਾਮ ਵਿਚ ਵੀ 'ਤਲ' ਦੇ ਇਹੋ ਅਰਥ ਹਨ। 'ਤਲ-ਵੰਡ' ਦੇ ਮਾਅਨੇ ਹਨ 'ਤਲ' ਦੇ ਪੈਰਾਂ ਵਿੱਚ ਦੀ 'ਵੰਡ' ਅਰਥਾਤ 'Mound-farm'। ਇਸ 'ਵੰਡ' ਉਪਰੇ ਆਬਾਦ ਛੋਟਾ ਜਿਹਾ ਪਿੰਡ (Hamlet) ਹੈ 'ਤਲਵੰਡੀ'।

Sri Satguru Jagjit Singh Ji Elibrary NamdhariElibrary@gmail.com

*circa* 2500 B.C. Other finds of the Mesopotamain origin in Sind and vice-versa confirm this. Allowing for the building of the successive cities at Mahen-jo-daro we may perhaps date their arrival at about one thousand years aearlier. More we cannot say until a clue is found to the pictographs. This will perhaps be provided by the discovery of a bilingual seal ; we shall then be abl: to decide whether the language spoken in the Indus valley was of Sumerian origin or not."

["ਬਚੇ-ਖੁਚੇ ਪਿੰਜਰਾਂ ਦੀਆਂ ਅਸਥੀਆਂ ਦੀ ਜਾਂਚ-ਪੜਤਾਲ ਤੋਂ ਪਤਾ ਲਗਦਾ ਹੈ ਕਿ ਉਹ ਲੋਕ ਰਲ-ਗਡ ਨਸਲ ਦੇ ਸਨ । ਉਨ੍ਹਾਂ ਵਿੱਚ ਮੱਧ-ਸਾਗਰੀ ਨਸਲ ਦੀਆਂ ਵੰਨਗੀਆਂ ਵਧੀਕ ਸਨ । ਉਨ੍ਹਾਂ ਦੀਆਂ ਖੋਪਰੀਆਂ ਅਲ-ਉਬੈਦ (Al-Ubaid) ਅਤੇ ਕਿਸ਼ (Kish) ਵਿੱਚ ਲੱਭੀਆਂ ਖੋਪਰੀਆਂ ਨਾਲ ਮਿਲਦੀਆਂ ਜੁਲਦੀਆਂ ਹਨ ਅਤੇ ਕਿਸੇ ਦੀਰਘ--ਕਪਾਲਕ (dolico cephalic) ਨਸਲ ਦੀਆਂ ਹਨ । ਇਹ ਅਤੇ, ਇਸ ਤੋਂ ਇਲਾਵਾ, ਮਿੱਟੀ ਦੇ ਭਾਂਡਿਆਂ, ਮਣਕਿਆਂ, ਓਜ਼ਾਰਾਂ ਤੇ ਹਥਿਆਰਾਂ ਵਿਚਲੀਆਂ ਸਮਾਨਤਾਈਆਂ ਦਸਦੀਆਂ ਹਨ ਕਿ ਸਿੰਧ-ਵਾਦੀ ਦੇ ਵਾਸੀ ਕੋਈ ਬਾਹਰੋਂ ਆਏ ਹੋਏ ਲੋਕ (Intrusive Stock) ਸਨ, ਜਿਨ੍ਹਾਂ ਦਾ ਪਿੱਛਾ ਸੁਮਰਾਂ ( Sumerians ) ਨਾਲ ਸਾਂਝਾ ਸੀ । ਇਸ ਵਿੱਚ ਸ਼ੱਕ ਨਹੀਂ ਕਿ ਜਦੋਂ ਉਹ ਇਥੇ ਆਏ, ਓਦੋਂ ਉਨ੍ਹਾਂ ਤੋਂ ਵੀ ਇਕ ਵਧੇਰੇ ਪ੍ਰਾਚੀਨ ਨਸਲ ਇਸ ਦੇਸ ਉਤੇ ਕਾਬਜ਼ ਸੀ । ਜਿਵੇਂ ਕਿ ਅਕਸਰ ਹੋਇਆ ਕਰਦਾ ਹੈ, ਉਨ੍ਹਾਂ ਨੇ ਪਹਿਲੇ ਵਸਨੀਕਾਂ ਨਾਲ ਵਿਆਹ-ਸ਼ਾਦੀਆਂ ਕਰ ਲਈਆਂ ਅਤੇ ਕੁਝ ਹੱਦ ਤਕ ਉਨ੍ਹਾਂ ਦੇ ਰਿਵਾਜ ਵੀ ਅਪਣਾ ਲਏ । ਅਜੋਕੇ ਹੀ ਲੱਭੇ ਮਿੱਟੀ ਦੇ ਭਾਂਡੇ ਇਹ ਗੱਲ ਪਰਗਟ ਕਰਦੇ ਪ੍ਰਤੀਤ ਹੁੰਦੇ ਹਨ ਕਿ ਓਹ ਦੱਰਾ ਮੂਲਾ ਅਤੇ ਉਸ ਸਾਹਿਲੀ ਸੜਕ ਰਾਹੀਂ ਆਏ ਸਨ ਜੋ ਲਸਬੇਲਾ ਤੇ ਮਕਰਾਨ ਅਤੇ ਕਰਾਚੀ ਦੇ ਨੇੜੇ ਹਾਬ ਨਦੀ ਨੂੰ ਪਾਰ ਕਰਦੀ ਹੈ । ਪਰ ਉਹ ਨਿਰੇ ਨਿਕਾਸੀ ਹੀ ਨਹੀਂ ਸਨ, ਬਲਕਿ ਉਨ੍ਹਾਂ ਨੇ ਤਾਂ ਸਭਿਅਤਾ ਦਾ ਇਕ ਅਜਿਹਾ ਰੂਪ ਪਰਫੁੱਲਤ ਕੀਤਾ ਸੀ ਜੋ ਆਪਣੀਆਂ ਵਿਸ਼ੇਸ਼ਤਾਈਆਂ ਕਰਕੇ ਹਿੰਦੁਸਤਾਨੀ ਸੀ । ਮੋਹਿੰਜੋਦਾਰੋ ਦਾ ਸਮਾਂ ਤਲ ਅਸਮਰ ਵਿਚ ਇਕ ਥੇਹ ਵਿਚੋਂ ਲੱਭੀ ਸਿੰਧ-ਵਾਦੀ ਦੀ ਇਕ ਉਸ ਮੋਹਰ ਤੋਂ ਲਗ ਭਗ ਨਿਸਚਿਤ ਹੋ ਜਾਂਦਾ ਹੈ ਜਿਸ ਦੀ ਤਾਰੀਖ਼ ੨੫੦੦ ਪੂਰਬ ਈਸਵੀ ਦੇ ਨੇੜੇ ਤੇੜੇ ਮਿਥੀ ਜਾ ਸਕਦੀ ਹੈ । ਸਿੰਧ ਵਿਚ ਲੱਭੀਆਂ ਮੈਸੋ-ਪੋਟੇਮੀਆ—ਮੂਲਕ (Mesopotamian Origin) ਹੋਰ ਚੀਜ਼ਾਂ ਅਤੇ ਮੈਸੋਪੋਟੇਮੀਆ ਵਿੱਚ ਲੱਭੀਆਂ ਸਿੰਧ-ਮੂਲਕ ਅਜੇਹੀਆਂ ਚੀਜ਼ਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ । ਮੋਹਿੰਜੋਦਾਰੋ ਵਿੱਚ ਉਪਰਥਲੀ ਵਸਾਏ ਗਏ ਸ਼ਹਿਰਾਂ ਦੇ ਬਣਨ ਲਈ ਵਕਫ਼ਾ ਦੇਂਦੇ ਹੋਇਆਂ ਅਸੀਂ ਉਨ੍ਹਾਂ ਦੀ ਆਵੰਦ ਦਾ ਸਮਾਂ ਸ਼ਾਇਦ ਇਸ ਤੋਂ ਵੀ ਇਕ ਹਜ਼ਾਰ ਸਾਲ ਹੋਰ ਪਹਿਲਾਂ ਮਿਥ ਸਕਦੇ ਹਾਂ । ਜਦ ਤਕ ਚਿੱਤ੍ਰ-ਸੰਕੇਤ (Pictographs) ਦੇ ਸਮਝਣ ਲਈ ਕੋਈ ਹੋਰ ਰਾਹ ਨਹੀਂ ਲਭਦਾ ਤਦ ਤਕ ਅਸੀਂ ਇਸ ਤੋਂ ਵੱਧ ਹੋਰ ਕੁਝ ਨਹੀਂ ਕਹਿ ਸਕਦੇ । ਇਹ ਰਾਹ ਸ਼ਾਇਦ, ਓਦੋਂ ਲੱਭੇਗਾ ਜਦੋਂ ਕੋਈ ਦੋ-ਭਾਖੀ (Bilingual) ਮੋਹਰ ਹੱਥ ਲੱਗ ਜਾਵੇਗੀ । ਓਦੋਂ ਹੀ ਅਸੀਂ ਇਸ ਗੱਲ ਦਾ ਫ਼ੈਸਲਾ ਕਰ ਸਕਾਂਗੇ ਕਿ ਸਿੰਧ-ਵਾਦੀ ਵਿੱਚ ਬੋਲੀ ਜਾਂਦੀ ਭਾਸ਼ਾ ਸੁਮਰੀ (Sumerian) ਅਸਲ ਦੀ ਹੈ ਜਾਂ

ਨਹੀਂ ।''

'ਸੁਮਰਾ' ਨਾਮ ਸਿੰਧ ਦੀ ਇਕ ਕੌਮ ਦਾ ਹੁਣ ਤਕ ਚਲਾ ਆਉਂਦਾ ਹੈ । ਕਿਸੇ ਸਮੇਂ ਸਿੰਧ ਦੇਸ ਦੇ ਜਾਮ ਜਾਂ ਰਾਜੇ ਇਹੋ ਲੋਕ ਹੁੰਦੇ ਸਨ । ਜਦ ਸਿਕੰਦਰ ਆਜ਼ਮ ਹਿੰਦੁਸਤਾਨ ਤੋਂ ਮੁੜਦਾ ਹੋਇਆ ਉੱਚ ਅਪੜਿਆ ਤਦ ਇਥੋਂ ਦੀ ਕੌਮ ਸੁਮਰਾ ਨੇ ਡੱਟ ਕੇ ਮੁਕਾਬਲਾ ਕੀਤਾ, ਜਿਸ ਕਰਕੇ ਸਿਕੰਦਰ ਨੂੰ ਚੋਖਾ ਚਿਰ ਏਥੇ ਠਹਿਰਨਾ ਪਿਆ । ਕਰਟੀਅਸ (Curtius) ਲਿਖਦਾ ਹੈ ਕਿ ''ਇਥੋਂ ਦੀ ਜਿਸ ਜੰਗਜੂ ਕੌਮ ਸੁਮਰਾ ਨੇ ਡੱਟ ਕੇ ਸਿਕੰਦਰ ਦਾ ਟਾਕਰਾ ਕੀਤਾ ਸੀ, ਉਹ ਸੁਮਰੀ ਤੇ ਸੁਮ-ਬੀਗਰ (Sumarii) ਇਕ ਭਾਰੀ ਤਾਕਤ ਸਨ । ਉਨ੍ਹਾਂ ਦੀ ਫੌਜ ਵਿੱਚ ਸੱਠ ਹਜ਼ਾਰ ਪਿਆਦਾ, ਛੇ ਹਜ਼ਾਰ ਸਵਾਰ ਤੇ ਪੰਜ ਸੌ ਰੱਥ ਸਨ ।'' ਜੈਸਲਮੇਰ ਦੇ ਭੱਟੀ ਰਾਪੂਤ ਅਤੇ ਬੀਕਾਨੇਰ ਦੇ ਬਾਗੜੀ (Bigarr) ਇਹਨਾਂ ਸੁਮਰਾਂ ਦੀ ਔਲਾਦ ਸਮਝੇ ਜਾਂਦੇ ਹਨ । ਬਗੜੀ ਜਾਂ ਬਾਗੜੀ ਦੇ ਅਰਥ ਹਨ ਜੰਗਲ ਦਾ ਰਹਿਣ ਵਾਲਾ—'ਜਾਂਗਲੀ' । ਬਾਗੜੀ ਨਾਮ ਜੱਟ-ਰਾਜਪੂਤਾਂ ਲਈ ਵਰਤਿਆ ਜਾਂਦਾ ਹੈ । ਸੁਮਰੀ ਉਹ ਲੋਕ ਸਨ ਜਿਨ੍ਹਾਂ ਬਾਬਤ ਸ਼ਾਮ, ਅਰਬ, ਪਾਰਸ ਦੇਸਾਂ ਵਿੱਚ ਇਹ ਖਿਆਲ ਫੈਲਿਆ ਹੋਇਆ ਸੀ ਕਿ ਉਹ ਬੜੇ ਜਾਦੂਗਰ ਸਨ । 'ਸਿਹਰਿ ਸਾਮਰੀ' سحر سامری ਆਮ ਮੁਹਾਵਰੇ ਦਾ ਪਦ ਬਣ ਗਿਆ ਹੋਇਆ ਹੈ ।

ਸੋ ਮੂਰਤੀਮਾਨ ਲਿਪੀ, ਜੋ ਜੰਤਰ ਜਿਹੇ ਲਿਖੇ ਹੋਏ ਜਾਪਦੀ ਹੈ, ਸੁਮੇਰੀਅਨ ਸਭਿਅਤਾ ਦਾ ਭਾਗ ਸੀ ਅਤੇ ਸੁਮਰਾ ਲੋਕਾਂ ਦੇ ਨਾਲ ਹੀ ਬਬਲੂ ਦੇਸ ਤੋਂ ਸਿੰਧ ਵਿੱਚ ਆਈ ਸੀ ।

'ਖਰੋਸ਼ਠੀ' ਤੇ 'ਬ੍ਰਹਮੀ', 'ਸ਼ਬਦ-ਮੂਲਕ' ਲਿਪੀਆਂ ਦਾ ਇਸ 'ਮੁਹੇਨ-ਜੋ-ਦਾਰੋ' ਅਤੇ ਹੜੱਪਾ ਤੋਂ ਨਿਕਲੀ ਮੂਰਤੀਮਾਨ ਲਿਪੀ ਨਾਲ ਕੋਈ ਵਾਸਤਾ ਨਹੀਂ ਅਤੇ ਨਾਂਹ ਹੀ ਹਜ਼ਾਰਾਂ ਵਰ੍ਹੇ ਪਿਛੋਂ ਵਰਤਣ ਵਿੱਚ ਆਈਆਂ ਲਿਪੀਆਂ ਉਸ ਮੂਰਤੀਮਾਨ ਲਿਪੀ ਤੋਂ ਕਿਸੇ ਤਰ੍ਹਾਂ ਬਣੀਆਂ ਹਨ । ਓਹਨਾਂ ਦਾ ਸੋਮਾ ਹੋਰ ਹੀ ਹੈ । ਸਿਲਾ-ਲੇਖ, ਸਿੱਕੇ, ਅਸ਼ੋਕ ਮਹਾਰਾਜ ਦੀਆਂ ਧਰਮ-ਆਗਿਆਵਾਂ—ਪਹਾੜਾਂ ਉੱਤੇ ਜਾਂ ਪੱਥਰ ਜਾਂ ਲੋਹੇ ਦੇ ਥੰਮ੍ਹਾਂ ਉੱਪਰ ਲਿਖੀਆਂ ਹੋਈਆਂ ਪਿੱਛੇ ਬਾਈ ਤਈ ਸੌ ਵਰ੍ਹਾ ਹੀ ਜਾਂਦੀਆਂ ਹਨ । ਇਹਨਾਂ ਲਿਖਤਾਂ ਅਤੇ ਮੁਹੇਨ-ਜੋ-ਦਾਰੋ ਦੀ ਸਭਿਅਤਾ ਵਿਚਾਲੇ ਜੋ ਢਾਈ ਤਿੰਨ ਹਜ਼ਾਰ ਵਰ੍ਹੇ ਦੀ ਵਿੱਥ ਹੈ, ਉਸ ਵਿੱਚ ਕਿਸ ਤਰ੍ਹਾਂ ਦੀਆਂ ਲਿਖਤਾਂ ਹੁੰਦੀਆਂ ਸਨ ਕਿ ਹੁੰਦੀਆਂ ਹੀ ਨਹੀਂ ਸਨ, ਉਸ ਬਾਬਤ ਕੁਝ ਮਾਲੂਮ ਨਹੀਂ । ਪਰ ਸਿਲਾ-ਲੇਖਾਂ ਦਾ ਹੋਣਾ ਅਤੇ ਓਹ ਵੀ ਆਮ ਲੋਕਾਂ ਦੀ ਬੋਲੀ ਵਿੱਚ ਅਤੇ ਓਹਨਾਂ ਲਈ ਹੋਣਾ ਦਸਦਾ ਹੈ ਕਿ ਆਮ ਲੋਕੀ ਇਹਨਾਂ ਨੂੰ ਪੜ੍ਹ ਸਕਦੇ ਸਨ ਅਤੇ ਜੇ ਆਮ ਲੋਕੀ ਪੜ੍ਹ ਸਕਦੇ ਸਨ ਤਾਂ ਜ਼ਰੂਰੀ ਹੋਇਆ ਕਿ ਇਹਨਾਂ ਲਿਪੀਆਂ ਦਾ ਰਿਵਾਜ ਬਾਈ ਤੇਈ ਸੌ ਵਰ੍ਹੇ ਤੋਂ ਢੇਰ ਚਿਰ ਪਹਿਲੋਂ ਦਾ ਸੀ । ਹੋਰ ਕਈ ਇਕ ਯੁਕਤੀਆਂ ਵਰਤ ਕੇ ਵਿਦ-ਵਾਨ ਇਸ ਸਿੱਟੇ ਪੁਰ ਅਪੜੇ ਹਨ ਕਿ ਛੱਬੀ ਸਤਾਈ ਸੌ ਵਰ੍ਹਾ ਪਹਿਲੇ ਭਾਰਤ ਵਰਸ਼ ਵਿੱਚ ਲਿਖਣ ਦਾ ਹੁਨਰ ਮਾਲੂਮ ਨਹੀਂ ਸੀ । ਪਰ ਫੇਰ ਢਾਈ ਹਜ਼ਾਰ ਵਰ੍ਹਾ ਹੋਇਆ ਹੈ ਇਹ ਲਿਪੀਆਂ ਆ ਕਿੱਥੋਂ ਗਈਆਂ ? ਬ੍ਰਾਹਮਣ ਲੋਕ ਵੇਦਾਂ ਤੇ ਹੋਰ ਧਾਰਮਕ ਪੁਸਤਕਾਂ ਨੂੰ ਜ਼ਬਾਨੀ ਯਾਦ ਕਰ ਲੈਂਦੇ ਸਨ ਅਤੇ ਇਹ ਵੀ ਪ੍ਰਸਿੱਧ ਹੈ ਕਿ ਜਦ ਕਿਸੇ ਬੋਧ-ਸੰਘ ਨੂੰ ਕਿਸੇ ਧਾਰਮਕ ਰਚਨਾ ਦੇ ਜਾਣਨ ਦੀ ਲੋੜ ਹੁੰਦੀ ਸੀ ਤਦ ਓਹ ਕਿਸੇ ਵਿਹਾਰ ਤੋਂ ਕਿਸੇ ਵਿਦਵਾਨ ਭਿਖੂ ਦੀ ਮੰਗ ਕਰ ਭੇਜਦਾ ਸੀ, ਜਿਵੇਂ ਅਸੀਂ ਅੱਜ ਕਲ੍ਹ ਕਿਸੇ ਪੁਸਤਕਾਲੇ ਤੋਂ ਕਿਤਾਬ ਲੈ ਆਈਏ । ਬੋਧਾਂ ਦੇ ਧਾਰਮਕ ਪੁਸਤਕ, ਤ੍ਰਿਪਿਟਕ, ਵੀ ਸਿੰਹਲੀ ਰਾਜਾ 'ਦੁਟ-ਗਮਿਨੀ' ਦੇ ਅਹਿਦ ਵਿੱਚ ਮਸੀਹ ਤੋਂ ਸੱਭੋ ਪੰਜਾਹ ਵਰ੍ਹੇ

ਪਹਿਲੋਂ ਪ੍ਰਥਮ ਵਾਰ ਲਿਖੇ ਗਏ ਸਨ । ਇਸ ਤੋਂ ਅਸੀਂ ਇਹ ਨਤੀਜਾ ਕੱਢ ਸਕਦੇ ਹਾਂ ਕਿ ਲਿਖਣ ਦਾ ਹੁਨਰ, ਧਾਰਮਕ ਪੁਸਤਕ ਲਿਖੇ ਜਾਣ ਤੋਂ ਪਹਿਲੇ, ਕੇਵਲ ਵਿਹਾਰ ਕਾਰ ਲਈ ਹੀ ਵਰਤਿਆ ਜਾਂਦਾ ਸੀ ।

ਖੋਜ ਕਰਨ ਪੁਰ ਪਤਾ ਲਗਦਾ ਹੈ ਕਿ ਇਹ ਦੋਵੇਂ ਸ਼ਬਦ-ਮੂਲਕ ਲਿਪੀਆਂ ਵੀ ਉਸੇ ਬਥਰੂ ਪਿਕਟੋਗ੍ਰਾਫ ਵਾਂਗ ਦੇਸ ਤੋਂ ਆਈਆਂ ਸਨ ਅਤੇ ਇਹਨਾਂ ਦੇ ਲਿਆਉਣ ਵਾਲੇ ਵਪਾਰੀ ਲੋਕ ਸਨ ਜੋ ਭਾਰਤਵਰਸ਼ ਤੋਂ ਵਪਾਰ ਖ਼ਾਤਰ ਉਧਰ ਜਾਇਆ ਕਰਦੇ ਸਨ ।

# ੩

# ਭਾਰਤ ਦਾ ਬੇਬੀਲੋਨ ਨਾਲ ਵਪਾਰ

ਸਿੰਧ ਦੇਸ ਤੋਂ ਬੇਬੀਲੋਨ ਨੂੰ ਜੋ ਦੋ ਖ਼ੁਸ਼ਕੀ ਦੇ ਰਾਹ ਸਨ, ਅਤੇ ਜਿਨ੍ਹਾਂ ਵੱਲ ਇਸ਼ਾਰਾ ਉਪਰ ਕੀਤਾ ਗਿਆ ਹੈ, ਪਿਛੋਂ ਵੀ ਹਜ਼ਾਰਾਂ ਵਰ੍ਹੇ ਓਕਰਾਂ ਹੀ ਵਗਦੇ ਰਹੇ। ਸਿਕੰਦਰ ਆਜ਼ਮ ਨੇ ਬਾਬਲ ਨੂੰ ਮੁੜਦੇ ਸਮੇਂ ਦੋਵੇਂ ਰਸਤੇ ਲਏ ਸਨ। ਆਪਣ। ਫ਼ੌਜ ਦੇ ਤਿੰਨ ਹਿੱਸੇ ਕਰ ਕੇ, ਇੱਕ ਹਿੱਸੇ ਨੂੰ ਨਿਆਰਕਸ, ਸਾਗਰ-ਸੈਨਾਪਤੀ, ਦੀ ਕਮਾਨ ਵਿੱਚ ਬੇੜਾ ਦੇ ਕੇ ਸਮੁੰਦਰ ਦੇ ਰਸਤੇ ਭੇਜਿਆ ਕਿ ਰਸਤੇ ਵਿੱਚ ਕਿਨਾਰੇ ਲੱਗ ਕੇ ਉਸ ਨੂੰ ਮੁਕੱਰਰਾ ਥਾਂਵਾਂ ਤੇ ਮਿਲਦਾ ਜਾਵੇ। ਦੂਜਾ ਭਾਗ ਪੰਜ ਨਦ ਤੋਂ ਨਿਖੜ ਕੇ ਦਰਾ-ਮੂਲਾ ਤੇ ਬੁਲਾਨ° ਅਤੇ ਸਿੱਬੀ ਹੁੰਦਾ ਹੋਇਆ ਖ਼ੁਸ਼ਕੀ ਦੇ ਉਪਰਲੇ ਰਸਤੇ ਗਿਆ। ਇਸ ਨੇ ਸੂਸਾ ਵਿੱਚ ਸਿਕੰਦਰ ਨੂੰ ਮਿਲ ਪੈਣਾ ਸੀ। ਤੀਸਰਾ ਭਾਗ ਸਿਕੰਦਰ ਦੇ ਆਪਣੇ ਨਾਲ ਸੀ। ਇਸ ਨੇ ਆਪ ਸਮੁੰਦਰ ਦੇ ਕੰਢੇ ਦਾ ਰਸਤਾ ਲਸਬੇਲਾ ਤੇ ਮਕਰਾਨ ਥਾਣੀਂ ਲਿਆ। ਪਰਤੱਖ ਤੌਰ ਤੇ ਸਿਕੰਦਰ ਦਾ ਮਤਲਬ ਸੀ ਕਿ ਇਹਨਾਂ ਤਿੰਨਾਂ ਹੀ ਰਸਤਿਆਂ ਨੂੰ ਵੇਖਦਾ ਜਾਏ ਅਤੇ ਓਹਨਾਂ ਦੀਆਂ ਮੁਸ਼ਕਲਾਂ ਦਾ ਅੰਦਾਜ਼ਾ ਕਰ ਲਏ, ਜਿਸ ਤੇ ਫੇਰ ਕਦੇ ਹਿੰਦੁਸਤਾਨ ਪੁਰ ਚੜ੍ਹਾਈ ਕਰਨੀ ਹੋਵੇ ਤਦ ਰਸਤਿਆਂ ਦੀ ਪੂਰੀ ਵਾਕਫ਼ੀ ਆਪਣੇ ਕੋਲ ਹੋਵੇ। ਇਹ ਤਿੰਨੇ ਰਸਤੇ ਹਿੰਦ ਦੇ ਵਪਾਰੀ ਵਰਤਦੇ ਸਨ। ਦੱਖਣ ਦੇ ਦਰਾਵੜੀ ਸੌਦਾਗਰ ਸਮੁੰਦਰ ਦੇ ਰਸਤੇ; ਦਰਿਆਏ ਫ਼ਰਾਤ ਦੇ ਕੰਢੇ 'ਊਰ' (Ur), ਜੋ ਕਲਦਾਨੀ ਲੋਕਾਂ ਦੀ ਰਾਜਧਾਨੀ ਸੀ ਤੇ ਸਮੁੰਦਰ† ਦੇ ਕੰਢੇ ਪੁਰ ਸੀ, ਅਪੜਦੇ ਸਨ। ਓਥੋਂ ਦਰਿਆ ਦੇ ਰਸਤੇ ਬੇਬੀਲੋਨ ਤਕ ਕਿਸ਼ਤੀਆਂ ਵਿੱਚ ਜਾਂਦੇ ਸਨ। ਪੰਜਾਬ ਦੇ ਦੱਖਣੀ ਹਿੱਸੇ ਤੇ ਸਿੰਧ ਦੇ ਉੱਤਰੀ ਹਿੱਸੇ ਦੇ ਵਪਾਰੀ ਉਪਰਲੇ ਖ਼ੁਸ਼ਕੀ ਦੇ ਰਸਤੇ ਆਪਣੇ ਕਾਫ਼ਲੇ ਲੈ ਕੇ ਨਿਕਲਦੇ ਸਨ ਅਤੇ ਦੱਖਣੀ ਸਿੰਧ ਤੇ ਸੌਵੀਰ ਦੇ ਵਪਾਰੀ ਲਸਬੇਲਾ ਤੇ ਮਕਰਾਨ

---

°ਬੁਲਾਨ ਤੇ ਸ਼ਿਬੀ ਦੋ ਕੌਮਾਂ ਸਨ। ਬੁਲਾਨ ਦਾ ਹੀ ਪਿਛੋਂ ਬੁਲਾਕ ਬਣ ਗਿਆ ਹੈ। ਰਾਜਾ ਸ਼ਿਬੀ ਦਾ ਆਪਣੇ ਸਰੀਰ ਵਿਚੋਂ ਮਾਸ ਕਢ ਕੇ, ਬਾਜ਼ ਨੂੰ ਦੇਕੇ, ਇਕ ਘੁਗੀ ਨੂੰ ਬਚਾਣ ਦੀ ਕਹਾਣੀ ਪੁਰਾਣਾਂ ਵਿੱਚ ਲਿਖੀ ਹੋਈ ਹੈ।

†ਪੁਰਾਣੇ ਸਮੇਂ 'ਫ਼ਾਰਸ-ਖਾੜੀ' ਬਹੁਤ ਉੱਤਰ ਤਕ ਜਾਂਦੀ ਸੀ ਅਤੇ ਦਜਲਾ ਤੇ ਫ਼ਰਾਤ ਇਕ ਦੂਜੇ ਤੋਂ ੮੦ ਮੀਲ ਦੀ ਵਿੱਥ ਤੇ ਵੱਖੋ ਵੱਖ ਖਾੜੀ ਵਿੱਚ ਆ ਪੈਂਦੇ ਸਨ। ਊਰ (Ur) ਖਾੜੀ ਦੇ ਸਿਰੇ ਪੁਰ ਬੰਦਰਗਾਹ ਸੀ। ਦਜਲੇ ਵਾਲੀ ਦਾ ਵਾਲੀ ਖਾੜੀ ਹੇਠਾਂ ਸੀ ਅਤੇ ਬੁਧ ਵਾਲੀ ਬੰਦਰਗਾਹ, ਬਸਰਾ ਸ਼ਹਿਰ, ਨੂੰ ਦਰਿਆ ਲਈ ਦੋ ਸੌ ਮੀਲ ਵਧਣਾ ਹੋਇਆ ਹੈ।



Sri Satguru Jagjit Singh Ji Elibrary NamdhariElibrary@gmail.com

ਦੇ ਰਸਤੇ ਟੁਰਦੇ ਸਨ। ਇਹਨਾਂ ਸੌਦਾਗਰਾਂ ਦੇ ਬਣਾਏ ਹੀ ਪੁਰਾਣੇ ਮੰਦਰ ਸੋਮਨਾਥ, ਹਿੰਗਲਾਜ ਆਦਿ ਸਨ। ਇਹਨਾਂ ਵਪਾਰੀਆਂ ਵਿੱਚ ਕਈ ਤਰ੍ਹਾਂ ਦੇ ਲੋਕ ਹੁੰਦੇ ਸਨ। ਜੋ ਜਹਾਜ਼ਾਂ ਨਾਲ ਜਾਂਦੇ ਸਨ, ਉਹਨਾਂ ਦਾ ਵਪਾਰ ਦਰਿਆਵਾਂ ਦੇ ਕੰਢੇ ਵਸੇ ਸ਼ਹਿਰਾਂ ਤਕ ਰਹਿੰਦਾ ਸੀ। ਪਰ ਜੋ ਕਾਫਲੇ ਜਾਂ ਟਾਂਡੇ ਲੈ ਕੇ ਨਿਕਲਦੇ ਸਨ, ਓਹ ਅੱਗੇ ਰੂਮ-ਸਾਗਰ ਦੇ ਕੰਢੇ ਦੇ ਸ਼ਹਿਰਾਂ ਤਕ ਅਪੜਦੇ ਸਨ। ਇਥੇ ਫ਼ਿਨੀਸ਼ੀਅਨ ਲੋਕਾਂ ਦੇ ਤਿੰਨ ਵੱਡੇ ਸ਼ਹਿਰ ਬਿਬਲੂਸ (Byblus) ਸਿਡਨ ((Sidon) ਤੇ ਤਾਇਰ (Tyre) ਹੁੰਦੇ ਸਨ ਜੋ ਬੰਦਰਗਾਹਾਂ ਸਨ। ਓਹਨਾਂ ਦੀ ਥਾਂ ਪੁਰ ਅੱਜ ਮਾਮੂਲੀ ਕਸਬੇ ਬੈਰੂਤ, ਸੈਦਾ, ਅਤੇ ਸੂਰ ਵੱਸੇ ਹਨ। ਸੰਸਕ੍ਰਿਤ ਕਿਤਾਬਾਂ ਦਾ 'ਬਬਰੂ' ਨਾਮ ਏਸੇ 'ਬਿਬਲੂਸ' ਤੋਂ ਬਣਿਆ ਦਿਸਦਾ ਹੈ। ਫ਼ਿਨੀਸ਼ਨ ਲੋਕ ਜਿੰਨੇ ਹੁਸ਼ਿਆਰ ਸੁਦਾਗਰ ਸਨ, ਓਨੇ ਹੀ ਦਿਲਾਵਰ ਜਹਾਜ਼ਰਾਨ ਸਨ। ਇਹ ਲੋਕ ਹਿੰਦੁਸਤਾਨ ਆਦਿ ਦੇਸਾਂ ਤੋਂ ਅਪੜਿਆ ਮਾਲ ਆਪਣੇ ਜਹਾਜ਼ਾਂ ਵਿੱਚ ਲੱਦ ਕੇ ਅੱਗੇ ਮਿਸਰ, ਯੂਨਾਨ, ਰੋਮ, ਸਪੇਨ ਅਤੇ ਬਰਤਾਨੀਆ ਤਕ ਲੈ ਜਾਂਦੇ ਸਨ। ਭਾਵੇਂ ਵਪਾਰੀ ਕੌਮਾਂ ਤਾਂ ਹੋਰ ਵੀ ਇਹਨਾਂ ਦੇਸਾਂ ਵਿੱਚ ਸਨ—ਉਰ ਦੇ ਦੁਆਲੇ ਕਲਦਾਨੀ (Chaldeans), ਬੈਬੀਲੋਨ ਦੇ ਇਲਾਕੇ ਵਿੱਚ ਅੱਕਾਡ਼ ਅਤੇ ਸੁਮੇਰ; ਉਪਰਲੇ ਦੁਆਬੇ ਵਿੱਚ ਨਿਨਵਹ ਦੇ ਦੁਆਲੇ ਐਸੀਰੀਅਨ (assyrians), ਅਰਮ ਅਤੇ ਸਿਰਿਆ ਦੀ ਪਹਾੜੀ ਧਰਤੀ ਵਿੱਚ ਅਰਮਾਈ ਅਤੇ ਸਿਰੀਅਨ, ਏਸ਼ੀਆ ਕੋਚਕ ਦੇ ਪੱਛਮੀ ਅੱਧ ਵਿੱਚ ਅਤੇ ਈਜੀਅਨ ਸਾਗਰ ਦੇ ਟਾਪੂਆਂ ਅਤੇ ਯੂਨਾਨ ਵਿੱਚ ਯੂਨਾਨੀ ਆਦਿ; ਪਰ ਫ਼ਿਨੀਸ਼ਨ ਲੋਕਾਂ ਨੂੰ ਕੋਈ ਵੀ ਨਹੀਂ ਸਨ ਪਹੁੰਚਦੇ।

ਫ਼ਿਨੀਸ਼ਨਾਂ ਦੀ ਸਭਿਅਤਾ ਖ਼ਾਸੇ ਉੱਚੇ ਪਾਏ ਦੀ ਸੀ। ਇਹ ਪੱਕੇ ਵਪਾਰੀ ਸਨ। ਜੋ ਹੁਨਰ ਜਾਂ ਵਿਦਿਆ ਇਹਨਾਂ ਨੂੰ ਧਨ ਦੇ ਕਮਾਣ ਤੇ ਇਕੱਠਾ ਕਰਨ ਵਿੱਚ ਮਦਦ ਦੇਵੇ, ਉਸ ਨੂੰ ਸਭ ਤੋਂ ਗ੍ਰਹਿਣ ਕਰ ਲੈਂਦੇ ਸਨ। ਇਹਨਾਂ ਦੀ ਆਪਣੀ ਕਾਢ ਬਹੁਤ ਘਟ ਸੀ। ਵਿਦਿਆ, ਵਿਗਿਆਨ, ਵਲ ਜਿਸ ਦਾ ਕੁਝ ਪਰਤੱਖ ਲਾਭ ਨਾਂਹ ਹੋਵੇ, ਘਟ ਧਿਆਨ ਦੇਂਦੇ ਸਨ। ਓਹਨਾਂ ਨੇ ਕੋਈ ਫ਼ਲਸਫ਼ਾ ਜਾਂ ਨਵਾਂ ਧਰਮ ਜਾਂ ਚੰਗਾ ਸਾਹਿੱਤ ਪਿੱਛੇ ਨਹੀਂ ਛੋੜਿਆ। ਭਾਵੇਂ ਜਹਾਜ਼ਰਾਨੀ ਲਈ ਜੋਤਿਸ਼ ਵਿਦਿਆ ਦੇ ਚੰਗੇ ਜਾਣੂ ਸਨ ਅਤੇ ਕਈ ਆਖਦੇ ਹਨ ਕਿ ਤਾਰਿਆਂ, ਤਾਰਿਆਂ ਦੀਆਂ ਥਿਤੀਆਂ, ਗ੍ਰਹਿਆਂ, ਬਾਰ੍ਹਾਂ ਰਾਸਾਂ ਤੇ ਸਤਵਾਰੇ ਦੇ ਵਾਰਾਂ ਨੂੰ ਬਹੁਤੇ ਨਾਮ ਇਹਨਾਂ ਦੇ ਹੀ ਦਿੱਤੇ ਹੋਏ ਹਨ। ਪਰ ਸਭ ਤੋਂ ਵੱਡਾ ਕੰਮ ਜੋ ਇਹਨਾਂ ਕੀਤਾ, ਓਹ ਇਹ ਸੀ ਕਿ ਪੁਰਾਣੇ ਚਿੰਨ੍ਹਾਂ ਅਤੇ ਤਸਵੀਰਾਂ ਆਦਿ ਤੋਂ ਸਹੀ ਅਰਥਾਂ ਵਿੱਚ ਇਕ ੨੨ ਅੱਖਰਾਂ ਦੀ ਸ਼ਬਦ-ਮੂਲਕ ਲਿਪੀ ਬਣਾਈ ਅਤੇ ਇਸ ਨੂੰ ਆਪਣੇ ਨਾਲ ਵਪਾਰ ਕਰਨ ਵਾਲੇ ਸਾਰੇ ਦੇਸਾਂ ਦੇ ਵਪਾਰੀਆਂ ਵਿੱਚ ਫੈਲਾਇਆ। ਓਹਨਾਂ ਦੀ ਬਣਾਈ ਲਿਪੀ ਹੀ ਰੂਪ ਵਟਾ ਕੇ ਸਾਰੀ ਦੁਨੀਆਂ ਪੁਰ ਵਰਤੀ ਜਾਂਦੀ ਹੈ, ਸਿਵਾਏ ਚੀਨ ਜਪਾਨ ਦੇ, ਜਿੱਥੇ ਸੰਕੇਤ ਲਿਪੀ (Ideography) ਦਾ ਰਿਵਾਜ ਹੈ। ਹੋਰ ਦੁਨੀਆਂ ਵਾਂਗ ਸਾਡਾ ਦੇਸ ਵੀ ਲਿਖਣ ਦੇ ਹੁਨਰ ਅਤੇ ਇਕ ਸ਼ਬਦ-ਮੂਲਕ ਲਿਪੀ ਲਈ ਇਨ੍ਹਾਂ ਫ਼ਿਨੀਸ਼ਨ ਲੋਕਾਂ ਦਾ ਅਹਿਸਾਨਮੰਦ ਹੈ ਅਤੇ ਦੂਜੇ ਦਰਜੇ ਪਰ ਦਰਵਾੜੀ ਅਤੇ ਓਹਨਾਂ ਉਰ੍ਹਾਪਥ ਦੇ ਵਪਾਰੀਆਂ ਦਾ, ਜੋ ਕਿ ਫ਼ਿਨੀਸ਼ਨ ਲਿਪੀ ਦੇ ਸੋਲਾਂ ਕੁ ਅੱਖਰ ਜਿਨ੍ਹਾਂ ਦੀ ਓਹਨਾਂ ਨੂੰ ਕਾਰ-ਵਿਹਾਰ ਵਿੱਚ ਲੋੜ ਪੈਂਦੀ ਸੀ; ਸਤਾਈ ਸੌ ਵਰ੍ਹਾ ਹੋਇਆ ਹੈ, ਆਪਣੇ ਦੇਸ਼ ਵਿੱਚ ਲਿਆਏ। ਇਹਨਾਂ ਸੋਲਾਂ ਕੁ ਅੱਖਰਾਂ ਨੂੰ ਅੱਗੋਂ ਸੰਸਕ੍ਰਿਤ ਦੇ ਵਿਆਕਰਣੀਆਂ ਨੇ ਵਧਾ ਸੰਵਾਰ ਕੇ ਬ੍ਰਹਮੀ ਲਿਪੀ ਬਣਾਈ ਜੋ ਸਾਰੀ ਦੇਸੀ ਲਿਪੀਆਂ ਦੀ ਵੱਡੀ

Sri Satguru Jagjit Singh Ji Elibrary NamdhariElibrary@gmail.com

ਅੰਮਾ ਹੈ ।

ਇਹ ਫਿਨੀਸ਼ਨ ਲੋਕ ਕੌਣ ਸਨ ? ਇਸ ਦਾ ਉੱਤਰ ਕੁਝ ਵੇਰਵੇ ਨਾਲ ਇਸ ਕਿਤਾਬ ਦੇ ਅੰਤ ਪੁਰ ਪਲੇਟ ੩ ਵਿੱਚ ਦਿੱਤਾ ਗਿਆ ਹੈ । ਮੋਟੀ ਗਲ ਇਹ ਹੈ ਕਿ ਯੂਨਾਨੀਆਂ ਨੇ ਇਹਨਾਂ ਨੂੰ 'ਪੂਰਬੀ' ਲੋਕ ਕਿਹਾ ਹੈ । ਸਬੱਬ ਇਹ, ਕਿ ਇਹਨਾਂ ਦਾ ਕਦੀਮ ਵਤਨ ਈਰਾਨ ਦਾ ਦੱਖਣੀ ਸਮੁੰਦਰੀ ਕੰਢਾ ਸੀ ਜਿਥੇ ਅੱਜ ਮਕਰਾਨ ਅਤੇ ਲਾਰਿਸਤਾਨ ਹਨ । ਇਥੋਂ ਹੀ ਉਠ ਕੇ ਪੱਛਮ ਵਿੱਚ ਜਾ ਕੇ ਇਹਨਾਂ ਨੇ ਰੂਮ-ਸਾਗਰ ਦੇ ਕੰਢੇ ਡੇਰਾ ਜਾ ਜਮਾਇਆ ਸੀ । ਮਸੀਹ ਤੋਂ ੨੮੦੦ ਵਰ੍ਹਾ ਪਹਿਲੇ ਇਹ ਫਿਨੀਸ਼ੀਆ ਵਿੱਚ ਜਾ ਪਹੁੰਚੇ ਸਨ । ਯੂਨਾਨੀਆਂ ਅਤੇ ਰੋਮਨਾਂ ਨੇ ਇਹਨਾਂ ਨੂੰ ਫੋਨਿਕ (Phoeni-c) ਜਾਂ ਪਿਉਨਿਕ (Puni-c) ਨਾਮ ਦਿੱਤਾ ਹੈ; ਜੋ Phoeni ਜਾਂ Puni ਤੋਂ ਵਿਸ਼ੇਸ਼ਣ-ਪਦ ਬਣਾਇਆ ਗਿਆ ਹੈ । ਰਿਗ ਵੇਦ ਵਿੱਚ ਵੀ ਇਕ ਕੌਮ 'ਪਣੀ' ਦਾ ਜ਼ਿਕਰ ਆਉਂਦਾ ਹੈ ਅਤੇ ਦਾਰਾ ਹਸ਼ਤਾਸਪ ਦੇ ਬਿਹਸਤੂਨ ਦੇ ਸਿਲਾ ਲੇਖ ਵਿੱਚ ਕੌਮ 'ਪਰਣੱਈ' ਦਾ ਜ਼ਿਕਰ ਹੈ । ਹੋ ਸਕਦਾ ਹੈ ਕਿ ਜਿਸ ਤਰ੍ਹਾਂ ਇਹ ਲੋਕ ਪੱਛੋਂ ਵੱਲ ਜਾਂਦੇ ਸਨ, ਉਸੇ ਤਰ੍ਹਾਂ ਭਾਰਤ ਵਿੱਚ ਵੀ ਵਪਾਰ ਖ਼ਾਤਰ ਜਾ ਨਿਕਲਦੇ ਸਨ ਅਤੇ ਵਪਾਰ ਦੇ ਨਾਲ ਮਾਲ ਡੰਗਰ ਦੀ ਚੋਰੀ ਵੀ ਕਰਦੇ ਸਨ । ਇਹ ਲੋਕ ਸੈਮਿਟਿਕ ਜਾਂ ਸ਼ਾਮੀ ਨਸਲ ਦੇ ਨਹੀਂ ਸਨ । ਇਹਨਾਂ ਦਾ ਚਿਹਰਾ ਮੁਹਰਾ ਤੇ ਕੱਦ ਕਾਮਤ ਅਫ਼ਰੀਕਨ ਜਾਂ ਹੈਮੀਏਰੇਟਿਕ (Hamieratic) ਲੋਕਾਂ ਨਾਲ ਮਿਲਦੇ ਸਨ । ਇਹਨਾਂ ਦੀ ਖ਼ੁਰਾਕ (ਕੁੱਤਾ ਪਾਲ ਕੇ, ਮਾਰ ਕੇ ਖਾ ਲੈਂਦੇ ਸਨ) ਇਹਨਾਂ ਦੀ ਪੋਸ਼ਾਕ ਤੇ ਤ੍ਰੀਮਤਾਂ ਦੇ ਉੱਚੇ ਚੂੰਡੇ, ਅਤੇ ਇਹਨਾਂ ਦੀ ਬੋਲੀ (ਇਬਰਾਨੀ ਅਖ਼ਤਿਆਰ ਕਰ ਲੈਣ ਦੇ ਬਾਵਜੂਦ) ਇਹਨਾਂ ਨੂੰ ਸੈਮਿਟਿਕ ਕੌਮਾਂ ਤੋਂ ਨਿਖੇੜਦੇ ਸਨ । ਇਹ ਸਾਡੇ ਬਨਜਾਰਿਆਂ ਤੇ ਲੁਹਾਨਿਆਂ ਦੇ ਵੱਡੇ ਵਡੇਰੇ ਮਾਲੂਮ ਹੁੰਦੇ ਹਨ ।

* * * *

ਯੂਨਾਨੀਆਂ ਨੇ ਵੀ ਲਿਖਣ ਦਾ ਹੁਨਰ ਤੇ ਲਿਪੀ, ਹਿੰਦੀਆਂ ਵਾਂਗ, ਇਹਨਾਂ ਫਿਨੀਸ਼ਨ ਲੋਕਾਂ ਤੋਂ ਹੀ ਲਈ । ਯੂਨਾਨੀ ਆਪਣੀ ਲਿਪੀ ਨੂੰ ਸੱਦਦੇ ਹੀ 'ਫਿਨੀਸ਼ਨ ਅੱਖਰ' ਸਨ । ਜਦ ਰੋਮਨਾਂ ਨੇ ਯੂਨਾਨੀਆਂ ਉੱਪਰ ਫ਼ਤਹ ਪਾਈ, ਤਦ ਆਪਣੀ ਰੋਮਨ ਲਿਪੀ ਯੂਨਾਨੀਆਂ ਤੋਂ ਲਈ । ਯੂਰਪ ਦੀਆਂ ਸਾਰੀਆਂ ਲਿਪੀਆਂ—ਕਿਤਾਬੀ (Roman Script), ਵੱਡੀ ਤੇ ਛੋਟੀ, ਅੰਗਰੇਜ਼ੀ, ਜਰਮਨ, ਰੂਸੀ ਆਦਿ ਸਭ ਇਸੇ ਰੋਮਨ ਤੋਂ ਬਣੀਆਂ ਹਨ ।

ਪਲੇਟ ਨੰ: VI ਵਿੱਚ ਬ੍ਰਹਮੀ, ਫਿਨੀਸ਼ਨ, ਰੋਮਨ ਤੇ ਯੂਨਾਨੀ ਲਿਪੀਆਂ ਦਾ ਬਰਾਬਰ ਬਰਾਬਰ ਕਾਲਮਾਂ ਵਿੱਚ ਰਖ ਕੇ ਟਾਕਰਾ ਕੀਤਾ ਗਿਆ ਹੈ । ਜੋ ਸਿੱਟਾ ਇਸ ਟਾਕਰੇ ਤੋਂ ਕੱਢ ਸਕਦੇ ਹਾਂ, ਉਸ ਲਈ ਹੀ ਉਪਰਲਾ ਲੇਖ ਲੰਮਾ ਕੀਤਾ ਹੈ ।

ਹੋਮਰ ਦੀ ਕਿਤਾਬ 'ਈਲੀਅਡ' (Iliad) ਵਿੱਚ ਖ਼ਾਲੀ ਇਕ ਥਾਂ ਲਿਖਣ ਦੇ ਹੁਨਰ ਵਲ ਇਸ਼ਾਰਾ ਹੈ ਪਰ ਹੋਮਰ ਨੂੰ ਖ਼ੁਦ ਮਾਲੂਮ ਨਹੀਂ ਸੀ ਕਿ ਇਹ 'ਲਿਖਤ' ਸੀ ਜਾਂ ਲੱਕੜ ਦੇ ਸੱਕ ਉੱਤੇ ਕੋਈ ਜੰਤਰ ਬਣਾਇਆ ਗਿਆ ਸੀ । ਪ੍ਰੋਟਸ ਬਾਦਸ਼ਾਹ ਇਕ ਸਰਦਾਰ, 'ਬਲਰਫੋਨ' ਨੂੰ ਲਿਸੀਆ ਦੇਸ ਭੇਜਦਾ ਹੈ ਅਤੇ ਲਿਸੀਆ ਦੇ ਬਾਦਸ਼ਾਹ ਨੂੰ ਲਿਖਦਾ ਹੈ ਕਿ ਲਿਖਿਆ ਹੋਇਆ ਲਿਆਉਣ ਵਾਲੇ, ਬਲਰਫੋਨ, ਨੂੰ ਕਤਲ ਕਰ ਦੇਵੋ । ਇਕ ਫੱਟੀ* ਉੱਤੇ (ਹੋਮਰ ਦੇ ਕਹੇ ਮੁਜਬ) ਕੁਝ 'ਅਜੀਬ ਜਿਹੇ ਜਾਦੂ ਦੇ ਨਿਸ਼ਾਨ' ਪਾ ਕੇ, ਬਲਰਫੋਨ ਦੇ ਹੱਥ ਦੇ ਕੇ ਪ੍ਰੋਟਸ ਕਹਿੰਦਾ ਹੈ ਕਿ ਲਿਸੀਆ ਦੇ ਬਾਦਸ਼ਾਹ ਦੇ ਹੱਥ ਜਾ ਦੇਹ । ਧਰਮ ਦੇ ਆਗੂ ਪੁਜਾਰੀ ਵਗੈਰਾ ਜਦ ਲਿਖਣ ਦਾ ਵੱਲ ਸਿਖ ਵੀ

Sri Satguru Jagjit Singh Ji Elibrary NamdhariElibrary@gmail.com

ਲੈਂਦੇ ਸਨ ਤਦ ਉਸ ਨੂੰ ਬੜਾ ਲੁਕਾ ਕੇ ਰੱਖਿਆ ਕਰਦੇ ਸਨ ਅਤੇ ਆਮ ਲੋਕਾਂ ਨੂੰ ਨਹੀਂ ਸਨ ਸਿਖਾਂਦੇ, ਜਿਸ ਕਰਕੇ ਆਮ ਲੋਕੀ 'ਅੱਖਰ' ਵੇਖ ਕੇ ਉਸ ਨੂੰ ਬੜੇ ਭੇਦ ਦੀ ਅਤੇ ਤਾਕਤ ਵਾਲੀ ਚੀਜ਼ ਸਮਝਦੇ ਸਨ । 'ਭੇਦ' ਅਤੇ 'ਜੰਤਰ' ਵਿੱਚ ਓਹ ਫ਼ਰਕ ਨਹੀਂ ਸਨ ਕਰ ਸਕਦੇ ।

ਯੂਨਾਨੀ ਧਰਮ ਦੇ ਪੁਜਾਰੀਆਂ ਨੇ ਇਸ ਅੱਖਰ ਲਿਖਣ ਬਾਬਤ ਇਕ ਪੁਰਾਣਕ ਕਥਾ (Myth). ਚਲਾ ਰੱਖੀ ਸੀ, ਕਿ 'ਅੱਖਰ' ਕੈਡਮਸ (Cadmus) ਦੇਵਤਾ ਨੇ ਬਣਾਏ ਸਨ । 'Cadm-us' ਲਫ਼ਜ਼, ਇਬਰਾਨੀ ਬੋਲੀ ਦੇ ਲਫ਼ਜ਼ 'ਕਦਮ' ਦੀ ਯੂਨਾਨੀ ਸ਼ਕਲ ਹੈ, ਜਿਸ ਦੇ ਅਰਥ 'ਪੂਰਬ' ਦੇ ਹਨ । ਇਹਨਾਂ ਅੱਖਰਾਂ ਦੇ ਬਣਾਣ ਵਾਲੇ ਜਾਂ ਮੂਜਿਦ ਪੂਰਬੀ ਲੋਕ ਜਾਂ ਫ਼ਿਨੀਸ਼ਨ ਸਨ । ਇਹ ਨਾਮ 'ਫ਼ਿਨੀਸ਼ਨ ਅੱਖਰ' ਯੂਨਾਨੀਆਂ ਨੇ ਆਪਣੀ ਵਰਣਮਾਲਾ ਨੂੰ ਦੇ ਰੱਖਿਆ ਸੀ । ਥੀਬੀਜ਼ ਸ਼ਹਿਰ (Thebes), ਜਿਥੇ ਕੈਡਮਸ ਦੇਵ ਦਾ ਮੰਦਰ ਸੀ, ਪ੍ਰਾਚੀਨ ਸਮਿਆਂ ਵਿੱਚ ਫ਼ਿਨੀਸ਼ਨ ਲੋਕਾਂ ਦਾ ਸ਼ਹਿਰ ਹੁੰਦਾ ਸੀ ਅਤੇ ਓਹਨਾਂ ਦਾ ਹੀ ਵਸਾਇਆ ਹੋਇਆ ਸੀ ।

[*Story of the Myths* by Kellet]

ਯੂਨਾਨੀ ਵਰਣਮਾਲਾ ਦੇ ਅੱਖਰਾਂ ਦੇ ਸਾਰੇ ਨਾਂ ਇਬਰਾਨੀ ਲਫ਼ਜ਼ਾਂ ਤੋਂ ਲਏ ਹੋਏ ਹਨ । Alpha. Beta, Gamma, Delta, ਇਹ ਪਹਿਲੇ ਚਾਰ ਅੱਖਰਾਂ ਦੇ ਨਾਂ ਹਨ, ਜਿਨ੍ਹਾਂ ਦੇ ਅਰਥ ਹਨ: ਬੈਲ, ਘਰ, ਊਠ ਤੇ ਦਰਵਾਜ਼ਾ । ਇਹ ਨਾਂ ਇਬਰਾਨੀ ਦੇ ਨਾਵਾਂ Aleph, Bet, Gimmel, ਅਤੇ Daleth ਨੂੰ ਥੋੜਾ ਬਦਲ ਕੇ ਬਣੇ ਹਨ । ਥੋੜੀ ਜਿਹੀ ਸ਼ਕਲ ਬਦਲ ਕੇ ਇਹੋ ਨਾਂ ਅਰਬੀ ਵਿੱਚ ਚਾਇਜ ਹਨ الف۔ بے۔ جیم۔ دال ।

ਇਸੇ ਤਰ੍ਹਾਂ ਹੋਰ ਚਾਰ ਅੱਖਰਾਂ ਦੀ ਤਰਤੀਬ ਤੇ ਨਾਂ ਦੀ ਯੂਨਾਨੀ, ਫ਼ਿਨੀਸ਼ੀਅਨ. ਇਬਰਾਨੀ ਤੇ ਅਰਬੀ ਵਿੱਚ ਇਕੋ ਹਨ । ਯੂਨਾਨੀ ਵਿੱਚ Kappa, Lemda, Mew, Nun ਅਤੇ ਅਰਬੀ ਵਿੱਚ ਕਾਫ਼, ਲਾਮ, ਮੀਮ ਤੇ ਨੂਨ ਹਨ । ਇਹਨਾਂ ਨਾਵਾਂ ਦੇ ਅਰਥ ਹਨ ਕਫ਼ਹਥੇਲੀ; ਬੈਲਾਂ ਨੂੰ ਹੱਕਣ ਦੀ ਨੋਕਦਾਰ ਜਾਂ ਮੁੜੀ ਹੋਈ ਖੂੰਡੀ; ਪਾਣੀ ਅਤੇ ਮਛਲੀ । ਅੱਖਰਾਂ ਦੀਆਂ ਸ਼ਕਲਾਂ ਵੀ ਇਹਨਾ ਚੀਜ਼ਾਂ ਦੀਆਂ ਤਸਵੀਰਾਂ ਤੋਂ ਬਣਾਈਆਂ ਸਨ, ਜਿਨ੍ਹਾਂ ਦੇ ਇਬਰਾਨੀ ਬੋਲੀ ਦੇ ਨਾਵਾਂ ਵਿੱਚ ਇਹ ਆਵਾਜ਼ਾਂ ਪਹਿਲੇ ਆਉਂਦੀਆਂ ਹਨ । Alpha ਵਾਸਤੇ ਬੈਲ ਦੇ ਸਿੰਗਾਂ ਜਾਂ ਇਕ† ਸਿੰਗ (Unicorn) ਦਾ ਚਿੰਨ੍ਹ; Beta ਵਾਸਤੇ ਘਰ ਦੀ ਚਾਰ-ਦੀਵਾਰੀ; Gamma ਵਾਸਤੇ ਊਠ ਦਾ ਮੂੰਹ (Gemal or Jemal Camel), ਅਤੇ Delta ਵਾਸਤੇ ਦਰਵਾਜ਼ੇ ਦੇ ਦੋ ਖੁਲ੍ਹੇ ਤਾਕ ਜਾਂ ਦਰਿਆ ਦੇ ਦਹਾਨੇ ਦੇ ਪਾਸ ਦੀ ਧਾਰਾਂ ਦੇ ਵਿਚਾਲੇ ਬਣੀ ਤਿਕੋਣ । ਏਸੇ ਤਰ੍ਹਾਂ ਹਥੇਲੀ. ਬੈਲ ਹੱਕਣ ਦੀ ਖੂੰਡੀ, ਪਾਣੀ ਉੱਪਰ ਲਹਿਰਾਂ ਤੇ ਮੱਛੀ ਦੀਆਂ ਸ਼ਕਲਾਂ ਤੋਂ ਚਿੰਨ੍ਹ ਬਣਾਏ ਹੋਏ ਸਨ । ਇਸ ਗੱਲ ਤੋਂ ਸਾਫ਼ ਸਾਫ਼ ਪਤਾ ਲਗ ਜਾਂਦਾ ਹੈ ਕਿ ਇਹਨਾਂ ਅੱਖਰਾਂ ਦੀ ਈਜ਼ਾਦ ਕਰਨ ਵਾਲੇ ਇਬਰਾਨੀ ਬੋਲਣ ਵਾਲੇ ਫ਼ਿਨੀਸ਼ਨ ਲੋਕ ਹੀ ਸਨ ।

---

°ਹੋਮਰ ਇਕ ਯੂਨਾਨੀ ਢੱਡ (bard) ਸੀ ਅਤੇ ਇਲੀਅਡ ਉਸ ਦੀ ਕਹਾਣੀ ਜੋਧਿਆਂ ਦੀ 'ਵਾਰ' ਸੀ ਜੋ ਹੋਮਰ ਤੋਂ ਬਹੁਤ ਚਿਰ ਪਿੱਛੋਂ ਲਿਖਣ ਵਿਚ ਆਈ । 'Saga' ਵਹੀ ਲਫ਼ਜ਼ ਹੈ ਜੋ ਸਾਡਾ ਲਫ਼ਜ਼ 'ਸਾਕਾ' ਹੈ । ਪੁਰਾਣੇ ਸਮੇਂ ਸਕੂਲ ਦੀ ਅੰਗਰੇਜ਼ੀ ਪੜ੍ਹਾਈ ਦੀ ਕਿਤਾਬ ਵਿੱਚ 'Speaking Chip' ਦੀ ਕਹਾਣੀ ਹੋਇਆ ਕਰਦੀ ਸੀ ।

†Unicon ਜੋ Urus ਜਾਂ ਯੂਰਪ ਦਾ ਜੰਗਲੀ ਬੈਲ, ਜਿਸ ਨੂੰ Auroch ਆਖਦੇ ਹਨ । ਇਸ ਦੇ ਸਿੰਗ ਜਾਂਦੇ ਸਿਧੇ ਤੇ ਇਹਦੇ ਸਿਰੇ ਉੱਚੇ ਸਨ, ਜਦੋਂ ਕਿ ਜੇ ਇਹ ਪਾਸਿਓਂ ਵੇਖੋ, ਤਾਂ ਇਹਦੇ ਸਿੰਗ ਇਕ ਆਉਂਦਾ ਸੀ ।

## ੪

# ਖਰੋਸ਼ਠੀ ਲਿਪੀ ਦੇ ਲਿਆਉਣ ਵਾਲੇ ਮੱਧ-ਏਸ਼ੀਆ ਦੇ ਵਪਾਰੀ

ਫ਼ਿਨੀਸ਼ਨ ਲੋਕਾਂ ਦੇ ਗਵਾਂਢੀ ਹੋਰ ਵਪਾਰੀ ਆਦਿ ਲੋਕ ਵੀ ਸਨ, ਜੋ ਪਾਸ ਪੜੋਸ ਦੇ ਇਲਾਕਿਆਂ ਵਿੱਚ ਰਹਿੰਦੇ ਸਨ। ਓਹਨਾਂ ਵਿੱਚ ਕਈ ਤਰ੍ਹਾਂ ਦੇ ਅੱਖਰਾਂ ਦਾ ਰਿਵਾਜ ਸੀ। ਫ਼ਿਨੀਸ਼ੀਆਂ ਦੇ ਉੱਤਰ ਵਿੱਚ ਪਹਾੜੀ ਇਲਾਕਾ ਅਰਮ(Aram) ਦਾ ਸੀ। ਫਿਨੀਸ਼ਨ ਲਿਪੀ ਦੀ ਜੋ ਸ਼ਕਲ ਏਥੋਂ ਦੇ ਲੋਕ ਵਰਤਦੇ ਸਨ, ਉਸ ਨੂੰ ਅਰਮਾਈ (Aramaic ਜਾਂ Aramaean ਜਾਂ Syrian) ਨਾਂ ਦਿੱਤਾ ਜਾਂਦਾ ਸੀ, ਜਿਸ ਤਰ੍ਹਾਂ ਸਾਡੇ ਦੇਸ਼ ਵਿੱਚ ਲੰਡਿਆਂ ਨੂੰ ਅੱਡ ਅੱਡ ਨਾਂ ਦਿੱਤੇ ਜਾਂਦੇ ਹਨ। ਇਹ ਅਰਮਾਈ ਲਿਪੀ, ਫ਼ਿਨੀਸ਼ਨ ਦੀ ਹੀ ਵਿਗੜੀ ਸ਼ਕਲ ਸੀ, ਜੋ ਹੋਰ ਵੀ ਜਲਦੀ ਲਿਖਣ ਦੇ ਯੋਗ ਬਣਾ ਲਈ ਗਈ ਸੀ ਅਤੇ ਇਸ ਮਤਲਬ ਲਈ ਚਿੰਨ੍ਹਾਂ ਨੂੰ ਹੋਰ ਵੀ ਸਾਦਾ ਕਰ ਲਿਆ ਗਿਆ ਸੀ। ਉਸੇ ਅਰਮਾਈ ਲਿਪੀ ਵਿਚੋਂ ਹੀ ਖਰੋਸ਼ਠੀ ਤੇ ਹੋਰ ਲਿਪੀਆਂ, ਜੋ ਈਰਾਨ ਦੇ ਉੱਤਰੀ ਭਾਗ, ਖ਼ੁਰਾਸਾਨ, ਤੁਰਕਿਸਤਾਨ, ਮੰਗੋਲੀਆ ਆਦਿ ਦੇਸ਼ਾਂ ਵਿੱਚ ਵਰਤੀਆਂ ਜਾਂਦੀਆਂ ਸਨ, ਨਿਕਲੀਆਂ ਸਨ। ਅਤਿ ਪ੍ਰਾਚੀਨ ਕਾਲ ਤੋਂ ਇਕ ਰਸਤਾ ਚੀਨ ਦੀ ਪੱਛਮੀ ਸਰਹੱਦ ਤੋਂ ਲੈ ਕੇ ਤਿੱਬਤ ਦੇਸ ਦੇ ਉੱਪਰ ਉੱਪਰ ਵਗਦਾ ਸੀ; ਸਿੰਕਿਆਂਗ, ਯਾਰਕੰਦ, ਕਾਸ਼ਗਰ, ਬਦਖਸ਼ਾਂ, ਬਲਖ਼ ਹੁੰਦਾ ਕਸ਼ਯਪ ਸਾਗਰ (Caspean Sea) ਦੇ ਦੱਖਣੀ ਕੰਢੇ ਦੇ ਨਾਲ ਨਾਲ ਹੁੰਦਾ, ਕਾਕੂਤਸ (aucasu) ਦੇ ਹੇਠਾਂ ਸੁਮੇਰ ਦੇਸ ਵਿੱਚ ਜਾ ਨਿਕਲਦਾ ਸੀ। ਓਹ ਸਾਰੇ ਦੇਸ, ਜਿਨ੍ਹਾਂ ਦੇ ਏਥੇ ਨਾਂ ਲਏ ਹਨ, ਏਸੇ ਮੁੱਢ ਕਦੀਮੋਂ ਵਗਦੇ ਰਸਤੇ ਉੱਪਰ ਵਾਕਿਆ ਸਨ। ਲਾਜਵਰਦ (Lapis lazuli) ਇਕ ਕੀਮਤੀ ਪੱਥਰ ਹੈ ਜੋ ਖ਼ਾਲੀ ਬਦਖਸ਼ਾਂ ਦੇ ਪਹਾੜਾਂ ਵਿੱਚ ਹੀ ਮਿਲਦਾ ਹੈ; ਇਸ ਦੇ ਬਣੇ ਜ਼ੇਵਰ ਮੈਸੋਪੋਟਾਮੀਆ ਅਤੇ ਮਿਸਰ, ਦੁਹਾਂ ਦੇਸਾਂ, ਵਿੱਚ ਪੰਜ ਛੇ ਹਜ਼ਾਰ ਵਰ੍ਹਾ ਪੁਰਾਣੀਆਂ ਕਬਰਾਂ ਵਿੱਚ ਦੱਬੇ ਪਾਏ ਗਏ ਹਨ, ਜੋ ਇਸ ਵਪਾਰ ਦੇ ਬਹੁਤ ਪੁਰਾਣੇ ਹੋਣ ਦੀ ਗਵਾਹੀ ਦੇਂਦੇ ਹਨ।

ਅਰਮਾਈ ਲਿਪੀ ਦੇ ਅੱਖਰਾਂ ਦੇ ਨਾਂ ਅਤੇ ਵਰਣਮਾਲਾ ਵਿੱਚ ਓਹਨਾਂ ਦੀ ਤਰਤੀਬ, ਫ਼ਿਨੀਸ਼ਨ ਜਾਂ ਫ਼ਿਨਿਕੀ ਲਿਪੀ ਤੋਂ ਹੀ ਲਈ ਗਈ ਸੀ। ਪਲੇਟ ਨੰ: VII, VIII ਵਿੱਚ ਖਰੋਸ਼ਠੀ, ਝੰਦ, ਪਹਿਲਵੀ ਤੇ ਨਸ਼ਕੀ (ਅਰਬੀ) ਅਤੇ ਯੂਨਾਨੀ ਅੱਖਰ, ਟਾਕਰੇ ਲਈ ਵਿਖਾਏ ਗਏ ਹਨ। ਅਰਮਾਈ ਲਿਪੀ ਦੀ ਜੋ ਸ਼ਕਲ ਛੇਵੀਂ ਸਦੀ ਈਸਵੀ ਵਿੱਚ ਸੀ, ਓਹ ਦਿੱਤੀ ਹੈ। ਇਸ ਤੋਂ ਪਹਿਲੇ ਦੀ ਸਿਰਿਆਨੀ ਪਲੇਟ ਨੰ: IX ਵਿੱਚ ਦਿੱਤੀ ਹੈ।

ਮਿਸਟਰ ਰਾਲਿਨਸਨ ਸੀ. ਆਈ. ਈ. ਆਪਣੀ ਕਿਤਾਬ "A short History of Indian Culture" ਵਿੱਚ ਲਿਖਦੇ ਹਨ :—



Sri Satguru Jagjit Singh Ji Elibrary NamdhariElibrary@gmail.com

"The characters of the Asoka inscriptions are in the Brahmi script, which is the parent of the scripts used in various parts of India to-day. It is generally supposed that it is derived from a north Semitic source, such as that which appears on the Moabite Stone (C. 890 B. C.)............

Another script of Aramaic origin, and known as Kharoshthi, was in vogue on the North-West Frontier, and as Laurel Stein's discoveries have shown in Central Asia, was employed for the edicts inscribed in those districts."

[ਅਸ਼ੋਕ ਦੇ ਸਿਲਾ-ਲੇਖਾਂ ਦੇ ਅੱਖਰ ਬ੍ਰਹਮੀ ਲਿਪੀ ਵਿੱਚ ਹਨ ਜਿਹੜੀ ਕਿ ਭਾਰਤ ਦੇ ਅਨੇਕ ਹਿੱਸਿਆਂ ਵਿਚ ਵਰਤੀਆਂ ਜਾਣ ਵਾਲੀਆਂ ਵਰਤਮਾਨ ਲਿਪੀਆਂ ਦੀ ਮਾਂ ਹੈ। ਆਮ ਖ਼ਿਆਲ ਕੀਤਾ ਜਾਂਦਾ ਹੈ ਕਿ ਇਹ ਕਿਸੇ ਅਜੇਹੇ ਉੱਤਰੀ ਸ਼ਾਮੀ ਸੋਮੇ ਤੋਂ ਨਿਕਲੀ ਹੈ ਜਿਸ ਦਾ ਨਮੂਨਾ 'ਮੋਬਾਈਟ ਸਟੋਨ' (੮੯੦ ਪੂ: ਈਸਵੀ) ਉੱਤੇ ਉਕਰਿਆ ਹੋਇਆ ਮਿਲਦਾ ਹੈ।......

ਅਰਮਾਈ ਅਸਲੇ ਦੀ ਇਕ ਹੋਰ ਲਿਪੀ, ਜਿਸ ਨੂੰ ਖ਼ਰੋਸ਼ਠੀ ਆਖਦੇ ਹਨ, ਉੱਤਰ-ਪੱਛਮੀ ਸਰਹੱਦ ਉਤੇ ਪਰਚੱਲਤ ਸੀ ਅਤੇ ਜਿਵੇਂ ਕਿ ਲਾਰਲ ਸਟੀਨ ਦੀਆਂ ਮੱਧ-ਏਸ਼ੀਆਈ ਖੋਜਾਂ ਤੋਂ ਪਤਾ ਲਗਦਾ ਹੈ, ਉਸ ਇਲਾਕੇ ਵਿੱਚ ਫ਼ਰਮਾਨਾਂ ਦੀ ਉਕਰਾਈ ਲਈ ਵਰਤੀ ਜਾਂਦੀ ਸੀ। ]

'ਖਰੋਸ਼ਠੀ' ਦਾ 'ਝੰਦ' ਤੇ 'ਪਹਿਲਵੀ' ਨਾਲ ਕੋਈ ਵਾਸਤਾ ਨਹੀਂ ਸੀ ਜਿਸ ਤਰ੍ਹਾਂ ਕਿ ਉਮੀਦ ਕੀਤੀ ਜਾ ਸਕਦੀ ਸੀ; ਖ਼ਰੋਸ਼ਠੀ ਇਹਨਾਂ ਤੋਂ ਵਖਰੀ ਸੀ। 'ਝੰਦ' ਸਮੇਂ ਵਜੋਂ ਬ੍ਰਹਮੀ ਦੇ ਬਰਾਬਰ ਤੇ ਰੱਖੀ ਜਾ ਸਕਦੀ ਹੈ, ਅਤੇ ਅਰਮਾਈ ਲਿਪੀ ਤੇ ਉਸ ਤੋਂ ਬਣੀਆਂ ਲਿਪੀਆਂ ਇਸ ਤੋਂ ਪਹਿਲੇ ਮੱਧ-ਏਸ਼ੀਆ ਵਿੱਚ ਆ ਚੁਕੀਆਂ ਸਨ।

ਸੰਸਕ੍ਰਿਤ ਤੇ ਝੰਦ ਬੋਲੀਆਂ ਆਪੋ ਵਿੱਚ ਭੈਣਾਂ ਹਨ, ਪਰ ਇਹਨਾਂ ਦੇ ਲਿਖਣ ਦੀਆਂ ਲਿਪੀਆਂ ਅੱਡ ਅੱਡ ਹਨ; ਜਿਸ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਹਿੰਦੂ-ਆਰੀਆਂ ਅਤੇ ਪਾਰਸੀ ਆਰੀਆਂ (ਇਰਾਨੀਆਂ) ਦੇ ਵਿਛੜਨ ਤੋਂ ਪਹਿਲੇ ਆਰੀਆ ਲੋਕਾਂ ਵਿੱਚ ਲਿਖਣ ਦਾ ਹੁਨਰ ਮਾਲੂਮ ਨਹੀਂ ਸੀ। ਈਰਾਨੀ ਆਰੀਆਂ ਨੇ ਗਵਾਂਢੀਆਂ* ਵੱਲ ਵੇਖ ਕੇ ਆਪਣੀ ਹੀ ਇਕ ਲਿਪੀ

---

*"The Persians of Achaemenids Empire borrowed cuneiform writing from the Babylonians, and adopted the semitic language, called Armaic, for inscriptions."

[History of the World]

[ਐਕੇਮੈਨਿਡ ਸਾਮਰਾਜ ਦੇ ਈਰਾਨੀਆਂ ਨੇ ਸਿਲਾ-ਲੇਖਾਂ ਲਈ ਫ਼ਾਨਾ-ਨੁਮਾ ਲਿਖਣ-ਢੰਗ ਬੈਬੀਲੋਨ ਵਾਲਿਆਂ ਤੋਂ ਲੈ ਲਿਆ ਸੀ ਅਤੇ ਸ਼ਾਮੀ ਬੋਲੀ, ਜਿਸ ਨੂੰ ਅਰਮਾਈ ਆਖਦੇ ਹਨ, ਅਪਣਾ ਲਈ ਸੀ।]

[ਹਿਸਟਰੀ ਆਫ਼ ਦੀ ਵਰਲਡ)

Sri Satguru Jagjit Singh Ji Elibrary NamdhariElibrary@gmail.com

ਬਣਾਈ ਅਤੇ ਹਿੰਦੂ-ਆਰੀਆਂ ਲਈ ਹਿੰਦੀ-ਵਪਾਰੀ ਇਕ ਲਿਪੀ ਬਾਹਰੋਂ ਲੈ ਆਏ । ਝੰਦ ਬੋਲੀ ਵਿੱਚ ਵੀ ਖ, ਸ਼, ਙ, ਣ, ਦੀਆਂ ਆਵਾਜ਼ਾਂ ਸੰਸਕ੍ਰਿਤ ਵਾਂਗ ਹੁੰਦੀਆਂ ਸਨ ਅਤੇ ਸੰਸਕ੍ਰਿਤ ਨਾਲੋਂ ਵਾਧੂ ਬਹੁਤ ਛੋਟੀ 'e' ਅਤੇ 'o' ਦੀਆਂ ਸੁਰ ਆਵਾਜ਼ਾਂ ਅਤੇ ਖ਼ਾਸ ਆਵਾਜ਼ਾਂ ف ژ ز ਅਤੇ ہ وا ਵੀ ਸਨ । ਨਾਲਹੀ ਦੂਜੇ ਪਾਸੇ ਇਹ ਆਵਾਜ਼ਾਂ ਨਹੀਂ ਸਨ :—

ਘ, ਝ. ਢ, ਞ, ਟ, ਠ, ਡ, ਫ, ਭ,

## ੫

# ਮਿਸਰ ਅਤੇ ਸ਼ਾਮੀ ਦੇਸ਼ਾਂ ਦੀਆਂ ਲਿਪੀਆਂ

ਉਪਰ ਇਹ ਦੱਸਿਆ ਜਾ ਚੁਕਾ ਹੈ ਕਿ ਚੜ੍ਹਦੇ ਵਿੱਚ ਭਾਰਤ ਤੇ ਮੱਧ-ਏਸ਼ੀਆਂ ਦੀਆਂ ਲਿਪੀਆਂ ਅਤੇ ਲਹਿੰਦੇ ਵਿੱਚ ਯੂਨਾਨੀ ਅਤੇ ਉਸ ਤੋਂ ਨਿਕਲੀਆਂ ਲਿਪੀਆਂ—ਰੋਮਨ, ਅੰਗਰੇਜ਼ੀ, ਜਰਮਨ, ਰੂਸੀ ਵਗ਼ੈਰਾ—ਫ਼ਿਨੀਸ਼ਨ ਅਤੇ ਅਰਮਾਈ ਲਿਪੀਆਂ ਤੋਂ ਕਿਵੇਂ ਬਣੀਆਂ ਸਨ। ਜਿਵੇਂ ਥੋੜ੍ਹੀ ਥੋੜ੍ਹੀ ਵਿਥ ਪੁਰ ਬੋਲੀਆਂ ਦਾ ਫ਼ਰਕ ਸੀ, ਤਿਵੇਂ ਹੀ ਲਿਪੀਆਂ ਵਿੱਚ ਵੀ ਫ਼ਰਕ ਸੀ, ਭਾਵੇਂ ਸਭ ਇੱਕੋ ਮੂਲ-ਲਿਪੀ ਤੋਂ ਨਿਕਲੀਆਂ ਸਨ। ਠੀਕ ਜਿਵੇਂ ਕਿ ਭਾਰਤ ਦੀਆਂ ਬੋਲੀਆਂ, ਉੱਤਰੀ ਹਿੰਦ ਵਿੱਚ, ਸਭ ਸੰਸਕ੍ਰਿਤ ਤੋਂ ਅਤੇ ਲਿਪੀਆਂ ਬ੍ਰਹਮੀ ਤੋਂ ਬਣੀਆਂ ਹਨ। ਬੋਲੀਆਂ* ਅਤੇ ਲਿਪੀਆਂ ਦੀ ਸਾਂਝ ਇਹਨਾਂ ਦੇਸ਼ਾਂ ਦੇ ਵਾਸੀਆਂ ਦੀ ਇਕ ਨਸਲ ਦੇ ਅਰਥਾਤ ਸ਼ਾਮੀ ਨਸਲਾਂ(Semitic races) ਦੇ ਹੋਣ ਕਰਕੇ ਸੀ।

ਇਹ ਸ਼ਾਮੀ ਦੇਸ਼ ਕਿਹੜਾ ਸੀ ਅਤੇ ਪੁਰਾਣੇ ਸਮਿਆਂ ਵਿੱਚ ਮੁਖ ਸ਼ਹਿਰ ਕਿਹੜੇ ਕਿਹੜੇ ਤੇ ਕਿੱਥੇ ਸਨ, ਇਨ੍ਹਾਂ ਸਾਰੀਆਂ ਗੱਲਾਂ ਦਾ ਪਤਾ ਉੱਪਰ ਦਿੱਤੇ ਨਕਸ਼ੇ ਤੋਂ ਲਗ ਜਾਂਦਾ ਹੈ। ਰੂਮ ਸਾਗਰ (Mediterranean Sea) ਤੋਂ ਲੈ ਕੇ ਦਰਿਆਏ ਦਜਲਾ (Tigris) ਤਕ, ਅਤੇ ਉੱਤਰ ਵਿੱਚ ਅਰਮਨੀ ਪਹਾੜੀ ਇਲਾਕੇ ਤੋਂ ਲੈ ਕੇ ਅਰਬ ਸਾਗਰ (Arabian Sea) ਤਕ ਸ਼ਾਮੀ ਨਸਲ (Semitic Race) ਜਾਂ ਹਜ਼ਰਤ ਨੂਹ ਦੇ ਪੁੱਤਰ, ਸ਼ਾਮ, ਦੀ ਨਸਲ ਦੇ ਲੋਕ ਆਬਾਦ ਸਨ ਅਤੇ ਛੋਟੀਆਂ ਛੋਟੀਆਂ ਕੌਮਾਂ ਵਿੱਚ ਵੰਡੇ ਹੋਏ ਸਨ। ਇਹਨਾਂ ਦੀਆਂ ਬੋਲੀਆਂ (ਅਤੇ ਲਿਪੀਆਂ) ਤਿੰਨ ਵਰਗਾਂ ਵਿੱਚ ਵੰਡੀਆਂ ਜਾ ਸਕਦੀਆਂ ਹਨ :—

(ੳ) ਦੱਖਣ ਵਿੱਚ ਤਾਂ ਅਰਬ ਦੇਸ ਸੀ ਅਤੇ ਦੱਖਣੀ-ਅਰਬੀ ਦੀ ਹੀ ਇੱਕ ਸ਼ਾਖ਼ ਹਬਸ਼ਸਤਾਨੀ (Ethiopic) ਸੀ, ਜਿਸ ਨੂੰ ਹਾਮੀ ਨਸਲ (Himyaritic Race) ਦੇ ਲੋਕ ਬੋਲਦੇ ਲਿਖਦੇ ਸਨ। ਇਸ ਨਸਲ ਦੇ ਲੋਕ ਅਰਥਾਤ ਹਜ਼ਰਤ ਨੂਹ ਦੇ ਪੁੱਤਰ 'ਹਾਮ' ਦੀ ਔਲਾਦ,

---

*ਇਹਨਾਂ ਬੋਲੀਆਂ ਵਿੱਚ ਨਾਂਵ (Noun) ਦੇ ਦੋ ਲਿੰਗ (Genders), ਪੁਲਿੰਗ ਤੇ ਇਸਤਰੀ-ਲਿੰਗ, ਸਨ। ਵਚਨ (Number) ਤਿੰਨ ਅਤੇ ਵਿਭਕਤੀਆਂ (Cases) ਪੰਜ ਸਨ। ਕਿਰਿਆ (Verb) ਪਦ ਦੇ ਦੋ ਕਾਲ (Tense), ਭੂਤ (Past) ਤੇ ਭਵਿੱਖਤ (Future), ਅਤੇ ਧਾਤੂ (Roots) ਤਿੰਨਾਂ ਅਖਰਾਂ ਦੇ ਸਨ, ਜਿਨ੍ਹਾਂ ਵਿਚੋਂ ਸ਼ਬਦ ਭਾਵੇਂ ਵਧੇ-ਨੁਕੇ ਧੁਥੇ ਤੇ ਬਣਾਏ ਜਾਂਦੇ ਸਨ। ਬਹੁਤੇ ਅੱਖਰ ਸੰਘ ਵਿਚੋਂ ਬੋਲੇ ਜਾਂਦੇ ਸਨ, ਅਤੇ ਸ਼ਬਦ-ਜੋੜ (Syntax) ਸਿੱਧਾ ਸੀ।



Sri Satguru Jagjit Singh Ji Elibrary NamdhariElibrary@gmail.com

ਦੱਖਣੀ ਅਰਬ ਵਿੱਚ ਵੀ ਰਹਿੰਦੇ ਸਨ ।

(ਦ) ਦੂਸਰੀ ਇਬਰਾਨੀ ਸੀ, ਜਿਸ ਨੂੰ ਮਿਲਦੀਆਂ ਜੁਲਦੀਆਂ ਕਨਆਨੀ ਅਤੇ ਫਿਨੀਕੀਅਨ (Punic) ਸਨ । ਅਤੇ ਤੀਜਾ ਵਰਗ (ੳ) ਅਰਮਾਈਅਨ (Aramaean) ਸੀ ਜੋ ਉੱਤਰ ਅਤੇ ਉੱਤਰ ਪੂਰਬ ਦੇ ਹਿੱਸੇ ਵਿੱਚ ਬੋਲੀ ਜਾਂਦੀ ਸੀ । ਇਸ ਦੀ ਓਹ ਸ਼ਕਲ ਜੋ ਈਸਾਈਆਂ ਦੇ ਅਰਮਾਈ ਸਾਹਿੱਤ ਵਿੱਚ ਵਰਤੀ ਹੋਈ ਹੈ, ਉਸ ਨੂੰ ਸਿਰਿਆਨੀ (Syriac) ਸਦਦੇ ਹਨ, ਅਤੇ ਦੂਜੀ ਸ਼ਕਲ ਜੋ ਯਹੂਦੀਆਂ ਦੇ ਅਰਮਾਈ ਸਾਹਿੱਤ ਵਿੱਚ ਹੈ ਉਸ ਨੂੰ ਕਲਦਾਨੀ (Chaldee) ਆਖਦੇ ਹਨ । ਕਲਦਾਨੀ ਨੂੰ ਬਹੁਤ ਨੇੜੇ ਢੁਕਦੀ (Samaritan) ਸੀ, ਭਾਵੇਂ ਇਨ੍ਹਾਂ ਦੋਹਾ ਵਿੱਚ ਇਬਰਾਨੀ ਦਾ ਬਹੁਤ ਰਲਾ ਸੀ । ਸਬਾਈ ਜਾਂ Natsoraean ਈਸਾਈਆਂ ਦੀ ਅਰਮਾਈ ਜ਼ਬਾਨ ਬਹੁਤ ਵਿਗੜੀ ਹੋਈ ਬੋਲੀ ਹੈ, ਅਤੇ ਅੱਜ ਕਲ੍ਹ ਦੀ ਸਿਰਿਆਨੀ (Syriac) ਹੋਰ ਵੀ ਵਿਗੜੀ ਹੋਈ ਹੈ ।

ਇਹਨਾਂ ਸਭ ਬੋਲੀਆਂ ਦੀ ਆਪੋ ਆਪਣੀ ਲਿਪੀ ਸੀ, ਅਤੇ ਜੋ ਹਾਲ ਬੋਲੀਆਂ ਦਾ ਸੀ, ਸੋਈ ਓਹਨਾਂ ਦੇ ਲਿਖਣ ਲਈ ਲਿਪੀਆਂ ਦਾ ਸੀ । ਸਾਰਣੀ ਨੰ: ੫ (d) ਵਿੱਚ ਕੁਝ ਲਿਪੀਆਂ ਦਿੱਤੀਆਂ ਗਈਆਂ ਹਨ :—

ਕਾਲਮ (੧) (Seirite Sinaitic, ੧੬੦੦ ਪੂਰਬ ਈਸਵੀ ਦੀ ।
ਕਾਲਮ (੨) Moabite Phoenician, ੯੦੦ ਪੂਰਬ ਈਸਵੀ ਦੀ ।
ਕਾਲਮ (੩) Sidonite Phoenician, ੬੦੦ ਪੂਰਬ ਈਸਵੀ ਦੀ ।
ਕਾਲਮ (੪) Ancient Hebrew, ਪੁਰਾਣੀ ਇਬਰਾਨੀ ।
ਕਾਲਮ (੫) Later Hebrew, ਪਿੱਛੋਂ ਦੀ ਇਬਰਾਨੀ ।
ਕਾਲਮ (੭) Syriac;
ਕਾਲਮ (੮) Arabic Modern,
ਕਾਲਮ (੯) Aramaean,

ਇਨ੍ਹਾਂ ਤੋਂ ਛੁਟ ੩੭ ਅੱਖਰਾਂ ਦੀ ਅਰਮਿਨੀਅਨ ਅਤੇ ੩੧ ਅੱਖਰਾਂ ਦੀ 'ਕਬਤੀ' (Coptic) ਦੋ ਹੋਰ ਲਿਪੀਆਂ ਸਨ ਜੋ ਸ਼ਾਮੀ ਦੇਸ ਦੀਆਂ ਹੱਦਾਂ ਤੋਂ ਬਾਹਰ ਵਰਤੀਂਦੀਆਂ ਸਨ । ਪਰ ਸਭ ਵਿਚੋਂ ਮੁਖੀ ਦੂਰ ਦੂਰ ਫੈਲੀ ਹੋਈ, ਅਤੇ ਦੇਸ ਦੇਸਾਂਤਰਾਂ ਵਿੱਚ ਵਰਤੀ ਜਾਣ ਵਾਲੀ ਲਿਪੀ ਫਿਨੀਸ਼ਨ ਜਾਂ ਫਿਨਿਕੀ ਸੀ, ਕਿਉਂ ਜੋ ਫਿਨਿਕੀ ਲੋਕ ਭਾਰੇ ਵਪਾਰੀ ਸਨ ਅਤੇ ਜਹਾਜ਼ਾਂ ਰਾਹੀਂ ਐਂਟਲਾਂਟਕ ਮਹਾਂ ਸਾਗਰ ਤਕ ਜਾਂਦੇ ਸਨ ਅਤੇ ਬਰਤਾਨੀਆਂ ਤੇ ਹੋਰ ਟਾਪੂਆਂ ਵਿੱਚ ਵੀ ਵਪਾਰ ਕਰਦੇ ਸਨ । ਰੂਮ ਸਾਗਰ ਦੇ ਟਾਪੂਆਂ, ਅਫ਼ਰੀਕਾ ਦੇ ਉੱਤਰੀ ਸਾਰੇ ਸਮੁੰਦਰੀ ਕੰਢੇ ਪੁਰ, ਸਿਸਿਲੀ, ਇਟਲੀ, ਯੂਨਾਨ, ਸਪੇਨ, ਫ਼ਰਾਂਸ ਦਾ ਦੱਖਣੀ ਕੰਢਾ ਸਭ ਥਾਂ ਇਹਨਾਂ ਨੇ ਆਪਣੀਆਂ ਬਸਤੀਆਂ (Colonies) ਬਣਾ ਰੱਖੀਆਂ ਸਨ, ਅਤੇ ਕਈ ਥਾਂ ਆਪਣੀਆਂ ਰੀਪਬਲਿਕਾਂ ਕਾਇਮ ਕਰ ਲਈਆਂ ਸਨ । ਸੋ ਫ਼ਿਨੀਸ਼ਨ ਲਿਪੀ ਦੂਰ ਦੂਰ ਤਕ ਸੌਦਾਗਰਾਂ ਵਿੱਚ ਫੈਲੀ ਹੋਈ ਸੀ । ਇਸ ਲਿਪੀ ਵਿੱਚ ਲਿਖੇ ਸਿਲਾ-ਲੇਖ ਦੂਰੋਂ ਦੂਰੋਂ ਮਿਲੇ ਹਨ । ਕਾਰਥੇਜ (ਟਯੂਨਿਸ਼ੀਆ) ਅਤੇ ਨੁਮਿਦੀਆਂ (ਤ੍ਰਾਬਲਸ) ਦੇ ਹਿੱਸੇ ਵਿੱਚ ਪਾਏ ਗਏ ਹਨ । ਯੂਨਾਨੀ-ਸਾਗਰ (Aegian Sea) ਦੇ ਸਭ ਟਾਪੂਆਂ ਸਾਈਪਰਸ, ਥੇਰਾ ਆਦਿ ਵਿੱਚ ਬਹੁਤ ਪੁਰਾਣੇ ਲੇਖ ਮੌਜੂਦ ਹਨ । ਪਰ ਸਭ ਤੋਂ ਪੁਰਾਣਾ ਸਿਲਾ-ਲੇਖ ਜਿਸ ਦਾ ਕਾਲ ਜਾਂ

ਸਮਾਂ ਠੀਕ ਠੀਕ ਮੁਕੱਰਰ ਹੋ ਸਕਿਆ ਹੈ, ਓਹ ਮੋਬ (Moab) ਦੇ ਇਲਾਕੇ ਤੋਂ ਮਿਲਿਆ ਹੈ। ਇਹ ਮੋਬਾਈਟ ਸਟੋਨ (Moabite Stone) ਦੋ ਭਾਸ਼ਾਵਾਂ ਵਿੱਚ ਹੈ ਅਤੇ ਇਸ ਪੱਥਰ ਨੇ ਫ਼ਿਨੀਸਨ ਦੇ ਪੜ੍ਹੇ ਜਾਣ ਵਿੱਚ ਉਸੇ ਤਰ੍ਹਾਂ ਕੁੰਜੀ ਦਾ ਕੰਮ ਦਿਤਾ ਹੈ, ਜਿਸ ਤਰ੍ਹਾਂ ਰੋਜ਼ੈੱਟਾ ਸਟੋਨ (Rosetta Stone) ਨੇ ਮਿਸਰ ਦੇਸ ਦੇ (Hieroglyphs) ਦੇ ਪੜ੍ਹਨ ਵਿੱਚ। ਇਹ ਲੇਖ ਨਾਵੀਂ ਸਦੀ ਪੂਰਬ ਈਸਵੀ ਦਾ ਹੈ। ਇਸ ਤੋਂ ਇਹ ਅੰਦਾਜ਼ਾ ਹੋ ਸਕਦਾ ਹੈ ਕਿ ਇਸ ਤੋਂ ਪਹਿਲੇ ਇਸ ਲਿਪੀ ਨੇ ਕਦ ਜਨਮ ਲਿਆ।

ਫ਼ਿਨੀਸ਼ਨ ਲਿਪੀ ਦਾ ਸੋਮਾ ਇਕ ਹੋਰ ਲਿਪੀ ਸੀ ਜੋ ੧੬੦੦ ਪੂਰਬ ਈਸਾ ਵਿੱਚ ਜਜ਼ੀਰਾ-ਨੁਮਾ ਸੀਨਾਈ ਦੇ ਲਾਗੇ ਵਰਤੀ ਜਾਂਦੀ ਸੀ। ਪਲੇਟ ਨੰ: IX ਵਿੱਚ ਇਹ ਲਿਪੀ ਵਿਖਾਈ ਗਈ ਹੈ। ਇਸ ਲਿਪੀ ਦੇ ਅੱਖਰ ਹਾਲੀਂ ਤਸਵੀਰਾਂ ਵਿਚੋਂ ਬਣ ਰਹੇ ਹਨ। 'ਹੱਥ', 'ਤਲੀ', 'ਮੱਛੀ, 'ਅੱਖ' ਆਦਿ ਦੀਆਂ ਤਸਵੀਰਾਂ ਦੇ ਚਿੰਨ੍ਹਾਂ ਵਿੱਚ ਬਦਲ ਜਾਣ, ਅਤੇ ਵਰਣਮਾਲਾ ਵਿੱਚ ੧੯ ਦੀ ਥਾਂ ੨੨ ਅੱਖਰ ਹੋ ਜਾਣ ਲਈ ਕੁਝ ਨਹੀਂ ਤਾਂ ਦੋ ਕੁ ਸੌ ਵਰ੍ਹਾ ਲਗ ਗਿਆ ਹੋਵੇਗਾ। ਸੋ ਅਟਾ ਸਟਾ ਅਸੀਂ ਕਹਿ ਸਕਦੇ ਹਾਂ ਕਿ ਫ਼ਿਨੀਸ਼ਨ ਲਿਪੀ ਜਿਸ ਵਿਚੋਂ ਅੱਗੋਂ ਯੂਨਾਨੀ ਲਈ ਗਈ, ਕੋਈ ਤੇਹਰਵੀਂ ਚੌਧਵੀਂ ਸਦੀ ਪੂਰਬ ਈਸਵੀ ਵਿੱਚ ਬਣ ਚੁਕੀ ਸੀ।

ਯੂਨਾਨੀ ਦੇ ਸਭ ਤੋਂ ਪੁਰਾਣੇ ਸਿਲਾ-ਲੇਖ ਜੋ (Aegean Sea) ਦੇ ਟਾਪੂਆਂ ਤੇ ਸ਼ਾਮੀ ਕੌਮਾਂ ਦੇ ਉੱਤਰ ਵੱਲ ਦੇ ਦੇਸ ਏਸ਼ੀਆ-ਕੋਚਕ (ਤੋੜ ਉੱਪਰ ਬਲੈਕ-ਸੀ ਜਾਂ ਕਾਲੇ ਸਮੁੰਦਰ ਤਕ) ਤੋਂ ਮਿਲੇ ਹਨ, ਅਤੇ ਜਿਨ੍ਹਾਂ ਦੇ ਅੱਖਰ ਫ਼ਿਨੀਸ਼ਨ ਲਿਖਤ ਦੇ ਬਹੁਤ ਹੀ ਨੇੜ ਹਨ, ਓਹ ਅਠਵੀਂ ਨਾਵੀਂ ਸਦੀ ਪੂਰਬ-ਈਸਵੀ ਦੇ ਹਨ। ਯੂਨਾਨੀਆਂ ਦੀ ਆਪਣੀ ਕੋਈ ਲਿਪੀ ਨਹੀਂ ਸੀ ਅਤੇ ਨਾ ਹੀ ਲਿਖਣ ਦਾ ਹੁਨਰ ਉਨ੍ਹਾਂ ਨੂੰ ਇਸ ਤੋਂ ਪਹਿਲੇ ਮਾਲੂਮ ਸੀ। ਸੋ ਇਹ ਕਹਿਣਾ ਗ਼ਲਤ ਨਾ ਹੋਵੇਗਾ ਕਿ ਯੂਨਾਨੀਆਂ ਨੇ ਫ਼ਿਨਿਕੀ ਸੌਦਾਗਰਾਂ ਦੇ ਅਸਰ ਹੇਠਾਂ ਆ ਕੇ ਉਨ੍ਹਾਂ ਦੀ ਲਿਪੀ ਹੀ ਲੈਕੇ, ਯੂਨਾਨੀ ਬੋਲੀ ਵਿੱਚ ਆਪਣਾ ਕਾਰ-ਵਿਹਾਰ ਸ਼ੁਰੂ ਕੀਤਾ, ਅਤੇ ਇਹ ਮਾਂਗ ਨਾਂਵੀਂ ਸਦੀ ਵਿੱਚ ਹੋਈ।

ਹਿੰਦੀ ਵਪਾਰੀਆਂ ਨੇ ਫ਼ਿਨਿਕੀ ਅੱਖਰ ਕਦੋਂ ਵਰਤਣੇ ਸ਼ੁਰੂ ਕੀਤੇ, ਇਸ ਦਾ ਅੰਦਾਜ਼ਾ ਲਾਣ ਦਾ ਸਾਨੂੰ ਇੱਕੋ ਢੰਗ ਸੁੱਝਾ ਹੈ। ਓਹ ਇਹ ਹੈ ਕਿ ਫ਼ਿਨਿਕੀ ਸਮੇਤ ਸਾਰੀਆਂ ਹੀ ਸ਼ਾਮੀ ਲਿਪੀਆਂ, ਮਿਸ਼ਰੀ ਲਿਪੀਆਂ ਸਮੇਤ, ਸੱਜੇ ਤੋਂ ਖੱਬੇ ਨੂੰ ਅਤੇ ਲੀਕੋਂ ਉੱਪਰ ਲਿਖੀਆਂ ਜਾਂਦੀਆਂ ਸਨ। ਸਵਾਲ ਹੈ ਕਿ ਬ੍ਰਹਮੀ ਲਿਪੀ ਬਣਾਨ ਵਾਲਿਆਂ ਨੂੰ ਖੱਬਿਓਂ ਸੱਜੇ ਨੂੰ ਲਿਖਣ ਦਾ ਖ਼ਿਆਲ ਕਿਸ ਤਰ੍ਹਾਂ ਸੁੱਝਾ? ਯੂਨਾਨੀਆਂ ਨੇ, ਜਿਸ ਵੇਲੇ ਫ਼ਿਨਿਕੀ ਬੋਲੀ ਮਾਂਗਵੀਂ ਲਈ, ਬੋਲੀ ਤਾਂ ਯੂਨਾਨੀ ਵਰਤਣੀ ਹੀ ਸੀ, ਪਰ ਇਕ ਫ਼ਰਕ ਹੋਰ ਇਹ ਪਾਇਆ ਕਿ ਆਪਣੀਆਂ ਲਿਖਤਾਂ ਨੂੰ ਇੱਕੋ ਚਲਦੀ ਲੀਕ ਵਿੱਚ ਲਿਖਣਾ ਚਾਹਿਆ, ਜਿਸ ਮਤਲਬ ਲਈ ਓਹਨਾਂ ਨੇ ਦੋ ਢੰਗ ਵਰਤੇ। ਇਕ ਤਾਂ ਇਹ ਕਿ ਖੁਲ੍ਹਦੇ ਮੋਕਲੇ ਹੁੰਦੇ ਚੱਕਰ (Spiral) ਵਿੱਚ ਲਿਖਿਆ; ਇਸ ਤਰ੍ਹਾਂ ਲਿਖੇ ਸਿਲਾ-ਲੇਖ ਮੌਜੂਦ ਹਨ। ਪਰ ਪ੍ਰਤੱਖ ਤੌਰ ਤੇ ਇਹ ਢੰਗ ਬਹੁਤ ਸੁਖੇਨ ਨਹੀਂ ਸੀ, ਇਸ ਤਰ੍ਹਾਂ ਲਿਖਣ ਵਿੱਚ ਕਈ ਮੁਸ਼ਕਲਾਂ ਸਨ। ਦੂਜਾ ਢੰਗ ਜੋ ਯੂਨਾਨੀਆਂ ਨੇ ਵਰਤਿਆ, ਓਹ ਸੀ 'ਹਲ ਦੀ ਲੀਕ' ਅਨੁਸਾਰ ਲਿਖਣਾ। ਹਲ ਵਾਹਣ ਵੇਲੇ ਢੱਗੇ ਪਹਿਲੋਂ ਇਕ ਪਾਸੇ ਨੂੰ ਜਾਂਦੇ ਹਨ, ਅਤੇ ਫਿਰ ਘੁੰਮ ਕੇ ਓਧਰ ਹੀ, ਜਿਧਰੋਂ ਆਏ ਸਨ। ਇਸ ਢੰਗ ਨੂੰ ਉਹ ਯੂਨਾਨੀ (Boustrophedon) Βουστροφηδον ਜਾਂ ਆਖੋ, ਢੱਗੋ-ਵਾਹੀ ਸਦਦੇ ਹਨ। ਅਰਥਾਤ ਜੇ ਪਹਿਲੀ

ਪਾਲ ਸੱਜਿਓਂ ਖੱਬੇ ਨੂੰ ਲਿਖੀ ਹੈ, ਤਦ ਦੂਜੀ ਪਾਲ ਖੱਬਿਓਂ ਸੱਜੇ ਨੂੰ ਲਿਖੀ ਜਾਏਗੀ; ਤੀਜੀ ਫਿਰ ਸੱਜਿਓਂ ਖੱਬੇ ਨੂੰ ਅਤੇ ਚੋਥੀ ਖੱਬਿਓਂ ਸੱਜੇ ਨੂੰ। ਪਲੇਟ ਨੰ: X ਦੇ ਹੇਠਾਂ ਇਸ ਤਰ੍ਹਾਂ 'ਹਲ ਦੀ ਲੀਕ ਪਿੱਛੇ' ਲਿਖੇ ਯੂਨਾਨੀ ਸਿਲਾ-ਲੇਖ ਦਾ ਨਿੱਕਾ ਜਿਹਾ ਟੁਕੜਾ ਨਮੂਨੇ ਵਜੋਂ ਦਿੱਤਾ ਹੈ। 'ਲਿਖਦੇ ਲੀਕੋਂ' ਉੱਪਰ ਹੀ ਸਨ। ਇਕ ਫ਼ਰਕ ਜੋ ਏਸ 'ਢੱਗੇ-ਵਾਹੀ' ਨੇ ਪਾਇਆ, ਇਹ ਸੀ ਕਿ ਅੱਖਰਾਂ ਦੇ ਮੂੰਹ ਹਰ ਲੀਕ ਜਾਂ ਪਾਲ ਵਿਚ ਭੌਂ ਜਾਂਦੇ ਸਨ,* ਇਹ ਇਕ ਨਵੀਂ ਮੁਸ਼ਕਲ ਸੀ, ਜਿਸ ਕਰ ਕੇ ਲਿਖਾਰੀਆਂ ਤੋਂ ਬਹੁਤ ਗ਼ਲਤੀਆਂ ਹੋ ਜਾਂਦੀਆਂ ਸਨ। ਸੋ ਸਹਿਜੇ ਸਹਿਜੇ ਖੱਬਿਓਂ ਸੱਜੇ ਨੂੰ ਲਿਖਣ ਦਾ ਢੰਗ ਪੱਕਾ ਹੋ ਗਿਆ, ਅਤੇ 'ਹਲ ਦੀ ਲੀਕ' ਦੀ ਪੈਰਵੀ ਛੁੱਟ ਗਈ। ਹਿੰਦੂ ਲੋਕਾਂ ਨੂੰ ਵੀ ਇਹ ਢੰਗ—'ਢੱਗੇ-ਵਾਹੀ ਵਾਲਾ—ਅਸਲੋਂ ਬੇ-ਮਾਲੂਮ ਨਹੀਂ ਸੀ। ਜਨਰਲ ਕਨਿੰਘਮ ਸਾਹਿਬ ਨੂੰ ਕੁਝ ਛਾਪਾਂ ਪਟਨੇ ਤੋਂ ਮਿਲੀਆਂ ਹਨ; ਇਹਨਾਂ ਨੂੰ ਡਾਕਟਰ ਬੂਹਲਰ (Buhler) ਨੇ ਉਸ ਸਮੇਂ ਦੀਆਂ ਠਹਿਰਾਇਆ ਹੈ, ਜਦ ਬ੍ਰਹਮੀ ਹਾਲੀ 'ਹਲ ਦੀ ਲੀਕ' ਅਨੁਸਾਰ ਲਿਖੀ ਜਾਂਦੀ ਸੀ, ਜਿਵੇਂ ਕਿ ਰੁਹਤਾਸ ਗੜ੍ਹ ਦੇ ਚਟਾਨ ਉੱਪਰ ਮਹਾਸਾਮੰਤ ਅਧਿਪਤਿ ਸ਼ਸ਼ਾਂਕ ਦਾ ਲੇਖ ਹੈ।

ਜਦ ਸੈਦਾ (Siden) ਦੀ ਬੰਦਰਗਾਹ, ਫ਼ਿਨੀਸ਼ਨ ਦਾ ਮੁਖ ਸ਼ਹਿਰ ਬਣ ਗਿਆ, ਉਸ ਵੇਲੇ ਦੱਖਣੀ ਫ਼ਿਨੀਸ਼ਨ ਨੇ ਵੀ ਆਪਣੇ ਲੇਖ ਕਿਤੇ ਕਿਤੇ ਖੱਬਿਓਂ ਸੱਜੇ ਨੂੰ ਲਿਖਣੇ ਸ਼ੁਰੂ ਕਰ ਦਿਤੇ। ਹਿੰਦੀਆਂ ਨੇ ਫ਼ਿਨੀਸ਼ਨ ਵਿਚ ਇਹ ਰਸਮ ਟੁਰ ਪੈਣ ਤੋਂ ਪਿੱਛੋਂ ਹੀ ਫ਼ਿਨਕੀ ਅੱਖਰ ਉਨ੍ਹਾਂ ਤੋਂ ਮਾਂਗਵੇਂ ਲਏ ਹੋਣਗੇ, ਜਿਸ ਕਰ ਕੇ ਖੱਬਿਓਂ ਸੱਜੇ ਨੂੰ ਲਿਖਣ ਵਾਲਾ ਤਰੀਕਾ ਮੁੱਢ ਤੋਂ ਹੀ ਹਿੰਦੀਆਂ ਵਿੱਚ ਪਸੰਦ ਕੀਤਾ ਗਿਆ। ਇਹ ਕਦੋਂ ਹੋਇਆ?

ਫ਼ਿਨੀਸ਼ਨਾਂ ਦੀਆਂ ਤਿੰਨ ਬੰਦਰਗਾਹਾਂ ਵੱਡੀਆਂ ਸਨ—Byblus, Siden ਤੇ Tyre। ਤਿੰਨਾਂ ਦੇ ਤਿੰਨ ਹੀ ਰਾਜ ਸਨ ਜੋ ਰੀਪਬਲਿਕਾਂ ਸਨ। ਕਦੇ ਇਕ ਰਾਜ ਦਾ ਜ਼ੋਰ ਦੂਜੇ ਦੁਹ ਪੁਰ ਭਾਰੂ ਹੋ ਜਾਂਦਾ ਸੀ, ਕਦੇ ਦੂਜੇ ਦਾ। ਤੇਰਹਵੀਂ ਚੋਧਵੀਂ ਸਦੀ ਪੂਰਬ ਈਸਵੀ ਵਿੱਚ Byblus ਅਰਥਾਤ ਬਰਲੂ ਜਾਂ ਬ੍ਰਬਰੂ ਰਾਜ ਦਾ ਜ਼ੋਰ ਸੀ, ਅੱਠਵੀਂ ਨਾਵੀਂ ਵਿੱਚ Tyre† 'ਤੈਰ' ਜਾਂ 'ਸੂਰ' ਦਾ, ਅਤੇ ਫੇਰ ਛੇਵੀਂ ਸਤਵੀਂ ਵਿੱਚ Sidon ਸਿਡਨ ਜਾਂ ਸੈਦਾ ਮੁਖ ਸੀ। ਇਹ ਸਮਾਂ ਹਿੰਦ ਵਿੱਚ ਲਿਖਣ ਦੇ ਹੁਨਰ ਵਰਤੇ ਜਾਣ ਦੇ ਨਾਲ ਠੀਕ ਮੇਲ ਖਾ ਜਾਂਦਾ ਹੈ, ਅਰਥਾਤ ਸਤਵੀਂ ਅਠਵੀਂ ਸਦੀ ਪੂਰਬ ਈਸਾ।

ਪਰ ਹਿੰਦੀ ਵਪਾਰੀਆਂ ਨੇ ਖੱਬੇ ਤੋਂ ਸੱਜੇ ਨੂੰ ਲਿਖਣ ਦਾ ਢੰਗ ਇਖ਼ਤਿਆਰ ਕਰਨ ਨਾਲ ਹੀ ਇਕ ਫ਼ਰਕ ਇਹ ਪਾ ਦਿੱਤਾ ਕਿ ਲੀਕ ਦੇ ਉਪਰ ਲਿਖਣ ਦੀ ਥਾਂ ਲੀਕ ਦੇ ਹੇਠਾਂ ਲਿਖਣਾ ਸ਼ੁਰੂ ਕੀਤਾ। ਸਾਰੀਆਂ ਸ਼ਾਮੀ [Semitic] ਲਿਪੀਆਂ ਅਤੇ ਉਨ੍ਹਾਂ ਪਿੱਛੋਂ ਯੂਨਾਨੀ ਤੇ ਰੋਮਨ ਆਦਿ ਵੀ ਲੀਕੋਂ ਉੱਪਰ ਲਿਖੀਆਂ ਜਾਂਦੀਆਂ ਸਨ।

---

*ਇਹ ਪੁਰਾਣਾ ਮਿਸਰੀ ਤਰੀਕਾ ਸੀ। ਓਹ ਵੀ ਕਦੇ ਸੱਜਿਓਂ ਖੱਬੇ ਨੂੰ ਤੇ ਕਦੇ ਖੱਬਿਓਂ ਸੱਜੇ ਨੂੰ ਲਿਖਦੇ ਸਨ ਅਤੇ ਲਿਖਣ ਦੇ ਰੁਖ ਮੂਜਬ ਚਿੰਨ੍ਹਾਂ ਦੇ ਮੂੰਹ ਫੇਰ ਦੇਂਦੇ ਹਨ। ਸਾਈਪਰਸ ਦੀਪ ਤੋਂ ਕੁਝ ਸਿਲਾ-ਲੇਖ ਫ਼ਿਨੀਸ਼ਨ ਲਿਪੀ ਦੇ ਖੱਬਿਓਂ ਸੱਜੇ ਨੂੰ ਲਿਖੇ ਮਿਲੇ ਹਨ। ਉਨ੍ਹਾਂ ਵਿੱਚ ਵੀ ਚਿੰਨ੍ਹਾਂ ਦੇ ਮੂੰਹ ਫਿਰੇ ਹੋਏ ਹਨ।

†Tyre ਦੇ ਰਾਜਾ ਨੇ ਹਜ਼ਰਤ ਸੁਲੇਮਾਨ ਨੂੰ ਆਪਣਾ ਮੰਦਰ ਯਰੋਸ਼ਲਮ ਵਿੱਚ ਬਣਨ ਵਾਸਤੇ ਦਿਉ-ਦਾਰ ਦੀ ਲੱਕੜ ਤੇ ਬਹੁਤ ਸਾਰੇ ਕਾਰੀਗਰ ਰਾਜ ਤਰਖਾਣ ਭੇਜੇ ਸਨ।

ਉਪਰ ਕਿਹਾ ਗਿਆ ਹੈ ਕਿ ਜਦ ਯੂਨਾਨੀਆਂ ਨੇ 'ਹੱਲ ਦੀ ਲੀਕ' ਅਨੁਸਾਰ ਲਿਖਣਾ ਸ਼ੁਰੂ ਕੀਤਾ, ਤਦ ਅੱਖਰਾਂ ਦੇ ਚਿਹਰੇ ਵੀ ਭੌਂ ਗਏ । ਇੱਕ ਹੀ ਅੱਖਰ, ਜੋ ਪਹਿਲੀ ਪਾਲ ਵਿੱਚ ਸੀ, ਤਦ ਉਸ ਦਾ ਮੂੰਹ ਜਿਧਰ ਨੂੰ ਲਿਖਾਈ ਜਾ ਰਹੀ ਸੀ, ਉਧਰ ਨੂੰ ਸੀ; ਜਦ ਦੂਜੀ ਲੀਕ ਵਿੱਚ ਲਿਖਾਈ ਪਲਟੀ, ਤਦ ਅੱਖਰ ਦਾ ਰੁਖ਼ ਵੀ ਪਲਟ ਗਿਆ । ਜਿਵੇਂ ਜੇਕਰ ਪਹਿਲੀ ਪਾਲ ਵਿੱਚ ਅੱਖਰ 'ਅ' ਅਤੇ 'ਕ' ਇਉਂ ਲਿਖੇ ਗਏ :—



ਤਦ ਦੂਜੀ ਪਾਲ ਵਿੱਚ ਮੂੰਹ ਪਲਟ ਕੇ ਇਉਂ ਹੋ ਗਏ :—



ਇਕ ਲੇਖ ਵਿੱਚ ਅੱਖਰਾਂ ਨੂੰ ਕਦੇ ਪਾਸਾ ਸੱਜੇ ਕਰ ਕੇ ਅਤੇ ਕਦੇ ਖੱਬੇ ਕਰ ਕੇ ਲਿਖਣ ਵਿੱਚ ਲਿਖਾਰੀਆਂ ਕੋਲੋਂ ਗ਼ਲਤੀਆਂ ਹੋ ਜਾਣੀਆਂ ਅਵੱਸ਼ ਸਨ; ਕਦੇ ਸੱਜੇ ਦੀ ਥਾਂ ਖੱਬੇ ਵੱਲ ਤੇ ਕਦੇ ਖੱਬੇ ਦੀ ਥਾਂ ਸੱਜੇ ਵੱਲ ਮੂੰਹ ਹੋ ਜਾਂਦਾ ਸੀ† । ਬ੍ਰਹਮੀ ਦੇ ਸਿਲਾ-ਲੇਖਾਂ ਵਿੱਚ ਵੀ, ਪੁਰਾਣੀ ਯਾਦ ਕਰ ਕੇ, ਇਹ ਗ਼ਲਤੀਆਂ ਮੌਜੂਦ ਹਨ, ਜਿਵੇਂ ਅੱਖਰ ਨੂੰ ਕਦੇ 'ਤ' ਤੇ ਕਦੇ '੮' ਲਿਖਿਆ ਹੈ । ਇਹੋ ਹਾਲ 'ਏ' 'ਥ' 'ਬ' ਆਦਿ ਅੱਖਰਾਂ ਦਾ ਹੈ । ਲੀਕ ਦੇ ਉਪਰ ਲਿਖਣ ਦੀ ਥਾਂ ਲੀਕ ਦੇ ਹੇਠਾਂ ਲਿਖਣ ਨੇ ਵੀ ਇਸੇ ਤਰ੍ਹਾਂ ਦੀਆਂ ਗ਼ਲਤੀਆਂ ਕਰਵਾਈਆਂ ਹਨ ।

†ਇਹਨਾਂ ਮੁਸ਼ਕਲਾਂ ਕਰ ਕੇ ਯੂਨਾਨੀ ਵਿੱਚ ਖੱਬਿਓਂ ਸੱਜੇ ਵੱਲ ਲਿਖਣ ਦਾ ਰਿਵਾਜ ਪੰਜਵੀਂ ਸਦੀ ਪੂਰਬ ਈਸਵੀ ਵਿੱਚ ਪੱਕਾ ਹੋ ਗਿਆ ਸੀ ।

Sri Satguru Jagjit Singh Ji Elibrary NamdhariElibrary@gmail.com

## ੬

# ਅਰਮਾਈਅਨ ਜਾਂ ਅਰਮਾਇਕ ਲਿਪੀ

ਇਸ ਲਿਪੀ ਬਾਬਤ ਪ੍ਰੋਫੈਸਰ ਟਾਮਸ ਦੀ ਕਿਤਾਬ "The A B C of our Alphabet" ਵਿੱਚ ਇਉਂ ਲਿਖਿਆ ਹੈ :—

"The Aramaean alphabet first appeared in the highlands of Aram on the caravan routes from Egypt and Phoenicia to Mesopotamia about the seventh century B. C. Its rise began with the decline of Phoenicia following the sack and destruction of Tyre by Nebu-chadar-ezzar, the Chaldean ruler of Babylon, and the resulting rise to importance of the highland races of Aram and Syria. This *flexible* Aramean form of the Phoenician Alphabet was used in Nineveh* and Babylon, as well as the ancient native 'cuneiform' of writing that had been in use for almost 4000 years.

This Aramean *Corruption of the phoenician Alphabet* was brought by the Jews to their own land from the cities of Babylon and Ninevah, when they returned from their long period of captivity.† Their own alphabet was similar in form to the phoenician alphabet.

---

*Ninevah ਦਰਿਆਏ ਦਜਲਾ ਦੇ ਕਿਨਾਰੇ ਅਸਿਰੀਅਨ ਲੋਕਾਂ ਦੀ ਰਾਜਧਾਨੀ ਹੁੰਦਾ ਸੀ। ਇਸ ਨਾਂ ਦੇ ਅਰਥ ਹਨ 'ਮਾਹੀ-ਵਾੜਾ'।

†'ਨਬੂ ਖਦਰ ਅਜ਼-ਰ' ਕਲਦਾਨੀ ਪਾਤਸ਼ਾਹ ਨੇ, ਜਿਸ ਨੇ ਫ਼ਿਨੀਸ਼ਨਾਂ ਨੂੰ ਤਬਾਹ ਕੀਤਾ ਸੀ, ਯਰੋ-ਸ਼ਲੀਮ ਤੇ ਹਮਲਾ ਕਰ ਕੇ ਉਸ ਨੂੰ ਵੈਰਾਨ ਕਰ ਦਿੱਤਾ, ਹਜ਼ਰਤ ਸੁਲੇਮਾਨ ਦਾ ਉਸਾਰਿਆ ਮੰਦਰ ਢਾਹ ਦਿੱਤਾ, ਅਤੇ ਲੱਖਾਂ ਯਹੂਦੀਆਂ ਨੂੰ ਕੈਦ ਕਰਕੇ ਲੈ ਗਿਆ। ਪੌਣੀ ਸਦੀ ਦੇ ਕਰੀਬ ਇਹ ਓਥੇ ਬੈਬੀਲੋਨ ਤੇ ਨਿਨਵਾਹ ਵਿੱਚ ਰਹੇ ਅਤੇ ਤੀਜੀ ਕਿ ਚੌਥੀ ਪੀੜ੍ਹੀ ਤੁਰ ਪਈ, ਜਦ ਫ਼ਾਰਸ ਦੇ ਪਾਤਸ਼ਾਹ ਨੇ ਇਨ੍ਹਾਂ ਦਾ ਛੁਟਕਾਰਾ ਕੀਤਾ। ਇਹ ਵਾਕਿਆ ਸਤਵੀਂ ਸਦੀ ਪੂਰਬ ਈਸਾ ਦਾ ਹੈ।



Sri Satguru Jagjit Singh Ji Elibrary NamdhariElibrary@gmail.com

The Jews in Palestine probably used the Aramaen alphabet until the second century B. C., when the Southern Aramaen beg^n to be transformed into the square Hebrew alphabet. The modern Hebrew of to-day was not fully developed until the tenth century A. D. (ਇਸ ਤੋਂ ਇਲਾਵਾ ਇਕ Robbinicial Hebrew alphabet ਵੀ ਹੈ,ਜੋ ਰੱਬੀ ਜਾਂ ਪੁਜਾਰੀ ਲੋਕ ਵਰਤਦੇ ਹਨ ।)

In the north, the Aramaen alphabet after passing through a thousand years of local modification developed into the modern Arabic Alphabet. These cursive forms, springing from the sources as our own, have been reduced to extreme legibility and simplicity, while they retain the virtue of great decorative beauty."

["ਅਰਮਾਈ ਵਰਣਮਾਲਾ (Aramean Alphabet) ਪਹਿਲਾਂ ਪਹਿਲ ਮਿਸਰ ਤੇ ਫਿਨਿ-ਕੀਆ ਤੋਂ ਮੈਸੋਪੋਟੇਮੀਆ ਵਲ ਜਾਂਦੇ ਕਾਫ਼ਲਿਆਂ ਵਾਲੇ ਰਾਹਾਂ ਉੱਤੇ, ਅਰਮ ਦੇ ਪਹਾੜੀ ਪਰਦੇਸ਼ਾਂ ਵਿੱਚ ਸਤਵੀਂ ਸਦੀ ਪੂਰਬ ਈਸਵੀ ਦੇ ਨੇੜੇ ਤੇੜੇ ਪਰਗਟ ਹੋਈ ਸੀ। ਇਸ ਦਾ ਅਰੂਜ ਬੈਬੀਲੋਨ ਦੇ ਕੈਲਡੀਅਨ (Chaldian) ਰਾਜੇ, ਨਬੂ-ਖ਼ਜ਼ਰ-ਅੱਜ਼ਰ (Nebu-Chadr-Ezzar), ਹੱਥੋਂ ਤਾਇਰ ਦੇ ਉਜਾੜੇ ਪਿੱਛੋਂ ਫੋਨਿਕੀਆ ਦੇ ਹੋਏ ਜ਼ਵਾਲ ਦੇ ਕਾਰਣ ਅਤੇ ਇਸ ਦੇ ਨਤੀਜੇ ਦੇ ਤੌਰ ਤੇ ਅਰਮ ਅਤੇ ਸੀਰੀਆ ਦੀਆਂ ਪਹਾੜੀ ਜਾਤੀਆਂ ਦੇ ਵਧਦੇ ਗੌਰਵ ਕਰਕੇ ਸ਼ੁਰੂ ਹੋਇਆ। ਫ਼ਿਨਿਕੀ ਵਰਣ-ਮਾਲਾ ਦਾ ਇਹ ਲਚਕਦਾਰ ਅਰਮਾਈਅਨ ਰੂਪ ਨਿਨੇਵੇਹ ਅਤੇ ਬੈਬੀਲੋਨ ਵਿੱਚ ਵਰਤਿਆ ਜਾਂਦਾ ਸੀ। ਇਸ ਦੇ ਨਾਲ ਹੀ ਪ੍ਰਾਚੀਨ ਦੇਸੀ ਫ਼ਾਨਾ-ਨੁਮਾ (Cuneiform) ਲਿਖਣ-ਢੰਗ ਵੀ ਪਰਚੱਲਤ ਸੀ ਜੋ ਕਿ ਲਗ ਭਗ ਚਾਰ ਹਜ਼ਾਰ ਸਾਲਾਂ ਤੋਂ ਵਰਤਿਆ ਜਾ ਰਿਹਾ ਸੀ।

"ਫ਼ਿਨਿਕੀ ਵਰਣਮਾਲਾ ਦਾ ਇਹ ਅਰਮਾਈਅਨ ਵਿਗੜਿਆ ਰੂਪ ਯਹੂਦੀਆਂ ਨੇ ਲੰਮੇ ਚਿਰ ਦੀ ਕੈਦ ਕਟਣ ਉਪਰੰਤ ਆਪਣੇ ਦੇਸ਼ ਵਿੱਚ ਵਾਪਸੀ ਸਮੇਂ ਬੈਬੀਲੋਨ ਤੇ ਨਿਨੇਵੇਹ ਦੇ ਸ਼ਹਿਰਾਂ ਤੋਂ ਲਿਆਂਦਾ ਸੀ। ਉਨ੍ਹਾਂ ਦੀ ਆਪਣੀ ਵਰਣਮਾਲਾ ਫ਼ਿਨਿਕੀ ਵਰਣਮਾਲਾ ਨਾਲ ਸ਼ਕਲ ਸੂਰਤ ਵਿੱਚ ਮਿਲਦੀ ਜੁਲਦੀ ਸੀ।

"ਫ਼ਲਿਸਤੀਨ ਦੇ ਯਹੂਦੀ ਅਰਮਾਈ ਵਰਣਮਾਲਾ, ਸ਼ਾਇਦ, ਦੂਜੀ ਸਦੀ ਪੂਰਬ ਈਸਵੀ ਤਕ ਵਰਤਦੇ ਰਹੇ ਜਦੋਂ ਕਿ ਦੱਖਣੀ ਅਰਮਾਈਅਨ ਚੌਨੁਕਰੀ ਇਬਰਾਨੀ (Square Hebrew) ਦਾ ਰੂਪ ਧਾਰਣ ਕਰਨ ਲਗ ਪਈ ਸੀ। ਅੱਜ ਕਲ ਦੀ ਵਰਤਮਾਨ ਇਬਰਾਨੀ (Modern Hebrew) ਦਸਵੀਂ ਸਦੀ ਈਸਵੀ ਤਕ ਪੂਰਨ ਤੌਰ ਤੇ ਪਰਫੁੱਲਤ ਨਹੀਂ ਹੋਈ ਸੀ।"

["ਉੱਤਰ ਵਿੱਚ, ਅਰਮਾਈਅਨ ਵਰਣਮਾਲਾ ਇਕ ਹਜ਼ਾਰ ਸਾਲ ਦੀਆਂ ਸਥਾਨਕ ਤਰਮੀਮਾਂ (Modifications) ਉਪਰੰਤ ਵਰਤਮਾਨ ਅਰਬੀ ਵਰਣਮਾਲਾ ਵਿੱਚ ਵਿਕਸਤ ਹੋ ਗਈ। ਇਹ ਸ਼ਿਕਸਤੇ (Cursive forms), ਜੋ ਸਾਡੇ ਵਾਲੇ ਸੋਮਿਆਂ ਤੋਂ ਹੀ ਨਿਕਲੇ ਸਨ, ਅਤਿਅੰਤ ਹੀ ਸਾਦੇ ਤੇ ਪੜ੍ਹਨ-ਜੋਗ ਬਣਾ ਦਿੱਤੇ ਗਏ। ਨਾਲ ਹੀ ਉਨ੍ਹਾਂ ਦੀ ਸਜਾਵਟੀ ਖ਼ੂਬਸੂਰਤੀ ਦੇ ਵੱਡੇ ਗੁਣ ਨੂੰ ਵੀ ਕਾਇਮ ਰਖਿਆ ਗਿਆ।"]

Sri Satguru Jagjit Singh Ji Elibrary NamdhariElibrary@gmail.com

ਅਰਥਾਤ ਸਤਵੀਂ ਸਦੀ ਪੂਰਬ ਈਸਵੀ ਵਿੱਚ ਅਰਮ ਅਤੇ ਸਿਰੀਆ ਦੀ ਉੱਚੀ ਧਰਤੀ ਵਿੱਚ ਫਿਨਿਕੀ ਲਿਪੀ ਤੋਂ ਹੀ ਅਰਮਾਈ ਲਿਪੀ ਬਣੀ ਅਤੇ ਫ਼ਿਨਿਕੀਆਂ ਦੇ ਉਜੜ ਜਾਣ ਪਿੱਛੋਂ ਮੁਖ-ਲਿਪੀ ਬਣ ਕੇ ਦੁਆਬੇ ਤਕ ਫੈਲ ਗਈ, ਅਤੇ ਦੁਆਬ ਦੀ ਆਪਣੀ ਅਸਲੀ ਲਿਖਤ (Cuneiform) ਦੇ ਨਾਲ ਨਾਲ ਵਰਤੀ ਜਾਣ ਲਗੀ। ਯਹੂਦੀਆਂ ਨੇ, ਜਦ ਉਹ ਇਸ ਦੇਸ਼ ਵਿਚ ਕਲਦਾਨੀ ਪਾਤ-ਸ਼ਾਹੀ ਦੇ ਕੈਦੀ ਸਨ, ਆਪਣੀ ਪੁਰਾਣੀ ਲਿਪੀ ਪ੍ਰਾਚੀਨ-ਇਬਰਾਨੀ (Ancient Hebrew) ਨਾਲ ਮਿਲਦੀ ਜੁਲਦੀ ਅਰਮਾਈ (Aramaean) ਲਿਪੀ ਇਖਤਿਆਰ ਕਰ ਲਈ ਅਤੇ ਕੈਦੋਂ ਛੁੱਟਣ ਪਿਛੋਂ ਇਹ ਲਿਪੀ ਆਪਣੇ ਨਾਲ ਆਪਣੇ ਵਤਨ ਫ਼ਲਿਸਤੀਨ ਲੈ ਗਏ, ਜਿਥੇ ਦੂਸਰੀ ਸਦੀ ਪੂਰਬ ਈਸਵੀ ਤਕ ਇਹ ਵਰਤੀ ਜਾਂਦੀ ਰਹੀ, ਅਤੇ ਪਿਛੋਂ ਦੱਖਣੀ ਫ਼ਲਿਸਤੀਨ ਵਿੱਚ ਚੌਨੁਕਰੀ ਇਬਰਾਨੀ ਵਿੱਚ ਬਦਲ ਗਈ। ਉੱਤਰੀ ਦੇਸ ਅਰਮ, ਸਿਰੀਆ ਵਗੈਰਾ ਵਿੱਚ ਇਹੋ ਲਿਪੀ 'ਸ਼ਿਕਸਤਾ' ਹੋ ਕੇ ਪਹਿਲੇ ਸਿਰੀਅਨ ਤੇ ਫੇਰ ਅਰਬੀ ਵਿੱਚ ਬਦਲ ਗਈ।

ਪਲੇਟ ਨੰ: IX ਵਿੱਚ ਅਸਾਂ ਪਰਾਚੀਨ ਇਬਰਾਨੀ, ਪਿਛੋਂ ਦੀ ਇਬਰਾਨੀ ਅਤੇ ਅਰਬੀ ਲਿਪੀਆਂ ਦਿੱਤੀਆਂ ਹਨ। ਜਿਸ ਅਰਮਾਈਅਨ ਲਿਪੀ ਤੋਂ 'ਖ਼ਰੋਸ਼ਠੀ' ਬਣਾਈ ਗਈ, ਉਹ ਚੌਥੀ ਸਦੀ ਪੂਰਬ ਈਸਵੀ ਦੇ ਲਾਗੇ ਦੀ ਹੋ ਸਕਦੀ ਹੈ; ਉਹ ਸਾਨੂੰ ਨਹੀਂ ਮਿਲੀ ਪਰ ਉਸ ਦੀ ਜੋ ਸ਼ਕਲ ਛੇਵੀਂ ਸਦੀ ਈਸਵੀ ਵਿੱਚ ਨਤਸੱਰੀਅਨ ਈਸਾਈਆਂ ਵਿੱਚ ਮਰੱਵਜ ਸੀ, ਉਹ ਦਿੱਤੀ ਗਈ ਹੈ। ਬ੍ਰਿਟਿਸ਼ ਮਿਊਜ਼ੀਅਮ, ਲੰਡਨ, ਵਿੱਚ ਇਕ ਟੁਕੜਾ ਪੈਪਾਈਰਸ ਦਾ ਹੱਥ ਦੀ ਹਥੇਲੀ ਜਿਤਨਾ (ਕਿਸੇ ਵਡੇਰੇ ਵਰਕੇ ਦੀ ਇਕ ਨੁੱਕਰ) ਮੌਜੂਦ ਹੈ। ਉਸ ਪਰ 400 ਪੂਰਬ ਈਸਵੀ ਦੀ ਅਰਮਾਈਅਨ ਲਿਪੀ ਦਾ ਲੇਖ ਹੈ। ਅੱਖਰ ਹੂ-ਬਹੂ ਉਸੇ ਤਰ੍ਹਾਂ ਦੇ ਹਨ ਜਿਵੇਂ ਸਾਡੀ ਪਲੇਟ ਨੰ:III ਵਿੱਚ ਖਰੋਸ਼ਠੀ ਦੇ ਹਨ। ਹਰਫ਼ ਫੋਟੋ ਲੈਣ ਲਈ ਵੀ ਬਹੁਤ ਮੱਧਮ ਹਨ।

ਉਸੇ ਪਲੇਟ ਨੰ: IX ਵਿੱਚ ਅਸੀਂ ਹਰੇਕ ਇਬਰਾਨੀ ਅੱਖਰ ਦਾ ਨਾਂ, ਉਸ ਦੇ ਅਰਥ ਅਤੇ ਹਰੇਕ ਅੱਖਰ ਦੀ ਕੀਮਤ ਗਿਣਤੀ ਵਿੱਚ ਦਿਤੀ ਹੈ। ਨਾਂ ਤਾਂ ਉਨ੍ਹਾਂ ਚੀਜ਼ਾਂ ਦੇ ਹਨ, ਜਿਨ੍ਹਾਂ ਦੀਆਂ ਤਸਵੀਰਾਂ ਤੋਂ ਅੱਖਰ ਬਣੇ ਹਨ, ਅਤੇ ਗਿਣਤੀ ਵਿੱਚ ਕੀਮਤ ਹਰ ਅੱਖਰ ਨੂੰ ਵਰਣਮਾਲਾ ਵਿੱਚ ਉਸ ਦੀ ਜਗ੍ਹਾ ਮੂਜਬ ਦਿੱਤੀ ਗਈ ਸੀ। ਇਹ ਮਨੌਤ (Convention) ਫ਼ਿਨਿਕੀ ਵਰਣ-ਮਾਲਾ ਦੇ ਬਾਈ ਅੱਖਰਾਂ ਪੁਰ ਨਿਰਭਰ ਸੀ, ਜਿਨ੍ਹਾਂ ਬਾਈ ਅੱਖਰਾਂ ਨੂੰ ਯਾਦਾਸ਼ਤ ਲਈ ਛੇ ਲਫ਼ਜ਼ਾਂ ਵਿੱਚ ਜੋੜ ਲਿਆ ਗਿਆ ਸੀ। ਇਹ ਮਨੌਤ ਫ਼ਿਨਿਕੀ ਵਰਣਮਾਲਾ ਤੋਂ ਹੀ ਪੁਰਾਣੀ ਇਬਰਾਨੀ ਤੇ ਸਿਰੀਅਨ ਵਿੱਚ ਆਈ ਸੀ, ਅਤੇ ਉਹਨਾਂ ਤੋਂ ਅਰਬੀ ਵਿੱਚ, ਜਿਸ ਵਿੱਚ ਛੇ ਲਫ਼ਜ਼ :—

ਅਬਜਦ, ਹਵੱਜ਼, ਹੁੱਤੀ, ਕਲਮਨ, ਸੁਅਫ਼ਸ; ਕਰਸ਼ਤ

ਤਾਂ ਪੁਰਾਣੇ ਹਨ, ਅਤੇ ਉਨ੍ਹਾਂ ਨੂੰ ਦਿੱਤੀ ਕੀਮਤ ਅੱਖਰ-ਵਾਰ, ਇੱਕ ਤੋਂ ਦਸ ਤਕ, ਫੇਰ ਵੀਹ, ਤ੍ਰੀਹ, ਚਾਲੀਹ, ਪੰਜਾਹ, ਸੱਠ, ਸੱਤਰ, ਅੱਸੀ, ਨੱਵੇ ਅਤੇ ਉਪਰੰਤ ਇਕ ਸੌ, ਦੋ ਸੌ, ਤਿੰਨ ਸੌ ਅਤੇ ਚਾਰ ਸੌ ਤਕ ਅਪੜਦੀ ਹੈ। ਅਰਬੀਆਂ ਨੇ ਜੋ ਛੇ ਅੱਖਰ ਖ਼ਾਸ ਅਰਬੀ ਜ਼ਬਾਨ ਦੇ ਵਧਾਏ ਸਨ, ਉਨ੍ਹਾਂ ਨੂੰ ਵੀ ਤਰਤੀਬਵਾਰ ਜੋੜ ਕੇ ਦੋ ਹੋਰ ਲਫ਼ਜ਼—'ਸਖ਼ੱਜ਼, ਤੇ ਜ਼ਜ਼ੱਗ'—ਬਣਾਏ. ਸਨ, ਅਤੇ ਅੱਖਰਾਂ ਦੀ ਕੀਮਤ ਹਜ਼ਾਰ ਤਕ ਲੈ ਗਏ ਸਨ।

ਯੂਨਾਨੀ ਅਤੇ ਉਸ ਦੀ ਨਕਲੇ ਰੋਮਨ ਲਿਪੀਆਂ ਵਿੱਚ ਵਰਣਮਾਲਾ ਅੰਦਰ ਅੱਖਰਾਂ ਦਾ ਕ੍ਰਮ ਤਾਂ ਉਹੋ ਪੁਰਾਣਾ ਫ਼ਿਨਿਕੀ ਵਾਲਾ ਹੈ, ਪਰ ਅੱਖਰਾਂ ਨੂੰ ਜੋ ਕੀਮਤਾਂ ਦਿੱਤੀਆਂ ਗਈਆਂ ਹਨ, ਉਹ

Sri Satguru Jagjit Singh Ji Elibrary NamdhariElibrary@gmail.com

ਕੁਝ ਤਾਂ ਗਿਣਤੀ ਦੱਸਣ ਵਾਲੇ ਨਾਵਾਂ ਦੇ ਪਹਿਲੇ ਅੱਖਰਾਂ ਮੁਜਬ ਹਨ। ਪੰਜ ਲਈ ਅੱਖਰ V ਹੈ, ਜੋ ਵਰਣਮਾਲਾਂ ਵਿੱਚ ਛੇਵਾਂ ਅੱਖਰ ਹੈ, ਅਤੇ ਜਿਸ ਦੀ ਕੀਮਤ ਅਰਬੀ ਆਦਿ ਵਿੱਚ ਛੇ ਹੈ। ਇਸੇ ਤਰ੍ਹਾਂ L ਨੂੰ ੩੦ ਦੀ ਥਾਂ ੫੦ ਕੀਮਤ ਦਿੱਤੀ ਗਈ ਹੈ; C ਨੂੰ ਤਿੰਨ ਦੀ ਥਾਂ ੧੦੦; M ਨੂੰ ੪੦ ਦੀ ਥਾਂ ਇਕ ਹਜ਼ਾਰ, ਅਤੇ D ਨੂੰ ਚਾਰ ਦੀ ਥਾਂ ੫੦੦। ਯੂਨਾਨੀ ਵਿੱਚ ਇਹ ਅੱਖਰ V, L, G D, M ਉਨ੍ਹਾਂ ਲਫ਼ਜ਼ਾਂ ਦੇ ਪਹਿਲੇ ਅੱਖਰ ਹਨ ਜੋ ਇਹ ਗਿਣਤੀ ਦਸਦੇ ਸਨ। ਪੁਰਾਣੀ ਫਿਨੀਸ਼ਨ ਦੇ ਇਹ ਅੱਖਰ ਕਿਸ ਤਰ੍ਹਾਂ ਇਨ੍ਹਾਂ ਗਿਣਤੀਆਂ ਵਾਸਤੇ ਯੂਨਾਨੀਆਂ ਨੇ ਮੁਕੱਰਰ ਕੀਤੇ, ਇਹ ਲੰਮਾ ਕਿੱਸਾ ਹੈ, ਜਿਸ ਦੇ ਇਥੇ ਦੇਣ ਦੀ ਲੋੜ ਨਹੀਂ।

ਅੱਖਰਾਂ ਨੂੰ ਇਸ ਤਰ੍ਹਾਂ ਕੀਮਤ ਦੇਣ ਦਾ ਖ਼ਿਆਲ ਕਿਸ ਤਰ੍ਹਾਂ ਸੁੱਝਾ, ਇਸ ਗੱਲ ਦਾ ਜ਼ਿਕਰ ਅਸੀਂ ਅਗੇ ਜਾ ਕੇ ਕਰਦੇ ਹਾਂ।

* * * *

ਉੱਪਰ ਅਸੀਂ ਦਸ ਆਏ ਹਾਂ ਕਿ ਕਿਸ ਤਰ੍ਹਾਂ ਫ਼ਿਨਿਕੀ ਲਿਪੀ ਦਾ ਸੋਮਾ Seirite Seiraitie ਲਿਪੀ ਸੋਲ੍ਹਵੀਂ ਸਦੀ ਪੂਰਬ ਈਸਵੀ ਵਿੱਚ ਹਾਲੀਂ ਤਸਵੀਰਾਂ ਵਿਚੋਂ ਨਿਕਲ ਰਹੀ ਸੀ। ਉਨ੍ਹੀਵੀਂ ਸਦੀ ਪੂਰਬ ਈਸਾ ਦੇ ਜੋ ਲੇਖ ਮਿਲੇ ਹਨ, ਉਨ੍ਹਾਂ ਵਿੱਚ ਇਹ ਤਸਵੀਰਾਂ ਹੋਰ ਵੀ ਵਧੀਕ ਸਨ। ਹਰ ਇਕ ਅੱਖਰ ਜੋ ਅਸੀਂ ਲਿਖਦੇ ਪੜ੍ਹਦੇ ਹਾਂ, ਜਦ ਉਸ ਦਾ ਖੋਜ ਪਿਛੇ ਵਲ ਕਢਦੇ ਹਾਂ, ਤਦ ਖੁਰਾ ਸਦਾ ਕਿਸੇ ਤਸਵੀਰ ਵਿੱਚ ਜਾ ਨਿਕਲਦਾ ਹੈ। ਲਿਖਣ ਦੇ ਹੁਨਰ ਦਾ ਮੁੱਢ ਤਸਵੀਰਾਂ ਤੋਂ ਹੀ ਹੋਇਆ ਹੈ। ਨਾਲ ਹੀ ਹਰ ਥਾਂ ਇਨ੍ਹਾਂ ਤਸਵੀਰਾਂ ਨੂੰ 'ਵਰਣ' ਬਣਾਨ ਦਾ ਜਤਨ ਹੁੰਦਾ ਰਿਹਾ ਹੈ। ਕੋਈ ਲੋਕ ਸਹੀ ਅਰਥਾਂ ਵਿੱਚ ਵਰਣਮਾਲਾ ਤਕ ਅੱਪੜ ਗਏ, ਜਿਵੇਂ ਕਿ ਸ਼ਾਮੀ ਲੋਕ। ਕੋਈ ਲੋਕ ਮੂਰਤਾਂ ਨਾਲ ਆਵਾਜ਼ਾਂ ਨੂੰ ਦਸਣ ਦੇ ਦਰਜੇ ਤਕ ਅੱਪੜ ਕੇ ਰਹਿ ਗਏ, ਜਿਵੇਂ ਮਿਸਰੀ ਲੋਕ। ਚੀਨੀ ਲੋਕ ਖ਼ਿਆਲਾਂ ਦੇ ਪਰਗਟ ਕਰਨ ਵਾਲੇ ਚਿੰਨ੍ਹਾਂ ਦੇ ਦਰਜੇ ਤੋਂ ਅਗੇ ਨਾਂਹ ਲੰਘ ਸਕੇ। ਸਹੀ ਵਰਣਮਾਲਾ ਦੀ ਹੀ ਖ਼ੂਬੀ ਹੈ ਕਿ ਅੰਗਰੇਜ਼ੀ ਜ਼ਬਾਨ ਦੇ ਦੋ ਲੱਖ ਤੋਂ ਉੱਪਰ ਲਫ਼ਜ਼ ਸਿਰਫ਼ ੨੬ ਅੱਖਰਾਂ ਦੀ ਮਦਦ ਨਾਲ ਲਿਖੇ ਜਾਂਦੇ ਹਨ। ਇਨ੍ਹਾਂ ਵਿਚੋਂ ਤਿੰਨ ਚਾਰ ਕੋਈ ਫ਼ਾਢੇ ਜ਼ਰੂਰੀ ਵੀ ਨਹੀਂ, ਬਾਕੀਆਂ ਕੁ ਨਾਲ ਗੁਜ਼ਾਰਾ ਹੋ ਸਕਦਾ ਸੀ। ਪਰ ਚੀਨੀਆਂ ਨੂੰ ਆਪਣੇ ਚਾਲੀ ਪੰਜਾਹ ਹਜ਼ਾਰ ਲਫ਼ਜ਼ਾਂ ਲਈ ਛੇ ਜਾਂ ਸੱਤ ਹਜ਼ਾਰ ਅੱਡ ਅੱਡ ਨਿਸ਼ਾਨਾਂ ਦੀ ਲੋੜ ਹੈ; ਹਰ ਚੀਜ਼ ਤੇ ਹਰ ਕੰਮ ਲਈ ਵੱਖਰਾ ਨਿਸ਼ਾਨ ਜਾਂ ਵਰਣ ਬਨਾਣਾ ਹੁੰਦਾ ਹੈ। ਪ੍ਰੋਫੈਸਰ ਟਾਮਸ ਲਿਖਦੇ ਹਨ :—

All early systems of writing show a tendency toward alphabetism, but they all did not reach on alphabetic stage. Some reached only a phonetic stage, where they were destined to remain. The semitic characters formed the first true alphabet, not the first use of letters or alphabetic characters, but that stage in the evolution of symbols where they were used to express a language completely."

["ਸਾਰੀਆਂ ਹੀ ਪਰਾਚੀਨ ਲਿਖਣ-ਪ੍ਰਣਾਲੀਆਂ ਵਰਣਵਾਦ (Alphabetism) ਵੱਲ ਰੁਚੀ ਤਾਂ ਪ੍ਰਗਟਾਂਦੀਆਂ ਹਨ ਪਰ ਓਹ ਸਾਰੀਆਂ ਹੀ ਵਰਣਮਾਲਾ ਦੇ ਦਰਜੇ (Alphabetic Stage) ਤੋੜੀ ਨਹੀਂ ਪਹੁੰਚੀਆਂ। ਕੁਝ ਤਾਂ ਕੇਵਲ ਧੁਨ-ਉਚਾਰਣੀ ਦਰਜੇ (Phonetic Stage)

ਤਕ ਹੀ ਪਹੁੰਚੀਆਂ, ਜਿਥੇ ਜਾਕੇ ਓਹ ਹਮੇਸ਼ਾਂ ਲਈ ਟਿਕ ਗਈਆਂ । ਸ਼ਾਮੀ ਵਰਣਾਂ ਨੇ ਪਹਿਲਾਂ ਪਹਿਲ ਅਸਲੀ ਵਰਣਮਾਲਾ ਬਣਾਈ, ਅੱਖਰਾਂ ਜਾਂ ਵਰਣਮਾਲਾ ਦੇ ਚਿੰਨ੍ਹਾਂ ਦੀ ਵਰਤੋਂ ਨਹੀਂ (ਉਹ ਤਾਂ ਉਨ੍ਹਾਂ ਤੋਂ ਪਹਿਲਾਂ ਦੀ ਸੀ) ਬਲਕਿ ਚਿੰਨ੍ਹਾਂ ਦੇ ਵਿਕਾਸ ਦੇ ਉਸ ਪੜਾ ਤੇ ਪਹੁੰਚ ਗਏ ਜਿਥੇ ਕਿ ਓਹ (ਚਿੰਨ੍ਹ) ਕਿਸੇ ਬੋਲੀ ਨੂੰ ਪੂਰਨ ਤੌਰ ਤੇ ਪ੍ਰਗਟਾਉਣ ਲਈ ਵਰਤੇ ਜਾਂਦੇ ਸਨ ।"]

ਸ਼ਾਮੀ ਕੌਮਾਂ ਨੂੰ, ਆਪਣੀ ਸਹੀ ਅਰਥਾਂ ਵਿੱਚ ਵਰਣਮਾਲਾ ਬਣਾਣ ਵਿੱਚ ਖ਼ਿਆਲਾਂ ਦੀ ਸੋਝੀ ਦੋ ਪਾਸਿਆਂ ਤੋਂ ਹੋਈ; ਇਕ ਤਾਂ ਮਿਸਰੀ Pictographs ਜਾਂ ਮੂਰਤੀਮਾਨ ਲਿਪੀਆਂ ਤੋਂ; ਅਤੇ ਦੂਜੇ ਓਹਨਾਂ ਨਿਸ਼ਾਨੀਆਂ ਤੋਂ ਜੋ ਕਾਰੀਗਰ, ਸੌਦਾਗਰ, ਜਹਾਜ਼ੀ ਵਗ਼ੈਰਾ ਆਪਣੀਆਂ ਬਣਾਈਆਂ ਚੀਜ਼ਾਂ ਜਾਂ ਮਾਲ ਦੇ ਗਠਿਆਂ ਜਾਂ ਸੰਦੂਕਾਂ ਉੱਪਰ ਬਣਾਂਦੇ ਸਨ, ਜਾਂ ਜਹਾਜ਼ਾਂ ਵਾਲੇ ਆਪਣੇ ਭਾਰਾਂ (Cargo) ਉੱਪਰ ਬਣਾ ਦੇਂਦੇ ਸਨ । ਇਨ੍ਹਾਂ ਨਿਸ਼ਾਨੀਆਂ ਨੂੰ (Mediterranean Signary) ਦਾ ਨਾਂ ਦਿੱਤਾ ਗਿਆ ਹੈ । ਸਰ ਵਿਲੀਅਮ ਫਲਾਂਈਡਰਸ ਪੈਟਰੀ ਨੇ ਕਈ ਸੈਂਕੜੇ ਇਹ ਜਿਹੀਆਂ ਨਿਸ਼ਾਨੀਆਂ, ਮਿਸਰ, ਕਰੀਟ, ਸਾਈਪਰਸ, ਕਾਰਿਆ, ਲਿਡੀਆ, ਲਿਸੀਆ (ਤਿੰਨੇ ਏਸ਼ੀਆ-ਕੋਚਕ ਦੇ ਸਮੁੰਦਰੀ ਕੰਢੇ ਦੇ ਨਾਲ ਦੇ ਇਲਾਕੇ) ਅਤੇ ਸਪੇਨ ਤੋਂ ਇਕੱਠੇ ਕੀਤੇ ਹਨ, ਅਤੇ ਓਹਨਾਂ ਦੇ ਚਾਰਟ ਬਣਾ ਕੇ ਆਪਣੀ ਕਿਤਾਬ (Formatian of the Alphabet ) ਵਿੱਚ ਦਿਤੇ ਹਨ । ਇਨ੍ਹਾਂ ਚਾਰਟਾਂ ਤੋਂ ਲਏ ਨਿਸ਼ਾਨਾਂ ਨੂੰ ਯੂਨਾਨੀ ਜਾਂ ਫ਼ਿਨੀਸ਼ਨ ਵਰਣਮਾਲਾ ਦੇ ਅੱਖਰਾਂ ਦੇ ਕ੍ਰਮ ਇਕੱਠੇ ਕਰਕੇ ਇਕ ਪਲੇਟ ਨੰ: XI ਵਿੱਚ ਦਿੱਤਾ ਹੈ । ਇਨ੍ਹਾਂ ਦੇਸਾਂ ਦੇ ਇਤਿਹਾਸ ਵਿੱਚ ਮਾਲੂਮ ਤਾਰੀਖ਼ਾਂ ਤੋਂ ਹਿਸਾਬ ਕਰਕੇ ਇਹ ਅੰਦਾਜ਼ਾ ਲਾਇਆ ਹੈ ਕਿ ਰੂਮ ਸਾਗਰ ਦੇ ਦੁਆਲੇ ਦੇ ਦੇਸਾਂ ਵਿੱਚ ਇਹ ਨਿਸ਼ਾਨ ਪੰਜ ਹਜ਼ਾਰ ਪੂਰਬ ਈਸਾ ਤੋਂ ਵਰਤੇ ਜਾ ਰਹੇ ਹਨ । ਪਰਾਚੀਨ ਪਿਕਟੋਗ੍ਰਾਫਸ, ਜਿਨ੍ਹਾਂ ਦਾ ਇਨ੍ਹਾਂ ਦੇਸਾਂ ਵਿੱਚ ਰਿਵਾਜ ਸੀ, ਫ਼ਿਨੀਸ਼ਨ ਲਿਪੀ ਬਣਨ ਤੋਂ ਹਜ਼ਾਰਾਂ ਵਰ੍ਹੇ ਪਹਿਲੇ ਤਸਵੀਰਾਂ ਤੋਂ ਨਿਕਲ ਕੇ, ਲੀਕਾਂ ਨਾਲ ਬਣਾਏ ਨਿਸ਼ਾਨਾਂ ਵਿੱਚ ਬਦਲ ਚੁਕੇ ਸਨ । ਸਰ ਪੈਟਰੀ ਦੇ ਕਹੇ ਅਨੁਸਾਰ ਪੁਰਾਣੇ ਯੂਨਾਨੀ ਇਤਿਹਾਸਕਾਰਾਂ ਦਾ ਇਹ ਦਾਅਵਾ ਬਿਲਕੁਲ ਠੀਕ ਸੀ :—

That the Phoenicians only changed the type of the letters, and made the knowledge of them more general among the peoples...... The Phoenicians assisted by the Egyptian forms of writing, simplified this linear system to which we owe our alphábet. The linear signs became as removed from their pictograph originals as is our hand-writing from the type in which books are printed."

["ਫ਼ਿਨਿਕੀਆਂ (Phoenicians) ਨੇ ਅੱਖਰਾਂ ਦੀ ਕੇਵਲ ਵੰਨਗੀ ਹੀ ਬਦਲੀ ਅਤੇ ਇਨ੍ਹਾਂ ਦੇ ਗਿਆਨ ਨੂੰ ਲੋਕਾਂ ਵਿੱਚ ਵਧੇਰੇ ਪਰਚੱਲਤ ਕੀਤਾ । ਫ਼ਿਨਿਕੀਆਂ ਨੇ ਮਿਸ਼ਰੀ ਲਿਖਤ-ਰੂਪਾਂ (Forms of writing) ਦੀ ਸਹਾਇਤਾ ਨਾਲ ਉਸ ਰੇਖਾ-ਪ੍ਰਣਾਲੀ (Linear System) ਨੂੰ ਸੁਖੈਨ ਕੀਤਾ ਜਿਹੜੀ ਕਿ ਸਾਡੀ ਵਰਣਮਾਲਾ ਦਾ ਵੀ ਮੁੱਢ ਹੈ । ਰੇਖਾ-ਚਿੰਨ੍ਹ ਆਪਣੇ ਚਿੱਤ੍ਰ-ਲਿਪਕ ਅਸਲਿਆਂ (Pictographic Originals) ਤੋਂ ਇੰਨੇ ਹੀ ਦੁਰਾਡੇ ਹੋ ਗਏ ਜਿੰਨੀ ਕਿ ਸਾਡੀ ਹੱਥ-ਲਿਖਾਈ ਛਾਪੇ ਦੀ ਲਿਖਾਈ, ਜਿਸ ਵਿੱਚ ਕਿ ਅੱਜ ਕਲ ਪੁਸਤਕਾਂ ਛਪਦੀਆਂ ਹਨ, ਤੋਂ ਦੂਰ ਹੋ ਗਈ ।"]

Sri Satguru Jagjit Singh Ji Elibrary NamdhariElibrary@gmail.com

ਸਰ ਪੈਟਰੀ ਆਪਣੀ ਕਿਤਾਬ "The Royal Tombs of the Tisst Dynasty" ਵਿੱਚ ਫੇਰ ਲਿਖਦੇ ਹਨ :—

What is really due to the Phoenicians seems to have been the selection of a short series (only half the amount of surviving alphabet) for numerical purposes as A=I; E=5; *P=100, O=500 etc. This usage would soon render the sesigns as invariable in order as our numbers, and force the use of them on all countries with which the Phoenicians traded. This exactly explains the phenomena of the Greek Alphabets; many in variety, and so diverse that each has to be learned separately, and yet entirely uniform in order.

"ਫਿਨਿਕੀਆਂ (Phonecians) ਦੀ ਅਸਲੀ ਦੇਣ ਗਿਣਤੀ ਦੇ ਹਿੰਦਸਿਆਂ ਵਾਸਤੇ ਇਕ ਸੰਖੇਪ ਵਰਣ-ਲੜੀ ਦੀ ਚੋਣ ਹੈ ਜਿਹੜੀ ਕਿ ਜੀਉਂਦੀਆਂ ਵਰਣਮਾਲਾਂ ਤੋਂ ਅੱਧੀ ਸੀ। ਉਦਾਹਰਣ ਵਜੋਂ ੳ=੧; ੲ=੫; ਪ=੧੦੦; ੳ=੫੦੦ ਇਤਿਆਦਿ। ਇਸ ਵਰਤੋਂ ਨਾਲ ਇਹ ਚਿੰਨ੍ਹ ਆਪਣੀ ਤਰਤੀਬ ਵਿੱਚ ਛੇਤੀ ਹੀ ਇੰਨੇ ਸਥਾਈ (Invariable) ਹੋ ਗਏ ਜਿੰਨੇ ਕਿ ਹਿੰਦਸੇ ਹਨ। ਇਨ੍ਹਾਂ ਦੀ ਵਰਤੋਂ ਉਨ੍ਹਾਂ ਸਾਰੇ ਦੇਸਾਂ ਉੱਤੇ ਥੋਪ ਦਿੱਤੀ ਗਈ ਜਿਨ੍ਹਾਂ ਨਾਲ ਫਿਨਿਕੀ ਲੋਕ ਤਜਾਰਤ ਕਰਿਆ ਕਰਦੇ ਸਨ। ਇਹ ਗੱਲ ਯੂਨਾਨੀ ਵਰਣਮਾਲਾ ਦੇ ਇਸ ਤੱਤ (Phenomena) ਨੂੰ ਸਪਸ਼ਟ ਕਰਦੀ ਹੈ ਕਿ ਓਹ ਕਿਸਮਾਂ ਵਿੱਚ ਬਹੁਤਿਆਂ ਹੁੰਦਿਆਂ ਹੋਇਆਂ ਅਤੇ ਇਕ ਦੂਜੀ ਤੋਂ ਇੰਨੀਆਂ ਵੱਖੋ ਵੱਖਰੀਆਂ ਹੁੰਦਿਆਂ ਹੋਇਆਂ ਵੀ, ਕਿ ਹਰ ਇਕ ਨੂੰ ਵੱਖਰਾ ਵੱਖਰਾ ਸਿੱਖਣਾ ਪੈਂਦਾ ਹੈ, ਉਨ੍ਹਾਂ ਦੀ ਤਰਤੀਬ ਬਿਲਕੁਲ ਇੱਕੋ ਜਹੀ ਹੈ।

ਤੀਜਾ ਪਾਸਾ ਜਿਧਰੋਂ ਫਿਨੀਸ਼ਨ ਨੂੰ ਆਪਣੀ ਲਿਪੀ ਦੇ ਬਣਾਨ ਵਿੱਚ ਸਹਾਇਤਾ ਮਿਲੀ,ਓਹ ਕਰੀਟ ਦੀਪ ਦੀਆਂ ਲਿਖਤਾਂ ਸਨ, ਜਿਨ੍ਹਾਂ ਦੀ ਖੋਜ ਪ੍ਰੋਫ਼ੈਸਰ ਆਰਦਰ ਜੇ. ਐਨਵਸ ਨੇ ਕੀਤੀ ਹੈ। ਇਨ੍ਹਾਂ ਨੇ ਸੌ ਤੋਂ ਉੱਪਰ ਕਰੀਟਨ ਚਿੰਨ੍ਹਾਂ ਤੇ ਵਰਣਾਂ ਦਾ ਇਮਤਿਹਾਨ ਕਰ ਕੇ, ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦੀ ਸਾਂਝ ਫਿਨੀਸ਼ਨ ਲਿਪੀ ਦੇ ਅੱਖਰਾਂ ਨਾਲ ਦਿਖਾਈ ਹੈ ਅਤੇ ਆਪਣੀ ਖੋਜ ਨੂੰ ਇਕ ਕਿਤਾਬ, 'Cretan Pictographs and Pre-Phoenician Script' ਵਿੱਚ ਦਰਜ ਕੀਤਾ ਹੈ।

————

ਨੋਟ :—

ਮਿਸਰ ਦੇਸ ਦੀਆਂ ਲਿਪੀਆਂ ਨੂੰ ਤਿੰਨ ਵਰਗਾਂ ਤੇ ਦਰਜਿਆਂ ਵਿਚ ਵੰਡਿਆ ਗਿਆ ਹੈ :—

(੧) Hieroglyphic—ਇਹ ਲਿਖਤ 'ਪੁਰਾਣੀ ਪਾਤਸ਼ਾਹੀ' (Old Empire) ਦੀ ਸੀ, ਜੋ ਮਿਸਰੀਆਂ ਲਈ 'ਸਤਜੁਗ' ਸੀ। ਇਸ ਦਾ ਸਮਾਂ ੩੪੦੦ ਪੂਰਬ ਈਸਵੀ ਤੋਂ ਲੈ ਕੇ ੨੪੭੫ ਪੂਰਬ ਈਸਵੀ ਤਕ ਗਿਣਿਆ ਗਿਆ ਹੈ। ਇਹ ਲਿਖਤ ਪੁਜਾਰੀਆਂ ਤੇ ਧਰਮ ਆਗੂਆਂ ਦਾ ਆਪਣੇ ਭੇਦ

*ਇਹ 'ਅਬਜਦ'ਦਾ ਹਿਸਾਬ ਨਹੀਂ ਸੀ, ਜੋ ਪਿਛੋਂ ਇਬਰਾਨੀ ਲਿਪੀ ਲਈ ਮਿਥਿਆ ਗਿਆ ਮਾਲੂਮ ਹੁੰਦਾ ਹੈ।

ਦੀਆਂ ਗੱਲਾਂ ਲਿਖਣ ਲਈ ਇਕ ਗੁੰਝਾ ਢੰਗ ਸੀ, ਜੋ ਇਨ੍ਹਾਂ ਅੰਦਰ ਪਹਿਲੀ ਸਦੀ ਪੂਰਬ ਈਸਵੀ ਤਕ ਜਾਰੀ ਰਿਹਾ। ਪੁਰਾਣਿਆਂ ਮਕਬਰਿਆਂ ਤੇ ਹੋਰ ਯਾਦਗਾਰਾਂ ਉੱਪਰ ਇਸੇ ਲਿਪੀ ਵਿੱਚ ਲਿਖਤਾਂ ਹਨ।

(੨) Hieretic—ਇਹ 'ਮੱਧਲੀ ਪਾਤਸ਼ਾਹੀ' (The Middle Kingdom) ਦੀ ਲਿਪੀ ਸੀ—੨੧੬੦ ਪੂਰਬ ਈਸਵੀ ਤੋਂ ਲੈ ਕੇ ੧੭੮੮ ਪੂਰਬ ਈਸਵੀ ਤਕ। ਇਹ ਉੱਪਰਲੀ ਲਿਪੀ ਦੀ ਸਾਦਾ ਕੀਤੀ ਸ਼ਕਲ ਸੀ। ਸਿਲਾ-ਲੇਖ ਤੇ ਪੈਪਾਇਰਸ ਪੱਤਰ ਉੱਪਰ ਸਿਆਹੀ ਨਾਲ ਲੇਖ ਇਸੇ ਲਿਪੀ ਵਿੱਚ ਹੁੰਦੇ ਸਨ।

ਇਹ ਦੋਵੇਂ ਲਿਪੀਆਂ ਪਾਤਸ਼ਾਹੀ ਘਰਾਣੇ ਅਤੇ ਪੁਜਾਰੀਆਂ ਦੇ ਆਪਣੇ ਵੱਸ ਵਿਚ ਸਨ, ਅਤੇ ਆਮ ਲੋਕਾਂ ਨੂੰ ਨਹੀਂ ਸਿਖਾਈਆਂ ਜਾਂਦੀਆਂ ਸਨ।

(੩) Demotic—'ਨਵੀਂ ਪਾਤਸ਼ਾਹੀ' (The New Empire) ਵਿੱਚ ੧੫੮੦ ਪੂਰਬ ਈਸਵੀ ਤੋਂ ਪਿੱਛੋਂ ਵਰਤਣ ਵਿੱਚ ਆਈ। ਵਿਹਾਰੀ ਕਾਰੀ ਲਿਖਤਾਂ ਵਿੱਚ ਬੋਲੀ ਤੇ ਲਿਖਤ ਹੋਰ ਬਦਲ ਗਏ, ਐਥੋਂ ਤਕ ਕਿ ੬੦੦ ਪੂਰਬ ਈਸਵੀ ਵਿੱਚ ਛੋਕੜਲੀ ਸਾਦਾ ਕੀਤੀ ਸ਼ਕਲ ਦੀ ਲਿਖਤ ਆਮ ਲੋਕਾਂ ਤੇ ਵਪਾਰੀਆਂ ਵਿੱਚ ਰਿਵਾਜ ਪਾ ਗਈ।

Mr. Issac Taylor ਆਪਣੀ ਕਿਤਾਬ The Alphabet ਵਿੱਚ ਇਹਨਾਂ ਮਿਸਰੀ ਲਿਖਤਾਂ ਬਾਬਤ ਕਹਿੰਦੇ ਹਨ :—

"So many crutches were thought necessary that walking became an art of the utmost difficulty."

"ਇੰਨੀਆਂ ਟੇਕਾਂ-ਛੰਗੇਰੀਆਂ ਜ਼ਰੂਰੀ ਸਮਝੀਆਂ ਗਈਆਂ ਕਿ ਟੁਰਨਾ ਫਿਰਨਾ ਇਕ ਅਤਿਅੰਤ ਕਠਨ ਹੁਨਰ ਬਣ ਗਿਆ।"

ਮਿਸਰੀ ਲੋਕ ਸਾਡੀ ਵਰਣਮਾਲਾ ਵਰਗੀ ਵਰਣਮਾਲਾ ਕਦੀ ਪੈਦਾ ਨਾ ਕਰ ਸਕੇ, ਅਤੇ ਆਪਣੇ ਸਤਜੁਗੀ ਲੋਕਾਂ ਦੇ ਢੰਗਾਂ ਨੂੰ ਚੰਬੜੇ ਰਹੇ। ਮਿਸਟਰ ਟੇਲਰ ਫੇਰ ਲਿਖਦੇ ਹਨ :—

"They did not dare to take down the scaffolding which enabled them to erect the edefice."

"ਉਨ੍ਹਾਂ ਨੇ ਉਸ ਗੋਂ ਨੂੰ ਉਤਾਰਨ ਦੀ ਦਲੇਰੀ ਹੀ ਨਹੀਂ ਕੀਤੀ, ਜਿਸ ਨੇ ਕਿ ਉਨ੍ਹਾਂ ਨੂੰ ਇਮਾਰਤ ਨੂੰ ਖੜਾ ਕਰਨ ਦੇ ਜੋਗ ਬਣਾਇਆ।"

ਸਾਦਾ ਚੰਗੀ ਲਿਪੀ ਨਾਂਹ ਬਣਾ ਸਕਣ ਕਰ ਕੇ, ਮਿਸਰੀ ਲੋਕ ਕੋਈ ਸਾਹਿੱਤ ਵੀ ਪੈਦਾ ਨਾ ਕਰ ਸਕੇ। "The Book of the Dead" ਹੀ ਇਹਨਾਂ ਦੀ ਸਾਰੀ ਕਾਇਨਾਤ ਜਾਪਦੀ ਹੈ। ਕੁਝ ਰਸਾਲੇ ਜੋਤਸ਼ ਪੁਰ ਵੀ ਹਨ।

# ਦੂਜਾ ਭਾਗ

Sri Satguru Jagjit Singh Ji Elibrary NamdhariElibrary@gmail.com

## ੭

# ਬਾਹਰੋਂ ਆਏ ਵਿਸ਼ੇਸ਼ ਅੱਖਰ

ਹਰ ਬੋਲੀ ਦੇ ਅਣੁ-ਰੂਪ ਸ਼ਬਦ ਜਾਂ ਅੱਖਰ, ਨਾ ਨਿਰਾ ਦੂਜੀਆਂ ਬੋਲੀਆਂ ਨਾਲੋਂ ਵਧ ਘਟ ਹੁੰਦੇ ਹਨ, ਸਗੋਂ ਉਨ੍ਹਾਂ ਸ਼ਬਦਾਂ ਦੇ ਉਚਾਰਣ ਵਿੱਚ ਵੀ ਬੜਾ ਭੇਦ ਹੁੰਦਾ ਹੈ। ਜੇ ਇੱਕ ਬੋਲੀ ਦੇ ਸਾਰੇ ਅੱਖਰ ਤੀਹ ਪੈਂਤੀ ਹਨ, ਤਾਂ ਦੂਜੀ ਦੇ ਮਸਾਂ ਸਤਾਰਾਂ ਅਠਾਰਾਂ। ਤਿਵੇਂ ਹੀ ਕਿਸੇ ਬੋਲੀ ਦੇ ਬਹੁਤੇ ਸ਼ਬਦ ਸੰਘ ਤੋਂ ਨਿਕਲਦੇ ਹਨ; ਕਿਸੇ ਦੇ ਤਾਲੂ ਤੋਂ; ਕਿਸੇ ਵਿੱਚ ਦੰਦਾਂ ਦੀ ਮਦਦ ਨਾਲ ਬੋਲੇ ਜਾਣ ਵਾਲੇ ਸ਼ਬਦ ਹੈਨ ਹੀ ਨਹੀਂ; ਕਿਸੇ ਵਿੱਚ ਅਨੁਨਾਸਿਕ ਜਾਂ ਨੱਕ ਵਿਚੋਂ ਬੋਲੇ ਜਾਣ ਵਾਲੇ ਸ਼ਬਦ ਵਧੀਕ ਹਨ; ਤੇ ਕਿਸੇ ਵਿੱਚ ਹੋਠਾਂ ਨੂੰ ਮੀਟਣ ਖੋਲ੍ਹਣ ਨਾਲ ਬਣਨ ਵਾਲੇ ਵਧੀਕ। ਇਨ੍ਹਾਂ ਸ਼ਬਦਾਂ ਦੇ ਉਪਜ-ਅਸਥਾਨ ਤੇ ਗਿਣਤੀ ਵਿੱਚ ਦੇਸ ਦੇ ਜਲਵਾਯੂ, ਉਥੋਂ ਦੇ ਲੋਕਾਂ ਦੇ ਰਿਵਾਜਾਂ, ਬੋਲਣ ਦੇ ਢੰਗ, ਉੱਚੀ ਜਾਂ ਨੀਵੀਂ ਸੁਰ ਵਿੱਚ ਬੋਲਣ ਦਾ ਸੁਭਾਉ, ਇਨ੍ਹਾਂ ਗੱਲਾਂ ਦਾ ਕਿੰਨਾ ਕੁ ਤੇ ਕੀ ਕੀ ਅਸਰ ਕਿਸੇ ਬੋਲੀ ਦੇ ਬਣਾਣ ਤੇ ਉਸ ਦੀਆਂ ਮੌਲਿਕ ਆਵਾਜ਼ਾਂ ਦੇ ਉਚਾਰਣ ਤੇ ਗਿਣਤੀ ਮੁਕੱਰਰ ਕਰ ਦੇਣ ਪੁਰ ਹੁੰਦਾ ਹੈ, ਇਨ੍ਹਾਂ ਗੱਲਾਂ ਪੁਰ ਵਿਚਾਰ ਕਰਨ ਦੀ ਸਾਨੂੰ ਲੋੜ ਨਹੀਂ। ਵਿਦਵਾਨਾਂ ਨੇ ਕੁਝ ਪ੍ਰਾਚੀਨ ਬੋਲੀਆਂ ਦੇ ਅੱਖਰਾਂ ਨੂੰ ਦਿਖਾਉਣ ਲਈ, ਰੋਮਨ ਵਰਣਮਾਲਾ ਨੂੰ ਮੁਢ ਬਣਾ ਕੇ, ਇਕ ਸਾਂਝੀ, ਭਰਵੀਂ ਤੇ ਬਥਵੀਂ ਵਰਣਮਾਲਾ ਬਣਾਈ ਹੈ। ਇਸ ਮਤਲਬ ਲਈ ਸੱਭੇ ਛੇ* ਬੋਲੀਆਂ ਲੈ ਕੇ, ਉਨ੍ਹਾਂ ਵਾਸਤੇ ਛਿਆਸੀ ਚਿੰਨ੍ਹ ਜਾਂ ਵਰਣ ਮੁਕੱਰਰ ਕਰਨੇ ਪਏ ਹਨ। ਸਤਾਈ ਸਵੱਰਾਂ ਲਈ ਅਤੇ ਉਨਾਹਠ ਵਯੰਜਨਾਂ ਲਈ।


ਹਰ ਬੋਲੀ, ਜੋ ਲਿਖਤ ਵਿੱਚ ਆ ਚੁਕੀ ਹੈ, ਦੀ ਵਰਣਮਾਲਾ ਕੇਵਲ ਉਸ ਦੇ ਆਪਣੇ ਲਿਖਣ ਲਈ ਹੀ ਹੁੰਦੀ ਹੈ। ਜੇ ਇਕ ਬੋਲੀ ਦੀ ਵਰਣਮਾਲਾ ਦੂਜੀ ਬੋਲੀ ਦੇ ਲਿਖਣ ਲਈ ਵਰਤੀ ਜਾਏ, ਤਾਂ ਉਸ ਵਿਚੋਂ ਕੁਝ ਵਰਣ ਛਡਣੇ ਤੇ ਕਿਤਨੇ ਕੁ ਵਧਾਣੇ ਪੈਂਦੇ ਹਨ, ਤਾਂ ਜਾ ਕੇ ਕੰਮ ਸਰਦਾ ਹੈ। ਫ਼ਿਨਿਕੀ (Phoenician) ਵਰਣਮਾਲਾ ਵਿੱਚ ਕੁਲ ਬਾਈ ਵਰਣ ਸਨ, ਅਤੇ ਸਾਰੇ ਦੇ ਸਾਰੇ ਵਯੰਜਨ ਅੱਖਰਾਂ ਲਈ।ਜਦ ਉਧਰ ਯੁਨਾਨੀਆਂ ਤੇ ਫੇਰ ਰੋਮਨਾਂ ਨੇ, ਅਤੇ ਇਧਰ ਹਿੰਦ ਦੇ ਵਪਾਰੀਆਂ ਨੇ ਉਸ ਫ਼ਿਨਿਕੀ ਵਰਣਮਾਲਾ ਵਿਚੋਂ ਆਪਣੀ ਆਪਣੀ ਬੋਲੀ ਵਿੱਚ ਲੇਖੇ ਪੱਤੇ ਤੇ ਚਿੱਠੀ ਚਪੱਠੀ ਲਈ ਵਰਣ ਮਾਂਗਵੇਂ ਲਏ, ਤਾਂ ਪੰਦਰਾਂ ਸੋਲਾਂ ਹੀ ਜਾਂ ਇਕ ਦੋ ਵਧੀਕ ਲੈ ਸਕੇ। ਬਾਕੀ ਵਧਾ ਤੇ ਅਦਲ

*ਇਹ ਛੇ ਬੋਲੀਆਂ ਹਨ :—ਸੰਸਕ੍ਰਿਤ; ਜ਼ੰਦ (Zend); ਪਹਿਲਵੀ; ਫ਼ਾਰਸੀ; ਅਰਬੀ ਅਤੇ ਇਬਰਾਨੀ।



Sri Satguru Jagjit Singh Ji Elibrary NamdhariElibrary@gmail.com

ਬਦਲ ਓਹਨਾਂ ਨੇ ਆਪਣੀ ਲੋੜ ਅਨੁਸਾਰ ਆਪ ਕੀਤੇ, ਵਿਸ਼ੇਸ਼ ਕਰ ਕੇ ਜਦ ਸਿਲਾ-ਲੇਖਾਂ, ਕੁਤਬਿਆਂ, ਜਾਂ ਗਰੰਥ ਪੋਥੀਆਂ ਲਿਖਣ ਦੀ ਲੋੜ ਪਈ। ਪ੍ਰਾਚੀਨ ਤਾਮਿਲ ਜਾਂ ਵੈਟਾਲੁਤੂ (Vetta-luttoo) ਵਰਣਮਾਲਾ ਵਿੱਚ ਸਾਰੇ ਉੱਨੀ ਵਰਣ ਜਾਂ ਅੱਖਰ ਹਨ, ਅਤੇ ਓਹ ਵੀ ਕਿਤੇ ਨਾਵੀਂ ਸਦੀ ਈਸਵੀ ਵਿੱਚ ਆ ਕੇ ਇਤਨੇ ਹੋਏ ਸਨ। ਉੱਤਰੀ ਹਿੰਦ ਦੇ ਵਪਾਰੀ ਓਹੋ ਤੇ ਉਤਨੇ ਹੀ ਅੱਖਰ ਬਾਹਰੋਂ ਲਿਆਏ ਸਨ ਜਾਂ ਵਧ ਘਟ, ਇਹ ਠੀਕ ਠੀਕ ਕਹਿਣਾ ਔਖਾ ਹੈ, ਜਦ ਕਿ ਇਸ ਗੱਲ ਨੂੰ ਸਤਾਈ ਅਠਾਈ ਸੌ ਵਰ੍ਹਾ ਹੋ ਚੁਕਾ ਹੈ। ਪਰ ਕੋਈ ਰਵਾਇਤ ਅੱਖਰਾਂ ਦੇ ਪਹਿਲੇ ਪਹਿਲ ਥੋੜੇ ਜਿਹੇ ਹੋਣ ਦੀ ਯਾਹਰਵੀਂ ਸਦੀ ਤਕ ਚਲੀ ਆਈ ਸੀ, ਜੋ ਅਲ-ਬੈਰੂਨੀ ਦੇ ਕੰਨਾਂ ਤਕ ਅੱਪੜੀ ਅਤੇ ਉਸ ਨੇ ਆਪਣੀ ਕਿਤਾਬ ਵਿੱਚ ਉਸ ਦਾ ਜ਼ਿਕਰ ਕੀਤਾ। ਓਹ ਦਸਦਾ ਹੈ ਕਿ ਯੂਨਾਨੀ ਲਿਪੀ ਵੀ ਪਹਿਲੋਂ ਸੋਲ੍ਹਾਂ ਅੱਖਰਾਂ ਦੀ ਹੁੰਦੀ ਸੀ, ਫਿਰ ਵੀਹ ਅੱਖਰਾਂ ਦੀ ਬਣੀ ਅਤੇ ਪਿਛੋਂ ਸੁਕਰਾਤ ਦੇ ਵੇਲੇ (ਪੰਜਵੀਂ ਸਦੀ ਪੂਰਬ ਈਸਾ) ਚੌਵੀਸ ਅੱਖਰਾਂ ਦੀ ਹੋ ਗਈ। ਸੁਕਰਾਤ ਸੰਨ ੩੯੯ ਪੂਰਬ ਈਸਾ ਵਿੱਚ ਕਾਲਵੱਸ ਹੋਇਆ ਸੀ। ਪਰ ਬ੍ਰਹਮੀ ਤੇ ਪਰਾਚੀਨ ਤਾਮਿਲ ਦਾ ਫ਼ਿਨਿਸ਼ਨ ਵਰਣਮਾਲਾ ਤੇ ਯੂਨਾਨੀ ਨਾਲ ਟਾਕਰਾ ਕਰ ਕੇ ਇਸ ਸਵਾਲ ਪੁਰ ਚਾਨਣ ਪਾਇਆ ਜਾ ਸਕਦਾ ਹੈ। ਪਲੇਟ ਨੰ: XII ਵਿੱਚ ਅਸੀਂ ਫ਼ਿਨਿਕੀ, ਬ੍ਰਹਮੀ ਤੇ ਪ੍ਰਾਚੀਨ ਤਾਮਿਲ ਲਿਪੀਆਂ ਨੂੰ ਬਰਾਬਰ ਬਰਾਬਰ ਕਾਲਮਾਂ ਵਿੱਚ ਰਖ ਕੇ ਦਿਖਾਇਆ ਹੈ, ਅਤੇ ਦੇਖੋਗੇ ਕਿ ਕਿਸ ਤਰ੍ਹਾਂ ਬ੍ਰਹਮੀ ਦੇ ਬਾਰਾਂ ਜਾਂ ਤੇਰਾਂ ਅੱਖਰ :—



(ਅ ੳ ਕ ਗ ਘ ਚ ਥ ਧ ਨ ਬ ਪ ਰ ਲ)

ਸਗਵੇਂ ਮਿਲਦੇ ਹਨ। ਏਸੇ ਤਰ੍ਹਾਂ ਖ, ਜ, ਵ, ਅਤੇ ਯ, ਹ,—ਇਹ ਪੰਜ ਕੁਝ ਕੁਝ ਮਿਲਦੇ ਹਨ। ਤਿੰਨ ਅੱਖਰ ਨਹੀਂ ਮਿਲਦੇ, ਅਤੇ ਇਕ ਸੰਯੁਕਤ ਵਯੰਜਨ (Conjunct Consonant) ਹੈ। ਸੋ ਪ੍ਰਤੱਖ ਹੈ ਕਿ ਫ਼ਿਨਿਕੀ ਤੇ ਬ੍ਰਹਮੀ ਲਿਪੀਆਂ ਇਕੋ ਹੀ ਸੋਮੇਂ ਤੋਂ ਨਿਕਲੀਆਂ ਹਨ। ਫ਼ਿਨਿਕੀ ਵਿੱਚ ਕੋਈ ਸਵੱਰ ਚਿੰਨ੍ਹ ਨਹੀਂ ਸਨ। ਸਾਰੀਆਂ ਹੀ ਪੱਛਮੀ ਦੇਸਾਂ ਦੀਆਂ ਲਿਪੀਆਂ ਵਿੱਚ, ਅਰਥਾਤ ਫ਼ਿਨਿਕੀ, ਇਬਰਾਨੀ, ਅਰਬੀ, ਸਬਾਈ, ਹਬਸ਼ੀ ਆਦਿ ਵਿੱਚ ਜ਼ਬਰ, ਜ਼ੇਰ, ਪੇਸ਼ (ਫਤਹ, ਕਸਰਹ, ਜ਼ੁਮਾ) ਵੀ ਬਹੁਤ ਪਿਛੋਂ ਦਾਖ਼ਲ ਹੋਏ ਸਨ, ਤੇ ਯਮਨ ਦੇ ਅਰਬੀਆਂ ਨੇ ਦਾਖ਼ਲ ਕੀਤੇ ਸਨ, ਜਿਸ ਕਰ ਕੇ ਇਨ੍ਹਾਂ ਨੂੰ اعراب 'ਔਰਾਬ' ਕਹਿੰਦੇ ਹਨ।

ਬ੍ਰਹਮੀ ਵਿੱਚ ਅੱਖਰਾਂ ਦੀ ਗਿਣਤੀ, ਫ਼ਿਨਿਕੀ ਨਾਲੋਂ ਬਹੁਤ ਵਧ ਹੈ; ਅਤੇ ਜਿਤਨੇ ਵੀ ਵਾਧੂ ਅੱਖਰ ਹਨ ਸਭ ਸਾਡੇ ਦੇਸ ਵਿੱਚ ਵਧਾਏ ਗਏ ਹਨ। ਅੱਖਰਾਂ ਦੀ ਵਰਣਮਾਲਾ ਵਿੱਚ ਤਰਤੀਬ ਜਾਂ ਕ੍ਰਮ; ਤੇ 'ਮੂਲ-ਆਵਾਜ਼-ਮਾਤਰ' ਨਾਂ ਇਹ ਵੀ ਸਾਡੇ ਪੰਡਤਾਂ ਦਾ ਕੰਮ* ਸੀ। ਇਹੋ ਹਾਲ ਪ੍ਰਾਚੀਨ ਤਾਮਿਲ, ਦਰਾਵੜੀ, ਤੁਲੂ ਤੇ ਕਾਨੜੀ ਦਾ ਹੈ। ਇਹ ਸਭ ਬਾਹਰੋਂ ਆਏ ਅੱਖਰਾਂ ਵਿਚੋਂ ਬਣੀਆਂ ਹਨ।

*ਅੱਖਰਾਂ ਜਾਂ ਮਾਤਰਾਂ (Syllables) ਦੇ ਨਾਂ ਭਿਖੂਆਂ ਨੇ ਰਖੇ, ਜਾਂ ਕਿ ਇਹ ਖੁਦ ਹਿੰਦੀ ਵਪਾਰੀਆਂ ਦਾ ਕੰਮ ਸੀ, ਇਸ ਸਵਾਲ ਦਾ ਜਵਾਬ ਅਜੇ ਨਹੀਂ ਲੱਭਾ। ਯੂਨਾਨੀਆਂ ਵਾਂਗ ਓਹਨਾਂ ਨੇ ਨਾਮ ਵੀ ਫ਼ਿਨਿਕੀ ਤੋਂ ਕਿਉਂ ਨਾ ਲੈ ਲਏ ?

Sri Satguru Jagjit Singh Ji Elibrary NamdhariElibrary@gmail.com

ਫਿਨਿਕੀ ਲਿਪੀ ਵਿੱਚ ਅੱਖਰਾਂ ਦੇ ਨਾਂ ਕੀ ਸਨ, ਇਸ ਗੱਲ ਦਾ ਪਤਾ ਯੂਨਾਨੀ, ਇਬਰਾਨੀ ਤੇ ਅਰਬੀ ਲਿਪੀਆਂ ਵਿੱਚ ਅੱਖਰਾਂ ਦੇ ਨਾਵਾਂ ਤੋਂ ਤੇ ਉਨ੍ਹਾਂ ਦੀਆਂ ਸ਼ਕਲਾਂ ਤੋਂ ਲਗ ਜਾਂਦਾ ਹੈ। ਇਨ੍ਹਾਂ ਅੱਖਰਾਂ ਦੀ ਫਿਨਿਕੀ ਵਰਣਮਾਲਾ ਵਿੱਚ ਤਰਤੀਬ ਦਾ ਪਤਾ ਇਕ ਤਾਂ ਯੂਨਾਨੀ ਤੇ ਇਬਰਾਨੀ ਲਿਪੀਆਂ ਤੋਂ ਮਿਲਦਾ ਹੈ। ਇਸ ਗੱਲ ਦੀ ਤਾਈਦ ਅਰਬੀ ਲਿਪੀ ਵੀ ਇਕ ਹੱਦ ਤਕ ਕਰਦੀ ਹੈ। ਪਰ ਇਕ ਹੋਰ ਸਬੂਤ ਇਬਰਾਨੀ ਤੇ ਅਰਬੀ ਵਿਚੋਂ ਅਜੀਬ ਢੰਗ ਦਾ ਮਿਲਦਾ ਹੈ। ਅਰਬੀ ਵਰਣਮਾਲਾ ਵਿੱਚ ਫਿਨਿਕੀ ਨਾਲੋਂ ਬਹੁਤ ਸਾਰੇ ਅੱਖਰ ਵਧ ਸਨ, ਜੋ ਪੁਰਾਣੀ ਵਰਣਮਾਲਾ ਵਿੱਚ ਪਹਿਲੋਂ ਮੌਜੂਦ ਅੱਖਰਾਂ ਦੇ ਵਿਚਾਲੇ ਆਵਾਜ਼ ਜਾਂ ਸ਼ਕਲ ਦੇ ਮਿਲਣ ਕਰ ਕੇ ਵਧਾਏ ਗਏ ਸਨ। ਇਹੋ ਹਾਲ ਯੂਨਾਨੀ ਲਿਪੀ ਦਾ ਹੈ। ਯੂਨਾਨੀ ਤੇ ਅਰਬੀ ਦੋਹਾਂ ਵਰਣਮਾਲਾਂ ਵਿੱਚ ਪਹਿਲੇ ਚਾਰ ਅੱਖਰ ਅਲਫ਼, ਬੇ, ਜੀਮ ਤੇ ਦਾਲ ਓਹੋ ਤੇ ਉਸੇ ਇੱਕੋ ਤਰਤੀਬ ਵਿੱਚ ਹਨ। ਇਸੇ ਤਰ੍ਹਾਂ ਕਾਫ਼, ਲਾਮ, ਮੀਮ ਤੇ ਨੂਨ ਵੀ ਇਕੱਠੇ ਤੇ ਉਸੇ ਤਰਤੀਬ ਸਿਰ ਦੋਹਾਂ ਵਿੱਚ ਹਨ। ਇਸ ਤੋਂ ਸਿੱਧ ਹੈ ਕਿ ਇਹ ਅਠ ਅੱਖਰ ਫਿਨਿਕੀ ਵਿੱਚ ਇਸੇ ਤਰ੍ਹਾਂ ਸਨ। ਇਨ੍ਹਾਂ ਦੋ ਚੌਕਿਆਂ ਦੇ ਵਿਚਾਲੇ ਯੂਨਾਨੀ ਤੇ ਅਰਬੀ ਵਿੱਚ ਹੋਰ ਹੋਰ ਅੱਖਰ ਹਨ। ਹੁਣ ਪਹਿਲੇ ਚਾਰ ਅੱਖਰਾਂ ਦੇ ਜੋੜਨ ਨਾਲ 'ਅਬਜਦ' ਬਣਦਾ ਹੈ, ਅਤੇ ਦੂਜੇ ਚੌਂਹ ਅੱਖਰਾਂ ਦੇ ਜੋੜਨ ਨਾਲ 'ਕਲਮਨ'। ਅਰਬੀ ਵਿੱਚ ਕਿਸੇ ਵਾਕਿਆ ਦਾ ਸੰਨ ਤਾਰੀਖ਼ ਲਿਖਣ ਲਈ ਇਕ ਅੰਕਪਾਲੀ ਜਾਂ (Figure Cypher) ਹੈ, ਜਿਸ ਵਿੱਚ ਹਰ ਅੱਖਰ ਨੂੰ ਕੁਝ ਸੁਮਾਰੀ ਕੀਮਤ ਦਿਤੀ ਗਈ ਹੈ, ਇਕ ਤੋਂ ਹਜ਼ਾਰ ਤਕ। ਜਦ ਸੰਨ ਲਿਖਣਾ ਹੁੰਦਾ ਹੈ ਤਾਂ ਸ਼ਾਇਰ ਜਾਂ ਕਵੀ ਕੁਝ ਅਜਿਹੇ ਲਫ਼ਜ਼ ਆਪਣੇ ਸ਼ਿਅਰ ਵਿੱਚ ਵਰਤਦਾ ਹੈ, ਜਿਨ੍ਹਾਂ ਦੇ ਅੱਖਰਾਂ ਦੀਆਂ ਕੀਮਤਾਂ ਜੋੜ ਕੇ ਹਿਜਰੀ ਜਾਂ ਕੋਈ ਹੋਰ ਸੰਨ ਬਣ ਜਾਂਦਾ ਹੈ, ਜੋ ਸ਼ਾਇਰ ਕਹਿਣਾ ਚਾਹੁੰਦਾ ਹੈ। ਫ਼ਾਰਸੀ ਤੇ ਉਰਦੂ ਦੇ ਸ਼ਾਇਰਾਂ ਨੇ ਵੀ ਇਸ ਢੰਗ ਦੀ ਨਕਲ ਕਰ ਲਈ ਹੈ। ਜਿਵੇਂ ਕਿ ਹਮਾਯੂੰ ਪਾਤਸ਼ਾਹ ਦੀ ਮੌਤ ਦਾ ਹਿਜਰੀ ਸਨ ੯੬੨ ਫ਼ਾਰਸੀ ਦੇ ਇਸ ਮਿਸਰਹ ਦੇ ਅੱਖਰਾਂ ਦੀਆਂ ਕੀਮਤਾਂ ਜੋੜਨ ਨਾਲ ਨਿਕਲ ਆਉਂਦਾ ਹੈ।

همایوں بادشاہ از بام افتاد

ਇਕ ਅੰਕਪਾਲੀ ਜਾਂ (Cypher) ਦੇ ਪਹਿਲੇ ਦੋ ਲਫ਼ਜ਼, ਜਿਨ੍ਹਾਂ ਵਿੱਚ ਬਾਈ ਅੱਖਰ ਹਨ, ਇਹ ਹਨ :—

ابجد ہوز حطی کلمن سعفص قرشت

ਅਰਬੀ ਜ਼ਬਾਨ ਦੀਆਂ ਖ਼ਾਸ ਆਵਾਜ਼ਾਂ ਲਈ ਜੋ ਛੇ ਹਰਫ਼ ਇਸ ਲਿਪੀ ਵਿੱਚ ਵਧਾਏ ਗਏ ਸਨ, ਉਹਨਾਂ ਨੂੰ ਵੀ ਜੋੜ ਕੇ ਉਪਰਲੀ ਅੰਕਪਾਲੀ ਦੇ ਅੰਤ ਤੇ ਇਸ ਤਰ੍ਹਾਂ ਦਿੱਤਾ ਹੈ :—

ثخذ ضظغ

ਅੰਕਪਾਲੀ ਵਿੱਚ ਅੱਖਰਾਂ ਨੂੰ ਮੂਲ ਤਰਤੀਬ ਵਾਰ ੧ ਤੋਂ ੧੦ ਤਕ, ਤੇ ਫਿਰ ੨੦, ੩੦, ੪੦, ੫੦, ੬੦, ੭੦, ੮੦, ੯੦, ੧੦੦, ੨੦੦, ੩੦੦, ਤੇ ੪੦੦। ਅਤੇ ਸਤਵੇਂ ਅਤੇ ਅਠਵੇਂ ਲਫ਼ਜ਼ਾਂ ਦੇ ਅੱਖਰਾਂ ਨੂੰ ਤਰਤੀਬਵਾਰ ੫੦੦, ੬੦੦, ੭੦੦, ੮੦੦, ੯੦੦ ਅਤੇ ੧੦੦੦। ਨਾਲ

ਹੀ ਧਿਆਨ ਕਰਨ ਵਾਲੀ ਗੱਲ ਹੈ ਕਿ ਇਨ੍ਹਾਂ ਵਾਧੂ ਛੇ ਅੱਖਰਾਂ ਦੀ ਤਰਤੀਬ ਓਹੋ ਹੈ, ਜੋ ਹੁਣ ਵਾਲੀ ਅਰਬੀ ਵਰਣਮਾਲਾ ਵਿੱਚ ਹੈ, ਅਰਥਾਤ :—

ث خ ذ ض ظ غ .

ਤਾਂਤੇ ਇਸ ਵਿੱਚ ਕੁਝ ਸ਼ੱਕ ਨਹੀਂ ਕਿ ਫ਼ਿਨਿਕੀ ਵਰਣਮਾਲਾ ਦੇ ਬਾਈ ਅੱਖਰ ਓਹੋ ਸਨ ਤੇ ਉਸੇ ਤਰਤੀਬ ਸਿਰ ਸਨ ਜਿਸ ਵਿੱਚ ਕਿ 'ਅਬਜਦ' ਅੰਕਪਾਲੀ ਦੇ ਪਹਿਲੇ ਛਿਆਂ ਲਫ਼ਜ਼ਾਂ ਵਿੱਚ ਹਨ, ਅਰਥਾਤ :—

ابجد هوز حطي كلمن سعفص
قرشت

ਫ਼ਿਨਿਕੀ ਵਿੱਚ ਬਾਈ ਅੱਖਰਾਂ ਨੂੰ ਇਹ ਤਰਤੀਬ ਕਿਸ ਤਰ੍ਹਾਂ ਮਿਲੀ, ਇਸ ਬਾਬਤ ਵਿਦਵਾਨਾਂ ਵਿੱਚ ਮਤਭੇਦ ਹੈ। ਕੋਈ ਕਹਿੰਦੇ ਹਨ ਕਿ ਮੱਧ-ਸਾਗਰ ਦੇ ਵਪਾਰੀਆਂ ਵਿੱਚ ਕੁਝ ਚਿੰਨ੍ਹ ਖ਼ਾਸ ਖ਼ਾਸ ਗਿਣਤੀ ਨਾਲ ਜੁੜ ਚੁਕੇ ਸਨ, ਸੋ ਫ਼ਿਨਿਕੀਆਂ ਨੇ ਉਸੇ ਤਰਤੀਬ ਸਿਰ ਲੈ ਲਏ । ਹੁਣ 'ਅਬਜਦ' ਵਾਲੀ ਤਰਤੀਬ ਹਰਫ਼ਾਂ ਦੀ ਅਰਬੀ ਵਰਣਮਾਲਾ ਦੀ ਨਹੀਂ, ਜਿਸ ਵਿੱਚ ਬਹੁਤ ਸਾਰੇ ਅੱਖਰ ਅੱਗੇ ਪਿੱਛੇ ਆਉਂਦੇ ਹਨ। ਤਾਂਤੇ ਇਹ ਤਰਤੀਬ ਫ਼ਿਨਿਕੀ ਅੱਖਰਾਂ ਦੀ ਸੀ, ਅਤੇ 'ਅਬਜਦ' ਵਾਲੀ ਅੰਕਪਾਲੀ ਉਨ੍ਹਾਂ ਫ਼ਿਨਿਕੀ ਲੋਕਾਂ ਦੀ ਰਕਮਾਂ ਲਿਖਣ ਵਾਸਤੇ ਈਜਾਦ ਸੀ। ਪੁਰਾਣੀ ਤੇ ਨਵੀਂ ਇਬਰਾਨੀ ਵਿੱਚ ਇਹੋ ਬਾਈ ਅੱਖਰ ਅਤੇ ਇਹੋ ਤਰਤੀਬ ਤੇ ਇਹੋ ਅੱਖਰਾਂ ਦੀਆਂ ਕੀਮਤਾਂ ਚਲੀਆਂ ਆਉਂਦੀਆਂ ਹਨ। ਅੱਗੇ ਚਲਕੇ 'ਹਿੰਦਸਿਆਂ' ਪੁਰ ਲਿਖੇ ਲੇਖ ਵਿੱਚ ਅਸੀਂ ਇਸ ਅੰਕਪਾਲੀ ਦਾ ਟਾਕਰਾ ਆਪਣੇ ਦੇਸ ਦੀ ਅੰਕ ਪਾਲੀ, 'ਕਟਪਯ' ਨਾਲ ਕਰਾਂਗੇ।

ਅਰਬੀ ਵਰਣਮਾਲਾ ਵਿੱਚ ਜਿਨ੍ਹਾਂ ਅੱਖਰਾਂ ਦੀਆਂ ਸ਼ਕਲਾਂ ਮਿਲਦੀਆਂ ਹਨ, ਤੇ ਖ਼ਾਲੀ ਨੁਕਤਿਆਂ ਜਾਂ ਕਿਸੇ ਹੋਰ ਪਛਾਣ ਕਰਨ ਵਾਲੇ ਨਿਸ਼ਾਨ (diacritical mark) ਦਾ ਫ਼ਰਕ ਹੈ, ਉਨ੍ਹਾਂ ਨੂੰ ਇਕੱਠਾ ਕਰ ਦਿਤਾ ਹੈ, ਸ਼ਾਇਦ ਖ਼ੁਸ਼-ਖ਼ਤੀ ਦੀ ਮਸ਼ਕ ਵਾਸਤੇ, ਜਿਸ ਤਰ੍ਹਾਂ :—

ث ح خ ذ ز ش ض ظ غ
ب ج د ر س ص ط ع

ਨੂੰ ਪੁਰਾਣੇ ਫ਼ਿਨਿਕੀ ਅੱਖਰਾਂ ਦੇ ਪਿੱਛੇ ਰਖ ਦਿੱਤਾ ਹੈ।

Sri Satguru Jagjit Singh Ji Elibrary NamdhariElibrary@gmail.com

ਯੂਨਾਨੀ ਤੇ ਅਰਬੀ ਲਿਪੀਆਂ ਦਾ ਟਾਕਰਾ ਪਲੇਟ ਨੰ: XIII ਵਿੱਚ ਕੀਤਾ ਹੈ, ਜਿਥੇ ਅੱਖਰਾਂ ਦੇ ਨਾਂ ਦਿੱਤੇ ਹਨ। 'ਅਬਜਦ' ਅੰਕਪਾਲੀ ਦੀ ਤਰਤੀਬ ਸਾਫ਼ ਨਜ਼ਰ ਆ ਰਹੀ ਹੈ। ਤਰਤੀਬ ਇਸ ਸਾਰਣੀ ਵਿੱਚ ਯੂਨਾਨੀ ਵਰਣਮਾਲਾ ਦੀ ਹੈ। ਪੁਰਾਣੀ ਲਾਤੀਨੀ ਤੇ ਰੋਮਨ ਵਰਣਮਾਲਾ ਦੀ ਤਰਤੀਬ ਵੀ ਇਹੋ ਸੀ ਅਤੇ ਉਸ ਵਿੱਚ ਸਾਰੇ ੨੩ ਅੱਖਰ ਸਨ; ਅੰਗਰੇਜ਼ੀ ਦੇ ਕਿਤਾਬੀ (Capital) ਹਰਫ਼ਾਂ ਦੀਆਂ ਸ਼ਕਲਾਂ ਸਨ। J, U, W ਨਹੀਂ ਸਨ। 'I' ਦੋਹਾਂ ਹਰਫ਼ਾਂ, 'i' ਤੇ 'j' ਦਾ ਕੰਮ ਦੇਂਦਾ ਸੀ, ਅਤੇ 'V' ਦੋਹਾਂ ਹਰਫ਼ਾਂ, '*u*' ਤੇ '*v*' ਵਾਸਤੇ। '*w*' ਦਾ ਕੰਮ ਵੀ ਇਹੋ ਦੇਂਦੀ ਸੀ।

# ੬

# ਬ੍ਰਹਮੀ ਲਿਪੀ ਦਾ ਵਿਕਾਸ

ਸੋਲਾਂ ਸਤਾਰਾਂ ਅੱਖਰ ਜੋ ਹਿੰਦ ਦੇ ਵਪਾਰੀ ਬਾਹਰੋਂ ਲਿਆਏ, ਉਨ੍ਹਾਂ ਦਾ ਪਰਚਾਰ ਸਦੀਆਂ ਤਕ, ਇਨ੍ਹਾਂ ਵਪਾਰੀਆਂ ਵਿੱਚ ਲੇਖੇ ਪੱਤੇ ਜਾਂ ਚਿੱਠੀ ਚੁਪੱਠੀ ਲਈ ਹੁੰਦਾ ਰਿਹਾ; ਜਾਂ ਇਹ ਹੁਨਰ ਰਾਜਸੀ ਕਾਰੋਬਾਰ ਵਿੱਚ ਹਿਸਾਬ ਕਿਤਾਬ, ਦਾਨ-ਪੱਤਰਾਂ ਆਦਿ ਦੇ ਲਿਖਣ ਲਈ ਵਰਤੀਂਦਾ ਰਿਹਾ। ਧਰਮ-ਪੁਸਤਕ ਲਿਖੇ ਨਹੀਂ ਸਨ ਜਾਂਦੇ। ਲਿਖਤ ਦਾ ਹੁਨਰ ਚਲ ਪੈਣ ਦੇ ਪਿੱਛੋਂ ਵੀ ਪਵਿੱਤਰ ਬਾਣੀ ਦਾ ਲਿਖਣਾ ਮਨ੍ਹਾ ਹੀ ਰਿਹਾ। ਗੁਰੂਕੁਲਾਂ ਵਿੱਚ ਬ੍ਰਹਮਚਾਰੀ ਗੁਰੂ ਦੇ ਮੂੰਹੋਂ ਸੁਣ ਕੇ ਸਾਰੀ ਬਾਣੀ ਜ਼ਬਾਨੀ ਯਾਦ ਕਰ ਲੈਂਦੇ ਸਨ। ਥੋੜ੍ਹੀਆਂ ਥੋੜ੍ਹੀਆਂ ਸਤਰਾਂ ਰੋਜ਼ ਯਾਦ ਕਰ ਕੇ ਵਰ੍ਹਿਆਂ ਵਿੱਚ ਇਕ ਅੱਧੀ ਰਚਨਾ ਮੰਤਰ ਰੂਪ ਵਿੱਚ ਜਾਂ ਸੂਤਰਾਂ ਦੀ ਸ਼ਕਲ ਵਿੱਚ ਕੰਠ ਕਰ ਲੈਂਦੇ ਸਨ। ਵਪਾਰੀਆਂ ਦੇ ਮੁੰਡੇ ਅਜ ਕਲ ਵਾਂਗ ਟੋਲਾਂ ਵਿੱਚ ਜਾ ਕੇ ਪਾਂਧੇ (ਉਪਾਧਿਆਂ) ਤੋਂ ਵਹੀ ਖਾਤਾ ਲਿਖਣ ਜੋਗਾ ਲਿਖਣਾ ਸਿਖਦੇ ਸਨ। ਰਾਜ-ਕਰਮਚਾਰੀਆਂ ਦੇ ਬੱਚੇ ਵੀ ਇਨ੍ਹਾਂ ਪਾਂਧਿਆਂ ਤੋਂ ਹੀ ਜਾਂ ਹੋਰ ਉਪਾਧਿਆਂ ਤੋਂ ਲਿਖਣਾ ਪੜ੍ਹਨਾ ਸਿਖਦੇ ਹੋਣਗੇ। ਬ੍ਰਾਹਮਣਾਂ ਦੇ ਧਰਮ-ਗ੍ਰੰਥ ਵੇਦ ਵੇਦਾਂਗ ਤਾਂ ਇਕ ਪਾਸੇ ਰਹੇ, ਬੋਧਾਂ ਦੇ ਧਾਰਮਕ ਪੁਸਤਕ ਤ੍ਰਿਪਿਟਕ° ਵਗੈਰਾ ਵੀ ਸਿੰਹਲ ਦੀਪ ਦੇ ਰਾਜਾ ਵੁੱਟ ਗਾਮਿਨੀ ਦੇ ਵੇਲੇ, ਮਸੀਹ ਤੋਂ ਕੁਲ ੫੦ ਵਰ੍ਹੇ ਪਹਿਲੇ ਲਿਖੇ ਗਏ। ਇਸ ਤੋਂ ਪਹਿਲਾਂ ਬੋਧਾਂ ਦੀ ਧਰਮ ਵਿੱਦਿਆ ਵੀ ਸਾਰੀ ਮੂੰਹਜ਼ਬਾਨੀ ਹੀ ਹੁੰਦੀ ਸੀ। ਵੇਦ ਵੇਦਾਂਗ ਹੋਰ ਵੀ ਪਿੱਛੋਂ ਲਿਖੇ ਗਏ।

ਪੁਰਸ਼ਾਵਰ° ਦਾ ਰਹਿਣ ਵਾਲਾ ਅਤੇ ਤਕਸ਼-ਸਿਲਾ (ਟੈਕਸਲਾ)' ਮਹਾ ਵਿਦਿਆਲਾ ਦਾ ਸਾਨ ਤਕ ਪਾਣਿਨੀ ਰਿਖੀ ਸੀ। ਵਿਦਵਾਨਾਂ ਨੇ ਇਸ ਦਾ ਸਮਾਂ ਅਜ ਤੋਂ ੨੩੦੦ ਜਾਂ ੨੪੦੦ ਵਰ੍ਹਾ ਪਹਿਲਾਂ ਦਾ ਮੰਨਿਆ ਹੈ। ਪਾਣਿਨੀ ਨੇ ਸੰਸਕ੍ਰਿਤ ਵਿਆਕਰਣ ਦੀ ਇਕ ਸੂਤਰ-ਰਚਨਾ ਅੱਠਾਂ ਅਧਿਆਵਾਂ ਵਿੱਚ ਕੀਤੀ ਹੈ, ਜਿਸ ਨੂੰ ਇਸੇ ਕਰ ਕੇ 'ਅਸ਼ਟਾਧਯਾਈ' ਸਦਦੇ ਹਨ। ਉਸ ਵਿੱਚ ਲਿਖਣ ਬਾਰੇ ਕਿਸੇ ਤਰ੍ਹਾਂ ਦਾ ਕੋਈ ਇਸ਼ਾਰਾ ਕੀਤਾ ਹੋਇਆ ਨਹੀਂ ਮਿਲਦਾ। ਪਰ ਸੰਸਕ੍ਰਿਤ ਬੋਲੀ, ਜਿਨ੍ਹਾਂ ਮੂਲ-ਆਵਾਜ਼ਾਂ ਦੀ ਬਣੀ ਹੈ, ਉਨ੍ਹਾਂ ਦਾ ਨਿਖੇੜਾ ਉਸ ਦੇ ਸਮੇਂ ਤਕ ਹੋ ਚੁਕਾ ਹੋਇਆ ਸੀ। ਸੰਸਕ੍ਰਿਤ ਵਿੱਚ ਜਦ ਇੱਕ ਲਫ਼ਜ਼ ਦਾ ਅੰਤ ਕਿਸੇ ਸਵਰ ਵਿੱਚ ਹੋਵੇ, ਅਤੇ ਉਸ ਤੋਂ ਅਗਲਾ ਲਫ਼ਜ਼

---

*'ਪੇਸ਼-ਆਵਰ' ਨਾਮ ਅਕਬਰ ਦਾ ਦਿੱਤਾ ਹੋਇਆ। ਹੈ। ਅੱਜ ਕਲ ਦਾ 'ਪਿਸ਼ੌਰ' ਜਾਂ 'ਪਿਸ਼ਾਵਰ'।



Sri Satguru Jagjit Singh Ji Elibrary NamdhariElibrary@gmail.com

ਸ੍ਵਰ ਨਾਲ ਆਰੰਭ ਹੁੰਦਾ ਹੋਵੇ, ਤਦ ਦੋਹਾਂ ਸਵਰਾਂ ਦੀ ਸੰਧੀ ਹੋ ਕੇ ਦੂਜਾ ਗਿਰ ਜਾਂਦਾ ਹੈ, ਜਿਵੇਂ 'ਰਾਮ: ਅਸ੍ਤਿ' ਵਿਚ ਵਿਸਰਗ ਤੇ 'ਅ' ਦੀ ਸੰਧੀ ਤੇ 'ਰਾਮੋਸ੍ਤਿ' ਬਣ ਜਾਂਦਾ ਹੈ। ਇਸ 'ਅ' ਦੇ ਬੋਲਣ ਵਿਚ ਗਿਰ ਜਾਣ ਦਾ ਨਾਮ ਵਯਾਕਰਣ ਵਿੱਚ 'ਲੋਪ' ਹੈ। ਇਸ 'ਲੋਪ' ਬਾਬਤ ਅਸ਼ਟਾਧਯਾਈ ਵਿੱਚ ਇਕ ਸੂਤਰ ਦਿੱਤਾ ਹੋਇਆ ਹੈ, ਜਿਸ ਦਾ ਸੰਬੰਧ ਕੇਵਲ ਉਚਾਰਣ ਨਾਲ ਹੈ, ਲਿਖਣ ਨਾਲ ਨਹੀਂ।

ਹੁਣ 'ਅਸ਼ਟਾਧਯਾਈ' ਵਰਗੀ ਪੂਰਨ ਮਹੱਤਵ ਦੀ ਰਚਨਾ ਸੁਤੇ ਹੀ ਕਿਸੇ ਇਕ ਮਨੁੱਖ ਦੇ ਦਿਮਾਗ਼ ਵਿਚੋਂ ਅਚਨਚੇਤ ਪੈਦਾ ਨਹੀਂ ਹੋ ਸਕਦੀ, ਅਤੇ ਨਾ ਪਾਣਿਨੀ ਨੇ ਇਸ ਗੱਲ ਦਾ ਦਾਅਵਾ ਹੀ ਕੀਤਾ ਹੈ, ਸਗੋਂ ਉਸ ਨੇ ਆਪਣੇ ਤੋਂ ਪਹਿਲੇ ਹੋ ਚੁਕੇ ਵਿਆਕਰਣੀਆਂ ਦਾ ਜ਼ਿਕਰ ਕੀਤਾ ਹੈ। ਵਿਆਕਰਣ ਵਿੱਦਿਆ ਪਾਣਿਨੀ ਤੋਂ ਸਦੀਆਂ ਪਹਿਲੇ ਤੋਂ ਚਲੀ ਆਉਂਦੀ ਸੀ, ਅਤੇ ਪਾਣਿਨੀ ਨੂੰ ਪ੍ਰਾਚੀਨ ਵਿਆਕਰਣੀਆਂ ਦੀਆਂ ਰਚਨਾਵਾਂ ਤੋਂ ਪੂਰੀ ਪੂਰੀ ਵਾਕਫ਼ੀ ਸੀ, ਅਤੇ ਇਸੇ ਵਿੱਦਿਆ ਵਿੱਚ ਉਸ ਨੇ ਨਿਪੁੰਨਤਾ ਵਿਸ਼ੇਸ਼ਤਾ (Specialization) ਪਰਾਪਤ ਕੀਤੀ ਸੀ। ਉਸ ਨੇ ਪੁਰਾਣੀਆਂ ਰਚਨਾਵਾਂ ਤੋਂ ਪੂਰਾ ਪੂਰਾ ਲਾਭ ਉਠਾ ਕੇ ਆਪਣੇ ਉਤ੍ਰਿਸ਼ਟ ਵਿਆਕਰਣ ਦੀ ਰਚਨਾ ਕੀਤੀ ਸੀ। ਵੇਦਾਂ ਦੇ ਸਮਝਣ ਸਮਝਾਣ ਲਈ ਉਨ੍ਹਾਂ ਦੇ ਨਾਲ ਛੇ ਅੰਗ ਤੇ ਕੁਝ ਉਪ-ਅੰਗ ਲਗੇ ਹੋਏ ਹਨ, ਜਿਨ੍ਹਾਂ ਨੂੰ 'ਵੇਦਾਂਗ' ਕਹਿੰਦੇ ਹਨ, ਅਤੇ ਉੱਚ-ਕੋਟੀ ਦੇ ਪੰਡਤ ਵੇਦ 'ਸਾਂਗੋ-ਪਾਂਗ' ਪੜ੍ਹਦੇ ਸਨ। 'ਵਿਆਕਰਣ' ਇਨ੍ਹਾਂ ਛਿਆਂ ਅੰਗਾਂ ਵਿਚੋਂ ਇਕ ਸੀ, ਜਿਸ ਵਿਚ ਵੈਦਕ ਭਾਸ਼ਾ ਦੀ ਵਿਆਕਰਣ ਹੈ। ਇਹ ਵੇਦਾਂਗ ਯਾਸਕਾਚਾਰਯ ਆਦਿ ਰਿਖੀਆਂ ਦੇ ਬਣਾਏ ਹੋਏ ਹਨ। ਵਿਦਵਾਨਾਂ ਨੇ ਯਾਸਕ ਦਾ ਸਮਾਂ ਛੇਵੀਂ ਸਤਾਈ ਸੌ ਵਰ੍ਹਾ ਪਿੱਛੇ ਰੱਖਿਆ ਹੈ, ਪਰ ਯਾਸਕ ਦਾ ਨਾਂ ਗੁਰ-ਪ੍ਰਣਾਲੀਆਂ ਵਿੱਚ ਚੋਖਾ ਹੇਠਾਂ ਆ ਕੇ ਵਿਖਾਇਆ ਹੁੰਦਾ ਹੈ। ਸੋ ਅਸੀਂ ਵਿਆਕਰਣ ਦਾ ਮੁੱਢ ਯਾਸਕ ਤੋਂ ਸੌ ਦੋ ਸੌ ਵਰ੍ਹਾ ਪਹਿਲੇ ਮਿਥ ਸਕਦੇ ਹਾਂ। ਇਉਂ ਸਮਝੋ, ਕੁ ਵਿਆਕਰਣ ਦੇ ਜਨਮ ਨੂੰ ਅਠਾਈ ਉਨੱਤੀ ਸੌ ਵਰ੍ਹਾ ਹੋਇਆ ਹੈ। ਬੋਲੀ ਦੀਆਂ ਮੂਲ-ਆਵਾਜ਼ਾਂ ਸੰਬੰਧੀ ਵਿਚਾਰ ਇਸ 'ਵਿਆਕਰਣ' ਦਾ ਜ਼ਰੂਰੀ ਹਿੱਸਾ ਸੀ। 'ਵਿਆਕਰਣ' ਦੇ ਅਰਥ ਹੀ ਹਨ ਨਿਖੇੜਨਾ, ਪਾੜਨਾ। ਸੋ ਇਹ ਕਹਿਣਾ ਗ਼ਲਤ ਨਾ ਹੋਵੇਗਾ ਕਿ ਸਾਡੇ ਦੇਸ਼ ਵਿਚ ਵੈਦਕ ਅਤੇ ਸੰਸਕ੍ਰਿਤ ਭਾਸ਼ਾਵਾਂ ਦੀਆਂ ਮੂਲ-ਆਵਾਜ਼ਾਂ ਵਿੱਚ ਨਿਖੇੜਾ, ਅਤੇ ਇਨ੍ਹਾਂ ਮੂਲ-ਆਵਾਜ਼ਾਂ ਦੀ ਉਨ੍ਹਾਂ ਦੇ ਉਪਜ-ਅਸਥਾਨ ਅਨੁਸਾਰ ਕੁਝ ਵਰਗਾਂ ਵਿੱਚ ਵੰਡ, ਅਤੇ ਸਵਰਾਂ ਤੇ ਵਿਅੰਜਨਾਂ ਵਿੱਚ ਵੇਰਵਾ, ਅੱਜ ਤੋਂ ਅਠਾਈ ਸੌ ਵਰ੍ਹਾ ਪਹਿਲਾਂ ਪਿਹੋ ਹੋ ਚੁਕਾ ਸੀ। ਜਬ ਇਸ ਤੋਂ ਸੌ ਦੋ ਸੌ ਵਰ੍ਹਾ ਬਾਅਦ, ਹਿੰਦ ਦੇ ਵਪਾਰੀ ਮੂਲ-ਆਵਾਜ਼ਾਂ ਨੂੰ ਪੱਤਰ ਉੱਪਰ ਕੁਝ ਚਿਨ੍ਹਾਂ ਨਾਲ ਵਿਖਾਣ ਦਾ ਖ਼ਿਆਲ, ਅਤੇ ਕੁਝ ਬਣੇ ਬਣਾਏ ਚਿਨ੍ਹ ਲੈ ਆਏ, ਤਦ ਵਿਦਵਾਨਾਂ ਨੇ ਇਸ ਖ਼ਿਆਲ ਨੂੰ ਅਪਣਾ ਕੇ ਆਪਣੀ ਭਾਸ਼ਾ ਦੇ ਮੂਲ-ਆਵਾਜ਼ਾਂ ਵਾਲੇ ਵਿਚਾਰ ਨਾਲ ਜੋੜਿਆ ਅਤੇ ਇਕ ਪੂਰਨ ਤੇ ਵਿਗਿਆਨਕ ਵਰਣਮਾਲਾ ਜਾਂ ਲਿਪੀ ਪੈਦਾ ਕਰ ਲਈ।

ਇਸ ਲਿਪੀ ਨੂੰ ਪਿਛੋਂ 'ਬ੍ਰਹਮੀ' ਨਾਂ ਦਿਤਾ ਗਿਆ। ਬ੍ਰਹਮਾ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ। ਜਿਵੇਂ 'ਇੰਦਰ' ਦੀ 'ਇੰਦਰਾਣੀ' ਇਸਤ੍ਰੀ ਹੈ, ਤਿਵੇਂ ਹੀ ਬ੍ਰਹਮਾ ਦੀ 'ਕਰਨ ਦੀ ਸ਼ਕਤੀ' ਬ੍ਰਹਮੀ ਹੈ, ਜੋ ਵਿੱਦਿਆ ਪੈਦਾ ਕਰਦੀ ਹੈ। ਉਸ 'ਬ੍ਰਹਮੀ'—ਨਾਮ ਸ਼ਕਤੀ ਦੀ ਪੈਦਾ ਕੀਤੀ ਵਿੱਦਿਆ 'ਬ੍ਰਹਮੀ, ਹੈ। ਕਸ਼ਮੀਰੀ ਲਿਪੀ ਨੂੰ ਇਸੇ ਕਾਰਨ 'ਸ਼ਾਰਦਾ' ਨਾਂ ਦਿੱਤਾ ਗਿਆ ਹੈ, ਜੋ ਸ਼ਾਰਦਾ-ਦੇਵੀ ਦੇ ਨਾਂ ਪੁਰ ਹੈ। 'ਸ਼ਾਰਦਾ ਭਵਾਨੀ' ਪਾਰਬਤੀ ਦਾ ਹੀ ਨਾਂ ਹੈ, ਅਤੇ ਕਸ਼ਮੀਰ ਦੇ

ਲੋਕ ਸ਼ੈਵ-ਸ਼ਾਕਤ ਸਨ ।

ਅਸ਼ੋਕ ਦੇ ਵੇਲੇ ਤੋਂ ਚੋਰ ਚਿਰ ਪਹਿਲੇ ਉਸ ਦੇ ਦਾਦਾ ਚੰਦਰ-ਗੁਪਤ ਤੋਂ ਵੀ ਪਹਿਲੇ ਤੇ ਭਗਵਾਨ ਬੁਧ ਦੇ ਸਮੇਂ ਤਕ, ਨਾ ਨਿਰਾ 'ਬ੍ਰਹਮੀ' ਲਿਪੀ ਆਪਣੇ ਪੂਰਨ ਰੂਪ ਵਿੱਚ ਮੌਜੂਦ ਹੋ ਚੁਕੀ ਸੀ, ਸਗੋਂ ਅੱਡ ਅੱਡ ਪ੍ਰਾਂਤਾਂ ਜਾਂ ਪ੍ਰਦੇਸ਼ਾਂ ਵਿੱਚ ਅੱਖਰਾਂ ਦੀ ਲਿਖਾਈ ਜਾਂ ਕਹੋ ਲਿਪੀ ਵਿੱਚ ਵੀ ਫ਼ਰਕ ਪੈਣੇ ਸ਼ੁਰੂ ਹੋ ਗਏ ਸਨ; ਖ਼ਾਸ ਕਰ ਕੇ ਉਨ੍ਹਾਂ ਅੱਖਰਾਂ ਦੀਆਂ ਸ਼ਕਲਾਂ ਵਿੱਚ ਜੋ ਘਟ ਵਰਤਣ ਵਿੱਚ ਆਉਂਦੇ ਸਨ, ਜਿਵੇਂ ਅਨੁਨਾਸਿਕ ਅੱਖਰ ਙ, ਞ, ਖ,ਸ਼ ਆਦਿ । ਅਸ਼ੋਕ ਦੇ ਸਿਲਾ-ਲੇਖ ਜੋ ਪੂਰਬ ਵਿੱਚ ਉੜੀਸਾ ਦੇਸ ਵਿੱਚ, ਪੱਛਮ ਵਿੱਚ ਕਾਠੀਆਵਾੜ (ਗਿਰਨਾਰ ਪਰਬਤ), ਦੱਖਣ ਵਿੱਚ ਮੈਸੂਰ ਦੇਸ ਵਿੱਚ, ਉੱਤਰ ਵਿੱਚ ਕਾਲਸੀ (ਡੇਹਰਾਦੂਨ ਤੋਂ ਚਕਰਾਤੇ ਨੂੰ ਜਾਣ ਵਾਲੀ ਸੜਕ ਉਤੇ, ਡੇਹਰਾਦੂਨੋਂ ਕੋਈ ਅੱਠ ਦਸ ਮੀਲ) ਹਸਤਨਾਪੁਰ (ਗੰਗਾ ਦੇ ਕੰਢੇ); ਤਖ਼ਤ ਬਾਹੀ (ਨੌਸ਼ਹਿਰਾ ਛਾਉਣੀ ਦੇ ਨੇੜੇ); ਤੇ ਹੋਰ ਥਾਵਾਂ ਵਿੱਚ ਮਿਲੇ ਹਨ, ਉਨ੍ਹਾਂ ਵਿੱਚ ਮੁਕਾਮੀ ਪ੍ਰਾਕ੍ਰਿਤ ਬੋਲੀਆਂ ਵਾਂਗ ਅੱਖਰਾਂ ਦੇ ਲਿਖਣ ਵਿੱਚ ਵੀ ਫ਼ਰਕ ਪਾਏ ਗਏ ਹਨ । ਇਹੋ ਫ਼ਰਕ ਪਿੱਛੋਂ ਵਧਦੇ ਗਏ । ਫ਼ਰਕ ਪੈ ਜਾਣ ਦੇ ਕਈ ਸਬੱਬ ਸਨ । ਜਿਸ ਚੀਜ਼ ਉੱਤੇ ਕਿਸੇ ਪ੍ਰਦੇਸ਼ ਵਿੱਚ ਲਿਖਦੇ ਸਨ, ਭੋਜ ਪੱਤਰ ਜਾਂ ਤਾੜ ਪੱਤਰ*, ਪੱਥਰ ਜਾਂ ਧਾਤ ਦਾ ਪੱਤਰ; ਲਿਖਣ ਵੇਲੇ ਜਿਸ ਤਰ੍ਹਾਂ ਪੱਤਰੇ ਨੂੰ ਪਕੜਦੇ ਸਨ; ਲਿਖਣ ਦੀ ਸਿਲ਼ਾਈ ਜਾਂ 'ਲਿੱਖਣ' ਦਾ ਫ਼ਰਕ, ਇਨ੍ਹਾਂ ਸਾਰੀਆਂ ਗੱਲਾਂ ਨੇ ਲਿਪੀ ਦਾ ਰੂਪ ਥਾਉਂ ਥਾਈਂ ਬਦਲ ਦਿੱਤਾ, ਜਿਸ ਕਰ ਕੇ ਓਪਰੀ ਨਜ਼ਰੇ ਲਿਪੀਆਂ ਇਕ ਦੂਜੀ ਤੋਂ ਭਿੰਨ ਭਿੰਨ ਦਿਸਣ ਲਗ ਪਈਆਂ । ਅਤੇ ਇਸ ਤਰ੍ਹਾਂ ਸਾਰੇ ਭਾਰਤਵਰਸ਼ ਵਿੱਚ ਬਾਰਾਂ ਕੁ ਮੁਖ ਕਿਤਾਬੀ ਲਿਪੀਆਂ ਬਣ ਗਈਆਂ :—

ਬੰਗਲਾ; ਉੜੀਆ; ਬਿਹਾਰੀ ਜਾਂ ਕਾਯਥੀ; ਦੇਵਨਾਗਰੀ;
ਸਾਰਦਾ; ਟਾਕਰੀ; ਗੁਰਮੁਖੀ; ਗੁਜਰਾਤੀ; ਮੋੜੀ; ਅਤੇ ਦੱਖਣ
ਵਿੱਚ ਕਾਨੜੀ; ਤਾਮਿਲ; ਤੇ ਤੈਲਗੂ ।

ਇਨ੍ਹਾਂ ਤੋਂ ਵਖ ਕਈ ਭਾਂਤ ਦੇ ਵਪਾਰੀਆਂ ਦੇ ਵਰਤਣ ਦੇ ਅੱਖਰ ਪੈਦਾ ਹੋ ਗਏ । ਇਹ ਸਭ ਫ਼ਰਕ ਸਮੇਂ ਦੇ ਲੰਘਣ ਨਾਲ ਸਹਿਜੇ ਸਹਿਜੇ ਪਏ ਹਨ; ਕਿਸੇ ਇਕ ਸ਼ਖ਼ਸ, ਜਾਂ ਦੋ ਚਾਰ ਨੇ ਰਲ ਕੇ, ਇਕ ਥਾਂ ਬੈਠ ਕੇ ਤੇ ਇਕ ਵੇਲੇ ਨਹੀਂ ਪਾਏ, ਸਿਵਾਏ ਦੱਖਣ ਦੀ ਇੱਕ ਲਿਪੀ ਦੇ, ਜਿਸ ਨੂੰ 'ਮੋੜੀ' ਆਖਦੇ ਹਨ ਅਤੇ ਜੋ ਮਹਾਂਰਾਸ਼ਟਰ ਵਿੱਚ ਸਰਕਾਰੀ ਦਫ਼ਤਰਾਂ ਜਾਂ ਚਿੱਠੀ ਚੁਪੱਠੀ ਵਿੱਚ ਵਰਤੀ ਜਾਂਦੀ ਹੈ । ਕਿਹਾ ਜਾਂਦਾ ਹੈ ਕਿ ਇਹ ਲਿਪੀ ਰਾਸ਼ਟਰ ਕੂਟ, ਰਾਜ ਦੇ ਮਹਾਂਮੰਤ੍ਰੀ, ਮਾਧਵਾਚਾਰਯ ਨੇ ਫ਼ਾਰਸੀ ਸ਼ਿਕਸਤੇ ਦੀ ਨਕਲ ਪੁਰ ਦੇਵਨਾਗਰੀ ਤੇ ਕਾਨੜੀ ਤੋਂ ਬਣਾਈ ਸੀ । ਪਰ ਇਸ ਦਾ ਦੋ ਲਿਪੀਆਂ ਵਿੱਚੋਂ ਨਿਕਲੇ ਹੋਣਾ ਅਤੇ ਟਾਕਰੇ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਹੋਰ ਗੁਰੂ ਸਾਹਿਬਾਨ ਦੇ 'ਹੁਕਮਨਾਮਿਆਂ' ਜਾਂ ਚਿੱਠੀਆਂ ਵਿੱਚ ਉਸੇ ਤਰ੍ਹਾਂ ਦੇ ਇਕ 'ਗੁਰਮੁਖੀ' ਲਿਪੀ ਦੇ ਸ਼ਿਕਸਤੇ ਦੀ ਮੌਜੂਦਗੀ ਦਸਦੀ ਹੈ ਕਿ 'ਮੋੜੀ' ਵੀ ਮਾਧਵਾਚਾਰਯ ਨੇ ਨਹੀਂ ਬਣਾਈ ਸੀ, ਸਗੋਂ

---

*ਚੀਨ ਵਿੱਚ ਬਾਂਸ ਦੀਆਂ ਚਪਟੀਆਂ ਨੂੰ ਸਾੜ ਕਰਕੇ ਹਰੇਕ ਖ਼ਿਆਲ ਦੀ ਮੂਰਤ, ਚਪਟੀ ਦੀ ਤੰਗੀ ਕਰਕੇ,ਇਕ ਦੂਜੀ ਦੇ ਹੇਠਾਂ ਬਣਾਂਦੇ ਸਨ । ਇਸ ਕਰ ਕੇ ਉਸ ਦੇਸ ਵਿੱਚ ਉਪਰੋਂ ਹੇਠਾਂ ਵਲ ਲਿਖਣ ਦਾ ਰਿਵਾਜ ਹੈ । ਚੀਨੀ ਨਾ ਖੱਬਿਓਂ ਸੱਜੇ ਨੂੰ ਅਤੇ ਨਾ ਸੱਜਿਓਂ ਖੱਬੇ ਨੂੰ ਲਿਖਦੇ ਹਨ । ਮਿਸਰੀ ਵੀ ਪਹਿਲੇ ਪਹਿਲ ਆਪਣੇ (Hieroglyph) ਉਪਰ ਹੇਠਾਂ ਕਾਲਮਾਂ ਵਿੱਚ ਬਣਾਂਦੇ ਸਨ ।

Sri Satguru Jagjit Singh Ji Elibrary NamdhariElibrary@gmail.com

ਉਹ ਵੀ ਸਹਿਜੇ ਸਹਿਜੇ ਇਕ ਲੋੜ ਨੂੰ ਪੂਰਾ ਕਰਨ ਲਈ ਬਣ ਗਈ ਸੀ। ਮਹਾਰਾਸ਼ਟਰ ਵਿੱਚ ਕਿਤਾਬਾਂ ਦੇ ਲਿਖਣ ਤੇ ਛਾਪਣ ਲਈ ਦੇਵਨਾਗਰੀ ਹੀ ਵਰਤੀ ਜਾਂਦੀ ਹੈ, ਜਿਸ ਨੂੰ 'ਬਾਲ-ਬੋਧ' ਸਦਦੇ ਹਨ। 'ਮੋੜੀ' ਦੇ ਬਣਨ ਵਿੱਚ ਪ੍ਰਯੋਜਨ, ਅੱਖਰਾਂ ਨੂੰ ਛੇਤੀ ਲਿਖੇ ਜਾਣ ਜੋਗੇ ਬਣਾਣ ਦਾ ਸੀ। ਇਹ ਮੰਤਵ ਕਲਮ ਨੂੰ ਚੁੱਕੇ ਬਿਨਾਂ ਅੱਖਰਾਂ ਨੂੰ ਮੋੜ ਮਾੜ ਕੇ ਇਕ ਦੂਜੇ ਨਾਲ ਜੋੜ ਕੇ ਪੂਰਾ ਕੀਤਾ ਗਿਆ। ਇਨ੍ਹਾਂ ਮੋੜਾਂ ਕਰ ਕੇ ਲਿਖਤ ਦਾ ਨਾਮ 'ਮੋੜੀ' ਹੋ ਗਿਆ। ਵਪਾਰੀਆਂ ਨੂੰ ਕਾਹਲੀ ਨਾਲ ਹੀ ਅੱਖਰਾਂ ਨੂੰ ਛੋਟੇ ਤੇ ਥੋੜੇ ਬਣਾਣ ਦੀ ਵੀ ਲੋੜ ਸੀ, ਜਾਂ ਆਖੋ ਓਹ ਇਕ ਤਰ੍ਹਾਂ ਦੀ ਸੰਖੇਪ ਲਿਖਤ (Shorthand) ਚਾਹੁੰਦੇ ਸਨ। ਇਸ ਮਤਲਬ ਲਈ ਓਹ ਦੋ ਢੰਗ ਵਰਤਦੇ ਹਨ। ਹਰੇਕ ਅੱਖਰ ਦੇ ਸਿਰ ਉੱਤੇ ਇਕ ਇਕ ਸਿੱਧੀ ਲੀਕ ਹੁੰਦੀ ਹੈ, ਜਿਸ ਨੂੰ 'ਮਾਤ੍ਰਾ' ਸਦਦੇ ਹਨ। ਵਪਾਰੀ ਇਸ ਨੂੰ ਛੱਡ ਕੇ ਕ੍ਰੀਬਨ ਇਕ ਤਿਹਾਈ ਸਮਾਂ ਬਚਾ ਲੈਂਦੇ ਹਨ, ਅਤੇ ਵਹੀਆਂ ਵਿੱਚ ਲਿਖਤ ਨੂੰ ਸਿੱਧੀਆਂ ਪਾਲਾਂ ਵਿਚ ਰੱਖਣ ਲਈ ਸਫ਼ੇ ਉੱਤੇ ਇੱਕੋ ਕਾਲਮ ਨਾਲ ਸਿੱਧੀ ਲੀਕ ਪਾ ਲੈਂਦੇ ਹਨ, ਅਤੇ ਫਿਰ ਉਸ ਦੇ ਹੇਠਾਂ ਅੱਖਰ ਲਟਕਾਂਦੇ ਚਲੇ ਜਾਂਦੇ ਹਨ। ਜਾਂ ਸਿੱਧੇ ਲਿਖਣ ਦਾ ਰਿਵਾਜ ਪੈ ਜਾਂਦਾ ਹੈ, ਅਤੇ ਲੀਕ ਖਿੱਚਣ ਦੀ ਭੀ ਲੋੜ ਨਹੀਂ ਰਹਿੰਦੀ। ਦੂਜਾ ਢੰਗ ਹੈ 'ਲਗਾਂ' ਦਾ ਛੱਡ ਦੇਣਾ, ਕਿਤੇ ਕਿਤੇ ਭਾਵੇਂ ਪਾ ਲੈਣ, ਕੰਨੇ ਦੀ ਥਾਂ ਬਿੰਦੀ, ਤੇ ਕਿਤੇ ਕਿਤੇ ਸਿਆਰੀ ਜਾਂ ਔਂਕੜ। ਲਗਾਂ ਦਾ ਸਰਫ਼ਾ ਹੋਰ ਵਕਤ ਬਚਾ ਦੇਂਦਾ ਹੈ। ਇਹ ਦੋਵੇਂ ਗੱਲਾਂ ਉਸ ਫ਼ਿਨਿਕੀ ਲਿਪੀ ਵਿੱਚ ਪਹਿਲੋਂ ਹੀ ਮੌਜੂਦ ਸਨ ਜਿਸ ਵਿੱਚੋਂ ਇਨ੍ਹਾਂ ਦੀ ਲਿਪੀ ਨਿਕਲੀ ਸੀ। ਉਸ ਵਿੱਚ ਸਿਰ ਦੀ ਲੀਕ ਤੇ ਸਵਰ ਚਿੰਨ੍ਹ ਜਾਂ ਲਗਾਂ ਨਹੀਂ ਸਨ ਹੁੰਦੀਆਂ। ਵਹੀ ਖਾਤੇ ਵਿੱਚ ਸਾਰੇ ਲੇਖ ਥੋੜੇ ਕੁ ਲਫ਼ਜ਼ਾਂ ਵਿੱਚ ਸਮਾ ਜਾਂਦੇ ਹਨ, ਅਤੇ ਘੜੀ ਮੁੜੀ ਓਹੋ ਥੋੜੇ ਲਫ਼ਜ਼ ਲਿਖਣੇ ਤੇ ਪੜ੍ਹਨੇ ਹੁੰਦੇ ਹਨ, ਇਸ ਲਈ ਉਨ੍ਹਾਂ ਦੇ ਪੜ੍ਹਨ ਵਿੱਚ ਕੋਈ ਡਾਢਾ ਔਖ ਨਹੀਂ ਹੁੰਦਾ। ਇਨ੍ਹਾਂ ਲਫ਼ਜ਼ਾਂ ਦੀ ਗਿਣਤੀ ਹਜ਼ਾਰ ਕੁ ਦੇ ਅੰਦਰ ਹੀ ਹੈ। ਸਿਰੇ ਦੀ ਮਾਤ੍ਰਾ ਤੇ ਲਗਾਂ ਦੇ ਨਾ ਹੋਣ ਕਰ ਕੇ ਇਨ੍ਹਾਂ ਅੱਖਰਾਂ ਨੂੰ ਲੰਡੇ ਜਾਂ ਲੂੰਡੇ ਭਾਵ ਦੁਮ-ਕਟੇ ਸਦਦੇ ਹਨ, ਅਤੇ ਵਪਾਰੀਆਂ ਦੀ ਵਰਤੋਂ ਦੇ ਹੋਣ ਕਰਕੇ ਮਹਾਜਨੀ ਜਾਂ ਸਰਾਫ਼ੀ ਆਦਿ ਨਾਂ ਵੀ ਦੇਂਦੇ ਹਨ। ਸਿਰੇ ਦੀ ਮਾਤ੍ਰਾ ਬ੍ਰਹਮੀ ਵਿੱਚ ਵੀ ਨਹੀਂ ਸੀ; ਲੇਖਾਂ ਦੀਆਂ ਪਾਲਾਂ ਸਿੱਧੀਆਂ ਰੱਖਣ ਲਈ ਪੱਥਰ ਉੱਤੇ ਨੁਕਤੇ ਨੁਕਤੇ ਪਾ ਕੇ ਪਾਲਾਂ ਬਣਾ ਲੈਂਦੇ ਸਨ। ਗੁਪਤ ਰਾਜਿਆਂ ਦੇ ਵਕਤ ਦੀ ਲਿਪੀ ਵਿੱਚ ਵੀ ਸਿਰੇ ਦੀ ਮਾਤ੍ਰਾ ਹਾਲੀ ਠੀਕ ਨਹੀਂ ਸੀ ਬਣੀ। ਬਿਹਾਰੀ ਵਿੱਚ ਹਾਲੀ ਵੀ ਨਹੀਂ, ਅਤੇ ਗੁਜਰਾਤੀ ਵਿੱਚ ਵੀ ਨਾਮ ਮਾਤਰ ਹੀ ਹੈ।

ਇਹ ਗੱਲ ਕਹਿਣ ਦੀ ਲੋੜ ਨਹੀਂ ਕਿ ਦੋ ਲਿਪੀਆਂ ਇਕ ਦੂਜੀ ਤੋਂ ਕਾਲ ਜਾਂ ਦੇਸ ਦੀ ਜਿਤਨੀ ਵਿੱਥ ਤੇ ਹੋਣਗੀਆਂ, ਉਤਨਾ ਹੀ ਉਨ੍ਹਾਂ ਵਿੱਚ ਫ਼ਰਕ ਵਧੀਕ ਹੋਵੇਗਾ। ਇਕ ਪ੍ਰਾਂਤ ਦੀ ਲਿਪੀ ਵਿੱਚ ਵੀ, ਜਿਉਂ ਜਿਉਂ ਸਮਾਂ ਲੰਘਦਾ ਜਾਏਗਾ, ਆਪਣੀ ਪੁਰਾਣੀ ਸੂਰਤ ਨਾਲੋਂ ਫ਼ਰਕ ਵਧੀਕ ਹੁੰਦਾ ਜਾਏਗਾ। ਜੋ ਲਿਪੀਆਂ ਨਾਲ ਲਗਦੇ ਪ੍ਰਾਂਤਾਂ ਵਿੱਚ ਵਰਤੀਆਂ ਜਾਂਦੀਆਂ ਹੋਣਗੀਆਂ, ਓਹ ਆਪੋ ਵਿੱਚ ਵਧੀਕ ਮਿਲਦੀਆਂ ਹੋਣਗੀਆਂ, ਠੀਕ ਜਿਵੇਂ ਕਿ ਬੋਲੀਆਂ ਮਿਲਦੀਆਂ ਹਨ, ਜਾਂ ਲੋਕਾਂ ਦੀ ਸੂਰਤ, ਸ਼ਕਲ, ਪੋਸ਼ਾਕ, ਰਿਹਾਇਸ਼ ਦੇ ਤਰੀਕੇ ਆਦਿ ਮਿਲਦੇ ਹੁੰਦੇ ਹਨ। ਇਹ ਸਾਰੀਆਂ ਹੀ ਗੱਲਾਂ ਗੁਰਮੁਖੀ ਲਿਪੀ ਤੇ ਘਟਦੀਆਂ ਹਨ।

Sri Satguru Jagjit Singh Ji Elibrary NamdhariElibrary@gmail.com

# ੯

# ਗੁਰਮੁਖੀ ਲਿਪੀ

ਹੋਰਨਾਂ ਲਿਪੀਆਂ ਵਾਂਗ ਗੁਰਮੁਖੀ ਵੀ ਸਹਿਜੇ ਸਹਿਜੇ ਬ੍ਰਹਮੀ ਵਿੱਚੋਂ ਹੀ ਬਣੀ ਹੈ । ਕਿਸੇ ਸ਼ਖ਼ਸ ਨੇ ਜਾਂ ਸ਼ਖ਼ਸਾਂ ਨੇ ਮਿਲ ਕੇ ਇਕ ਵੇਲੇ ਇਕ ਥਾਂ ਬਹਿ ਕੇ ਨਹੀਂ ਬਣਾਈ ਸੀ । ਪੰਜਾਬ ਦੀਆਂ ਹੋਰ ਲਿਪੀਆਂ ਸਾਰਦਾ, ਟਾਕਰੀ ਤੇ ਸਰਾਫ਼ੀ ਨਾਲ, ਵਿਸ਼ੇਸ਼ ਕਰ ਕੇ ਟਾਕਰੀ ਨਾਲ, ਇਹ ਦੇਵਨਾਗਰੀ ਨਾਲੋਂ ਵਧੀਕ ਡੂੰਘੀ ਸਾਂਝ ਰਖਦੀ ਹੈ । 'ਸਾਰਦਾ' ਕਸ਼ਮੀਰ ਵਿੱਚ ਵਰਤੀਂਦੀ ਹੈ ਅਤੇ ਟਾਕਰੀ ਜਿਵੇਂ ਕਿ ਇਸ ਦੇਸ ਦੇ ਸਿਲਾ-ਲੇਖਾਂ ਤੋਂ ਪਤਾ ਲਗਦਾ ਹੈ, ਉਸ ਸਾਰੇ ਪਹਾੜੀ ਦੇਸ ਵਿੱਚ ਵਰਤੀ ਜਾਂਦੀ ਹੈ ਜੋ ਜੰਮੂ ਤੋਂ ਲੈ ਕੇ ਕਾਲਕਾ ਦੇ ਪਾਸ ਪਿੰਜੌਰ ਤਕ ਫੈਲਿਆ ਹੋਇਆ ਹੈ । ਆਰੀਆਂ ਦੇ ਆਉਣ ਤੋਂ ਪਹਿਲਾਂ ਪੰਜਾਬ ਵਿੱਚ ਤਕਸ਼ ਜਾਂ ਨਾਗ ਕੌਮ ਦੇ ਲੋਕ ਆਬਾਦ ਸਨ। ਕਸ਼ਮੀਰ* ਵਿੱਚ 'ਕਰਕੋਟਕ' ਨਾਂ ਦੇ ਰਾਜ-ਘਰਾਣੇ ਨੇ ਤਿੰਨ ਸੌ ਵਰ੍ਹੇ ਤੋਂ ਉੱਪਰ ਰਾਜ ਕੀਤਾ ਹੈ। ਇਹ ਨਾਗ ਕੌਮ ਦੇ ਸਨ ਅਤੇ ਇਨ੍ਹਾਂ ਨੂੰ ਹੋਇਆਂ ਥੋੜੀਆਂ ਸਦੀਆਂ ਹੀ ਬੀਤੀਆਂ ਹਨ—ਮਸਾਂ ਹਜ਼ਾਰ ਕੁ ਵਰ੍ਹਾ । ਪੰਜਾਬ ਦੇ ਪਹਾੜੀ ਇਲਾਕੇ ਵਿੱਚ, ਟੱਬਾਂ ਦੇ ਨੇੜੇ ਤੇੜੇ ਦੇ ਦੇਸ ਵਿੱਚ ਅਤੇ ਮੈਨ-ਦੁਆਬ ਵਿੱਚ 'ਨਾਗ' ਕਹਿਲਾਣ ਵਾਲੇ ਲੱਖਾਂ ਲੋਕ ਇਸ ਗੱਲ ਦਾ ਸਬੂਤ ਹਨ । ਪ੍ਰਾਕ੍ਰਿਤ ਵਿੱਚ 'ਤਕਸ਼' ਤੋਂ ਘਟ ਕੇ ਨਾਮ 'ਤੱਕਾ' ਤੇ 'ਟੱਕਾ' ਬਣੇ ਹਨ । ਆਰੀਆਂ ਦੇ ਆਉਣ ਤੇ ਇਹ ਲੋਕ ਮੈਦਾਨਾਂ ਵਿੱਚੋਂ ਕੱਢੇ ਗਏ ਅਤੇ ਦਲਦਲਾਂ ਤੇ ਪਹਾੜਾਂ ਵੱਲ ਧੱਕੇ ਗਏ । ਉਥੇ ਇਨ੍ਹਾਂ ਦੀ ਸਮਾਜਕ ਹਾਲਤ ਦਿਨੋ ਦਿਨ ਨਿਘਰਦੀ ਗਈ, ਅਤੇ ਕਈ ਥਾਵਾਂ ਵਿੱਚ ਸੂਦਰ ਹੋਰ ਅਛੂਤ ਤਕ ਬਣ ਗਏ । ਪਰ ਆਪਣੇ ਵੇਲੇ ਇਹੋ ਲੋਕ ਦੇਸ ਦੇ ਰਾਜੇ†,

---

*ਉੱਤਰੀ ਪੰਜਾਬ ਅਤੇ ਹੋਰ ਪਹਾੜੀ ਦੇਸਾਂ ਵਿੱਚ ਵੀ ਇਨ੍ਹਾਂ ਦਾ ਰਾਜ ਸੀ । ਪਰ ਸਾਨੂੰ ਉਨ੍ਹਾਂ ਨਾਲ ਵਾਸਤਾ ਨਹੀਂ ।

†ਛੀਂਬੇ, ਦਰਜ਼ੀ, ਜੁਲਾਹੇ, ਸੁਨਿਆਰੇ ਆਦਿ ਇਨ੍ਹਾਂ 'ਟੱਕਾ' ਲੋਕਾਂ ਦੇ ਵੰਸ਼ਾਂ ਜਾਂ Clans ਗੋਤਾਂ ਵਿੱਚੋਂ ਹਨ । 'ਟੱਕਾ' ਲਫ਼ਜ਼ ਨੂੰ ਨਾ ਸਮਝਦੇ ਹੋਏ ਹੁਣ ਇਹ ਲੋਕ ਆਪਣੇ ਆਪ ਨੂੰ 'ਟਾਂਕ-ਛਤ੍ਰੀ' ਲਿਖਦੇ ਹਨ । ਅਤੇ ਜਦ ਪੁਛੋ 'ਟਾਂਕ' ਕੀ ? ਤਦ ਉੱਤ੍ਰ ਦੇਂਦੇ ਹਨ ਟਾਂਕੇ ਲਾਉਣ ਵਾਲੇ । ਇਨ੍ਹਾਂ ਦਾ ਵਪਾਰ ਪਧਰੂ ਦੇਸ ਨਾਲ ਆਰੀਆਂ ਦੇ ਆਉਣ ਤੋਂ ਪਹਿਲੇ ਦਾ ਸੀ । ਜਿਹਲਮ ਦਰਿਆ ਤੋਂ ਉੱਤਰ ਦੇ ਇਲਾਕੇ ਦਾ ਨਾਂ 'ਟੱਕਾ ਦੇਸ' ਨੇੜੇ ਦੇ ਸਮੇਂ ਤਕ ਚਲਾ ਆਇਆ ਹੈ ।



Sri Satguru Jagjit Singh Ji Elibrary NamdhariElibrary@gmail.com

ਛਤਰੀ ਤੇ ਵਪਾਰੀ ਸਨ । ਉੱਤਰੀ ਹਿੰਦ ਦੇ ਇਹੋ ਵਪਾਰੀ ਦੱਖਣ ਦੇ ਦਰਾਵੜੀ ਵਪਾਰੀਆਂ ਵਾਂਗ ਪੱਛਮ ਵਿੱਚ ਤੱਕ ਬਬਰੂ ਦੇਸ ਤਕ ਜਾਂਦੇ ਸਨ, ਅਤੇ ਇਹੋ ਲੋਕ ਫ਼ਿਨਿਕੀ ਅੱਖਰ ਉੱਥੋਂ ਲਿਆਏ ਸਨ । ਜਿਨ੍ਹਾਂ ਅੱਖਰਾਂ ਦਾ ਰਿਵਾਜ ਇਨ੍ਹਾਂ 'ਟੱਕਾ' ਲੋਕਾਂ ਵਿੱਚ ਰਿਹਾ, ਓਹੋ 'ਟਾਕਰੀ' ਅੱਖਰ ਹਨ । ਵਪਾਰੀ ਅੱਖਰਾਂ ਨੂੰ 'ਟਾਕਰੇ' ਕਹਿਣ ਦਾ ਸਬੱਬ ਵੀ ਇਹੋ ਹੀ ਹੈ ।

ਇਹੋ ਇਕ ਸਬੱਬ ਹੈ ਕਿ ਪੰਜਾਬ ਦੀਆਂ ਲਿਪੀਆਂ ਅਸਲ ਦੇ ਵਧੀਕ ਨੇੜੇ ਰਹੀਆਂ ਹਨ । ਸਾਹ ਵੋ ਦਿੱਤੇ ਗਏ ਇਕ ਪਲੇਟ ਨੰ: XIV ਵਿੱਚ ਅੰਗਰੇਜ਼ੀ ਦੇ ਪੰਜ ਅੱਖਰਾਂ ਨੂੰ ਅੱਡ ਅੱਡ ਢੰਗ ਤੇ ਲਿਖਿਆ ਗਿਆ ਹੈ । ਜਿਤਨਾ ਕੁ ਫ਼ਰਕ ਇਨ੍ਹਾਂ ਪੰਜ ਅੱਖਰਾਂ ਦੇ ਲਿਖਣ ਵਿੱਚ ਹੈ, ਉਤਨਾ ਕੁ ਹੀ ਫ਼ਰਕ ਹਿੰਦ ਦੀਆਂ ਵਰਤਮਾਨ ਲਿਪੀਆਂ ਵਿੱਚ, ਓਪਰੀ ਨਜ਼ਰੇ, ਦਿਸਦਾ ਹੈ ।

# ੧੦
# ਅਲ-ਬੇਰੂਨੀ ਦੇ ਵੇਲੇ ਪਰਚੱਲਤ ਲਿਪੀਆਂ

ਅਬੂਰੈਹਾਨ ਅਲ-ਬੇਰੂਨੀ ਨਾਂ ਦਾ ਇਕ ਮੁਸਲਮਾਨ ਵਿਦਵਾਨ, ਖ਼ੁਰਾਸਾਨ ਦਾ ਰਹਿਣ ਵਾਲਾ ਸੀ। ਇਸ ਨੂੰ ਮਹਿਮੂਦ ਗ਼ਜ਼ਨਵੀ ਨੇ ਅਫ਼ਗਾਨਿਸਤਾਨ ਤੋਂ ਦੇਸ-ਨਿਕਾਲਾ ਦੇ ਕੇ ਲਾਹੌਰ ਵਿੱਚ ਨਜ਼ਰਬੰਦ ਕੀਤਾ ਹੋਇਆ ਸੀ। ਮਹਿਮੂਦ ਦੇ ਮਰਨ ਪਿੱਛੋਂ ਉਸ ਦਾ ਪੁੱਤਰ, ਸੁਲਤਾਨ ਮਸਊਦ, ਇਹਦੇ ਉੱਤੇ ਕ੍ਰਿਪਾ ਦ੍ਰਿਸ਼ਟੀ ਰਖਦਾ ਸੀ। ਉਸ ਨੇ ਇਸ ਦਾ ਖੁੱਲ੍ਹਾ ਗੁਜ਼ਾਰਾ ਵੀ ਲਾ ਦਿੱਤਾ ਹੋਇਆ ਸੀ। ਇਹ ਵਿਦਵਾਨ ਤ੍ਰੀਹ ਵਰ੍ਹੇ ਹਿੰਦੁਸਤਾਨ ਵਿਚ ਰਿਹਾ। ਇਸ ਨੇ ਸੰਸਕ੍ਰਿਤ ਪੜ੍ਹ ਕੇ ਸਾਂਖਯ ਤੇ ਪਾਤੰਜਲਿ ਸੂਤ੍ਰਾਂ ਦਾ ਅਰਬੀ ਵਿੱਚ ਉਲਥਾ ਕੀਤਾ ਅਤੇ ਪਿੱਛੋਂ ਹਿੰਦ ਦੇ ਹਾਲਾਤ ਸੰਬੰਧੀ ਇਕ ਕਿਤਾਬ ਅਰਬੀ ਬੋਲੀ ਵਿੱਚ ਲਿਖੀ, ਜਿਸ ਵਿੱਚ ਹਿੰਦ ਦੀ ਫ਼ਿਲਾਸਫ਼ੀ, ਜੋਤਿਸ਼ ਵਿੱਦਿਆ (Astronomy), ਤੇ ਇਥੋਂ ਦੀ ਹੋਰ ਵਿੱਦਿਆ ਤੇ ਲੋਕਾਂ ਦੇ ਹਾਲਾਤ ਪੁਰ ਵਿਚਾਰ ਕੀਤੀ। ਅਲ-ਬੇਰੂਨੀ ਆਪਣੀ ਬਹੁੱਮ-ਪੁਚਾਈ ਵਾਕਫ਼ੀ ਅਨੁਸਾਰ ਆਪਣੇ ਸਮੇਂ ਭਾਰਤਵਰਸ਼ ਵਿੱਚ ਪਰਚੱਲਤ ਲਿਪੀਆਂ ਦਾ ਜ਼ਿਕਰ ਇਉਂ ਕਰਦਾ ਹੈ :—

"ਹਿੰਦੂ ਲੋਕ ਚਮੜੇ ਉੱਤੇ ਨਹੀਂ ਲਿਖਦੇ, ਜਿਵੇਂ ਯੂਨਾਨੀ ਮੁਸਲਮਾਨ ਤੇ ਯਹੂਦੀ ਵਗ਼ੈਰਾ ਕਰਦੇ ਆਏ ਹਨ। ਪੈਪਾਇਰਸ (Papyrus) ਪੌਦੇ ਦੀ ਛਿੱਲ ਪੁਰ ਵੀ ਲੋਕੀ ਲਿਖਦੇ ਹਨ, ਅਤੇ ਇਸ ਵਿੱਚ ਇਹ ਗੁਣ ਹੈ ਕਿ ਲਿਖਿਆ ਹੋਇਆ ਬਦਲਿਆ ਨਹੀਂ ਜਾ ਸਕਦਾ। ਕਾਗ਼ਜ਼ ਪਹਿਲੇ ਪਹਿਲ ਚੀਨ* ਵਿੱਚ ਬਣਿਆ। ਚੀਨੀ ਕੈਦੀਆਂ ਨੇ ਇਹ ਹੁਨਰ ਸਮਰਕੰਦ ਵਿਚ ਲਿਆਂਦਾ ਅਤੇ ਉਸ ਤੋਂ ਪਿਛੋਂ ਹੋਰ ਥਾਂਵਾਂ ਵਿੱਚ ਫੈਲਿਆ।"

"ਹਿੰਦੀਆਂ ਦੇ ਦੇਸ ਵਿੱਚ ਦੱਖਣ ਵੱਲ ਇਕ ਬੂਟਾ 'ਤਾੜ' ਨਾਂ ਦਾ ਹੁੰਦਾ ਹੈ, ਉਸ ਦੇ ਪੱਤਰਾਂ ਉੱਤੇ ਲਿਖਦੇ ਹਨ। ਬਹੁਤ ਸਾਰੇ ਪੱਤਰਾਂ ਉੱਪਰ ਲੰਮੇ ਰੁਖ ਲਿਖ ਕੇ ਅਧ-ਵਿਚਕਾਰ ਠੇਕ ਕਰ ਕੇ, ਡੋਰੀ ਨਾਲ ਸਭ ਪੱਤਰੇ ਪਰੋ ਲੈਂਦੇ ਹਨ ਅਤੇ ਇਸ ਤਰ੍ਹਾਂ ਗ੍ਰੰਥ (ਗੰਢ) ਬਣਾ ਲੈਂਦੇ ਹਨ। ਉੱਤ੍ਰੀ ਹਿੰਦ ਵਿੱਚ, ਮੱਧ-ਦੇਸ ਵਿੱਚ, ਤੂਜ਼ ਦਰਖ਼ਤ ਦੀ ਛਿੱਲ ਜਿਸ ਨੂੰ ਭੋਜ-ਪੱਤਰ ਆਖਦੇ ਹਨ, ਵਰਤਦੇ ਹਨ। ਇਸ ਨੂੰ ਤੇਲ ਵਿੱਚ ਤਰ ਕਰ ਕੇ ਘੋਟਾ ਕਰ ਲੈਂਦੇ ਹਨ, ਜਿਸ ਨਾਲ ਪੱਤਰ ਸਖ਼ਤ ਤੇ ਸਾਫ਼

---

*ਦੇਖੋ ਖਿਲ ੨। ਹਿੰਦ ਵਿੱਚ ਇਹ ਹੁਨਰ ਮੁਸਲਮਾਨਾਂ ਨੇ ਲਿਆਂਦਾ ਅਤੇ ਪਹਿਲਾਂ ਪਹਿਲ ਕਸ਼ਮੀਰ, ਸਿਆਲਕੋਟ ਤੇ ਸੀਰੀ (ਰਿਆਸਤ ਬਹਾਵਲਪੁਰ) ਵਿੱਚ ਕਾਗ਼ਜ਼ ਬਣਨ ਲੱਗਾ। ਐਕ ਨਾਲੇ ਦਾ ਪਾਣੀ ਏਸ ਮਤਲਬ ਲਈ ਗੁਣਕਾਰੀ ਸੀ।



Sri Satguru Jagjit Singh Ji Elibrary NamdhariElibrary@gmail.com

ਹੋ ਜਾਂਦਾ ਹੈ। ਪੱਤਰਿਆਂ ਉੱਪਰ ਗਿਣਤੀ ਦੇ ਅੰਕ ਹੁੰਦੇ ਹਨ। ਪੱਤਰੇ ਗਜ਼ ਕੁ ਲੰਮੇ ਅਤੇ ਗਿੱਠ ਕੁ ਚੌੜੇ ਹੁੰਦੇ ਹਨ। ਸਾਰਿਆਂ ਨੂੰ ਇਕੱਠੇ ਕਰ ਕੇ ਕਪੜੇ ਵਿੱਚ ਲਪੇਟ ਕੇ ਦੋ ਪਟੀਆਂ ਵਿੱਚ ਰਖ ਕੇ ਡੋਰੀ ਨਾਲ ਬੰਨ੍ਹ ਦੇਂਦੇ ਹਨ। ਇਹ ਪੋਥੀ ਅਖਵਾਂਦੀ ਹੈ। ਚਿੱਠੀ ਪੱਤਰ ਵੀ ਇਸੇ ਭੋਜ-ਪੱਤਰ ਉੱਤੇ ਹੀ ਲਿਖਦੇ ਹਨ।"

"ਰਵਾਇਤ ਹੈ ਕਿ ਹਿੰਦੂਆਂ ਦੀ ਵਰਣਮਾਲਾ ਪਹਿਲੇ ਲੋਪ ਹੋ ਗਈ ਸੀ, ਅਤੇ ਭੁੱਲ ਚੁਕੀ ਸੀ। ਕਿਸੇ ਨੂੰ ਇਸ ਦੀ ਪਰਵਾਹ ਨਹੀਂ ਸੀ। ਪਿੱਛੋਂ ਵਿਆਸ ਪਾਰਾਸ਼ਰ ਨੇ ਪੰਜਾਹ ਅੱਖਰਾਂ ਦੀ ਵਰਣਮਾਲਾ ਫਿਰ ਲੱਭੀ।"

"ਕਈ ਲੋਕ ਆਖਦੇ ਹਨ ਕਿ ਉਨ੍ਹਾਂ ਦੇ ਅੱਖਰਾਂ ਦੀ ਗਿਣਤੀ ਪਹਿਲੇ ਥੋੜੀ ਹੁੰਦੀ ਸੀ, ਪਰ ਹੌਲੀ ਹੌਲੀ ਵਧਦੀ ਗਈ। ਇਹ ਸੰਭਵ ਹੈ, ਸਗੋਂ ਮੈਂ ਅਜਿਹਾ ਹੋਣਾ ਜ਼ਰੂਰੀ ਸਮਝਦਾ ਹਾਂ। ਯੂਨਾਨੀ ਵਰਣਮਾਲਾ ਵੀ ਪਹਿਲੇ ੧੬ ਅੱਖਰਾਂ ਦੀ ਬਣੀ ਹੋਈ ਸੀ। ਫਿਰ ਵੀਹ ਦੀ ਅਤੇ ਹੋਰ ਪਿੱਛੋਂ ਸੁਕਰਾਤ ਦੇ ਵੇਲੇ ੨੪ ਅੱਖਰਾਂ ਦੀ ਬਣੀ।'

"ਹਿੰਦੂਆਂ ਦੀ ਵਰਣਮਾਲਾ ਦੇ ਅੱਖਰ ਬਹੁਤ ਹੋਣ ਦੇ ਦੋ ਸਬੱਬ ਹਨ। ਇਕ ਤਾਂ ਓਹ ਹਰ ਇਕ ਅੱਖਰ ਲਈ,ਜਿਸ ਦੇ ਪਿੱਛੇ ਲਗ ਆਉਂਦੀ ਹੈ,(Syllable) ਵੱਖਰਾ ਚਿੰਨ੍ਹ ਮੁਕੱਰਰ ਕਰਦੇ ਹਨ। ਦੂਜੇ ਹਿੰਦ ਦੀ ਬੋਲੀ ਵਿੱਚ ਵਯੰਜਨ ਅੱਖਰ ਇਤਨੇ ਹਨ ਜਿਤਨੇ ਹੋਰ ਕਿਸੇ ਬੋਲੀ ਵਿੱਚ ਨਹੀਂ,ਅਤੇ ਜਿਨ੍ਹਾਂ ਨੂੰ ਅਸੀਂ ਬੁਲਾ ਵੀ ਨਹੀਂ ਸਕਦੇ ਅਤੇ ਨਾ ਦੂਜੀਆਂ ਅਵਾਜ਼ਾਂ ਨਾਲੋਂ ਫ਼ਰਕ ਕਰ ਸਕਦੇ ਹਾਂ।"

"ਹਿੰਦੂ ਯੂਨਾਨੀਆਂ ਵਾਂਗ ਖੱਬਿਓਂ ਸੱਜੇ ਨੂੰ ਲਿਖਦੇ ਹਨ, ਅਤੇ ਲੀਕ ਦੇ ਹੇਠਾਂ ਲਿਖਦੇ ਹਨ। ਹਰ ਅੱਖਰ ਦੇ ਸਿਰ ਉੱਤੇ ਲੀਕ ਹੁੰਦੀ ਹੈ, ਜਿਸ ਨਾਲ ਅੱਖਰ ਹੇਠ ਵਲ ਲਟਕਾਇਆ ਦਿਸਦਾ ਹੈ। ਲਕੀਰ ਤੋਂ ਉੱਪਰ ਖ਼ਾਲੀ ਲਗਾਂ ਹੁੰਦੀਆਂ ਹਨ।"

"ਸਭ ਨਾਲੋਂ ਵਧੀਕ ਪਰਚੱਲਤ ਲਿਪੀ 'ਸਿਧ ਮਾਤ੍ਰਿਕਾ' ਹੈ, ਜਿਸ ਨੂੰ ਕਈ ਕਸ਼ਮੀਰ° ਵਿੱਚੋਂ ਨਿਕਲਿਆ ਦਸਦੇ ਹਨ, ਕਿਉਂ ਜੋ ਕਸ਼ਮੀਰ ਦੇ ਲੋਕ ਇਸ ਨੂੰ ਵਰਤਦੇ ਹਨ। ਪਰ ਇਹ ਵਾਰਾਨਸੀ (ਬਨਾਰਸ) ਵਿੱਚ ਵੀ ਵਰਤੀਂਦੀ ਹੈ। ਇਹ ਸ਼ਹਿਰ (ਬਨਾਰਸ) ਅਤੇ ਕਸ਼ਮੀਰ ਹਿੰਦੂਆਂ ਦੇ ਮਹਾਂ-ਵਿਦਿਆਲੇ ਹਨ। ਮੱਧ-ਦੇਸ਼ ਜਾਂ ਕਨੌਜ ਦੇ ਦੁਆਲੇ ਦੇ ਦੇਸ਼ ਵਿਚ ਵੀ ਇਹੋ ਅੱਖਰ ਵਰਤੇ ਜਾਂਦੇ ਹਨ।"

"ਮਾਲਵੇ (ਉਜੈਨ) ਵਿੱਚ ਹੋਰ ਲਿਪੀ ਹੈ, ਜਿਸ ਨੂੰ 'ਨਾਗਰ' ਆਖਦੇ ਹਨ, ਜਿਸ ਦਾ ਉੱਪਰ ਦੱਸੀ 'ਸਿੱਧ ਮਾਤ੍ਰਿਕਾ' ਨਾਲੋਂ ਅੱਖਰਾਂ ਦੀਆਂ ਸ਼ਕਲਾਂ ਦਾ ਫ਼ਰਕ ਹੈ। ਫਿਰ ਇਕ ਅਰਧ-ਨਾਗਰੀ ਲਿਪੀ ਹੈ ਜੋ ਉਪਰਲੀਆਂ ਦੋਹਾਂ ਦੇ ਮੇਲ ਤੋਂ ਬਣੀ ਹੈ। ਇਹ ਭਾਟੀ ਦੇਸ਼ ਅਤੇ ਸਿੰਧ ਦੇ ਕੁਝ ਹਿੱਸਿਆਂ ਵਿਚ ਵਰਤੀ ਜਾਂਦੀ ਹੈ।"

ਹੋਰ ਵਰਣਮਾਲਾਂ ਇਹ ਹਨ :—

---

°ਅਲ-ਬੇਰੂਨੀ ਨੇ ਕਸ਼ਮੀਰ ਵਿਚ 'ਸਾਰਦਾ' ਦਾ ਨਾ ਨਹੀਂ ਲਿਆ, 'ਟਾਕਰੀ' ਗਿਣੀ ਹੀ ਨਹੀਂ। 'ਗੁਰਮੁਖੀ' ਨਾਂ ਤਾਂ ਉਸ ਵੇਲੇ ਮੌਜੂਦ ਹੀ ਨਹੀਂ ਸੀ। ਪਰ ਇਸ ਨੂੰ 'ਅਰਧ-ਨਾਗਰੀ' ਹੇਠਾਂ ਸ਼ਾਮਲ ਕਰ ਲਿਆ।

Sri Satguru Jagjit Singh Ji Elibrary NamdhariElibrary@gmail.com

**'ਮਲਵਾਰੀ'**, ਜੋ ਮਲਵਾਸੋ ਵਾਕਿਆ ਦੱਖਣੀ ਸਿੰਧ ਸਮੁੰਦਰ ਦੇ ਕੰਢੇ ਵਰਤੀਂਦੀ ਹੈ।
**'ਸੈਂਧਵ'**, ਜੋ ਬਹਮਣਵਾ (ਬ੍ਰਹਮਣਾਬਾਦ) ਜਾਂ 'ਅਲ-ਮਨਸੂਰ' ਵਿੱਚ ਵਰਤਦੇ ਹਨ*।
**'ਕਰਣਾਟ'**, ਜੋ ਕਰਣਾਟ ਜਾਂ ਕਾਨੜੀ ਸਿਪਾਹੀਆਂ ਦੇ ਦੇਸ ਵਿੱਚ ਵਰਤਦੇ ਹਨ।
**'ਆਂਧਰੀ'**, ਇਹ ਆਂਧਰ ਦੇਸ ਵਿੱਚ ਵਰਤਦੇ ਹਨ।
**'ਦਿਰਵਾੜੀ'** (ਦ੍ਰਾਵਿੜੀ), ਦਰਾਵਿੜ ਦੇਸ਼ ਦੀ ਲਿਪੀ।
**'ਲਾਰੀ'**, ਜੋ ਲਾਰ ਦੇਸ (ਲਾਣ ਦੇਸ) ਵਿੱਚ ਵਰਤਦੇ ਹਨ।
**'ਗੌੜੀ'**, ਜੋ ਗੌੜ ਜਾਂ ਪੂਰਬ ਦੇਸ ਵਿੱਚ ਪ੍ਰਚਲਤ ਹੈ।
**'ਭੈਕਸ਼ੁਕੀ'**, ਜੋ ਪੂਰਬ ਦੇਸ ਦੇ ਉਡਨਪਰ ਵਿੱਚ ਵਰਤੀਂਦੀ ਹੈ।
ਬੁਧ ਮਹਾਤਮਾ ਦੀ ਲਿਪੀ ਹੈ।

"ਹਿੰਦੁਸਤਾਨ ਦੇ ਅੱਡ ਅੱਡ ਪ੍ਰਾਂਤਾਂ ਵਿੱਚ ਜਿਵੇਂ ਅੱਖਰਾਂ ਦੀ ਸ਼ਕਲ ਅੱਡ ਅੱਡ ਹੈ ਤਿਵੇਂ ਹੀ ਅੰਕਾਂ ਜਾਂ ਹਿੰਦਸਿਆਂ ਵਿੱਚ ਵੀ ਫ਼ਰਕ ਹੈ।"

ਇਕ ਸਿਆਣੇ ਆਦਮੀ ਦਾ ਇਹ ਲੇਖ ਸਾਥੋਂ ਹਜ਼ਾਰ ਵਰ੍ਹਾ ਪਹਿਲੇ ਦਾ ਲਿਖਿਆ ਹੋਇਆ ਹੈ, ਇਸ ਕਰ ਕੇ ਧਿਆਨ ਨਾਲ ਪੜ੍ਹਨਜੋਗ ਹੈ। ਉਸ ਨੇ ਯਾਰ੍ਹਾਂ ਲਿਪੀਆਂ ਦੇ ਨਾਂ ਲਏ ਹਨ, ਜਿਨ੍ਹਾਂ ਵਿੱਚੋਂ ਤਿੰਨ ਦੱਖਣ ਦੇਸ ਦੀਆਂ ਹਨ ਅਤੇ ਅੱਠ ਉੱਤਰੀ ਹਿੰਦ ਦੀਆਂ। ਜੋ ਨਾਂ ਅਜ ਕਲ੍ਹ ਦੀਆਂ ਪ੍ਰਚਲਤ ਲਿਪੀਆਂ ਨੂੰ ਅਸਾਂ ਦਿੱਤੇ ਹੋਏ ਹਨ, ਉਨ੍ਹਾਂ ਵਿੱਚੋਂ ਸਿਵਾਏ ਇਕ ਦੋ ਦੇ, ਉਸ ਨੇ ਕੋਈ ਭੀ ਨਹੀਂ ਲਿਖਿਆ। 'ਨਾਗਰ' ਨਾਂ ਪ੍ਰਤੱਖ ਤੌਰ ਤੇ ਓਹੀ ਹੈ ਜੋ ਅੱਜ ਕਲ 'ਨਾਗਰੀ' ਜਾਂ 'ਦੇਵ-ਨਾਗਰੀ' ਬਣ ਗਿਆ ਹੈ। ਪਰ ਜਿਸ ਲਿਪੀ ਨੂੰ ਬੇਰੂਨੀ ਨੇ 'ਨਾਗਰ' ਨਾਂ ਦਿੱਤਾ ਹੈ, ਓਹ ਓਹੋ ਨਹੀਂ ਸੀ ਜਿਸ ਨੂੰ ਅਸੀਂ 'ਨਾਗਰੀ' ਆਖਦੇ ਹਾਂ। ਪੁਰਾਣੀ 'ਨਾਗਰ' ਲਿਪੀ ਤੇ ਹੁਣ ਵਾਲੀ 'ਨਾਗਰੀ' ਵਿੱਚ ਬਹੁਤ ਫ਼ਰਕ ਹੈ। ਯਾਰ੍ਹਵੀਂ ਸਦੀ ਈਸਵੀ ਦੇ ਮੁੱਢ ਵਿੱਚ ਅਰਥਾਤ ਬੇਰੂਨੀ ਦੇ ਸਮੇਂ ਦੇ ਲਿਖੇ ਸਿਲਾ-ਲੇਖ, ਜੋ ਮਾਲਵੇ ਦੇਸ ਜਾਂ ਉਜੈਨ ਦੇਸ ਤੋਂ ਮਿਲੇ ਹਨ, ਉਨ੍ਹਾਂ ਦੇ ਦਸ ਅੱਖਰ :—

ੲ, ਘ, ਧ, ਣ, ਤ, ਪ, ਬ, ਮ, ਤੇ ਖ

ਅਜ ਕਲ ਦੀ ਦੇਵਨਾਗਰੀ ਦੇ ਅੱਖਰਾਂ ਨਾਲ ਨਹੀਂ ਮਿਲਦੇ, ਸਗੋਂ 'ਗੁਰਮੁਖੀ' ਲਿਪੀ ਦੇ ਉਨ੍ਹਾਂ ਹੀ ਅੱਖਰਾਂ ਨਾਲ ਹਦੀਕ ਮਿਲਦੇ ਹਨ।

'ਸਿਧ ਮਾਤ੍ਰਿਕਾ' ਓਹੀ ਲਿਪੀ ਹੈ ਜਿਸ ਨੂੰ ਅਸੀਂ ਅਜ ਕਲ 'ਸਾਰਦਾ' ਜਾਂ ਕਸ਼ਮੀਰੀ ਅੱਖਰ ਆਖਦੇ ਹਾਂ। ਦੋਹਾਂ ਨਾਵਾਂ ਦੇ ਅਰਥ ਵੀ ਲਗਭਗ ਓਹੀ ਹਨ। ਬੇਰੂਨੀ ਨੇ ਇਸ ਲਿਪੀ ਨੂੰ ਕਸ਼-

---

*ਅਰਬੀਆਂ ਨੇ ਜਦ ਮੁਹੰਮਦ ਬਿਨ ਕਾਸਿਮ ਦੇ ਮਾਤਹਿਤ ਸਿੰਧ ਦੇਸ਼ ਨੂੰ ੭੧੨ ਈ: ਵਿੱਚ ਫ਼ਤਹ ਕੀਤਾ, ਤਦ ਇਸ ਦੇ ਦੋ ਸੂਬੇ ਬਣਾਏ—ਉੱਤਰੀ ਸਿੰਧ ਤੇ ਦੱਖਣੀ ਸਿੰਧ। ਉੱਤਰੀ ਸਿੰਧ ਦੀ ਰਾਜਧਾਨੀ ਮੁਲਤਾਨ ਸੀ ਅਤੇ ਦੱਖਣੀ ਸਿੰਧ ਦੀ ਰਾਜਧਾਨੀ ਮੁਸਲਮਾਨਾਂ ਦਾ ਨਵਾਂ ਵਸਾਇਆ ਸ਼ਹਿਰ ਸੀ ਬਾਊਧੀ 'ਮਨਸੂਰਾ'। ਇਹ ਸ਼ਹਿਰ ਉਸ ਜਗ੍ਹਾ ਤੇ ਸੀ ਜਿੱਥੇ ਮੁਹੰਮਦ ਕਾਸਿਮ ਨੇ ਰਾਜਾ ਜੈਸੀਆ ਨੂੰ ਹਾਰ ਦਿੱਤੀ ਸੀ। ਹੁਣ ਇਹ ਠੀਕ ਦੱਸਣਾ ਔਖਾ ਹੋ ਗਿਆ ਹੈ ਕਿ 'ਮਨਸੂਰਾ' ਕਿਸ ਥਾਂ ਆਬਾਦ ਕੀਤਾ ਗਿਆ ਸੀ। ਉਸ ਦਾ ਕੋਈ ਨਿਸ਼ਾਨ ਬਾਕੀ ਨਹੀਂ ਰਿਹਾ।

Sri Satguru Jagjit Singh Ji Elibrary NamdhariElibrary@gmail.com

ਮੰਰ, ਸਾਰੇ ਗੰਗਜਮਨ ਦੁਆਬ, ਕਨੋਜ ਆਦਿ, ਅਤੇ ਪਰ੍ਹਾਂ ਪੂਰਬ ਦੇਸ ਦੇ ਬਨਾਰਸ ਸ਼ਹਿਰ ਵਿੱਚ ਵਰਤੀ ਜਾਣ ਵਾਲੀ ਲਿਪੀ ਕਿਹਾ ਹੈ ਅਤੇ ਇਸ ਗੱਲ ਦਾ ਕਾਰਣ ਵੀ ਦੱਸਿਆ ਹੈ ਕਿ ਬਨਾਰਸ ਤੇ ਕਸ਼ਮੀਰ ਹਿੰਦੂਆਂ ਦੇ ਮਹਾਂ ਵਿਦਿਆਲੇ ਸਨ। ਜਾਪਦਾ ਹੈ ਕਿ ਉਜੈਨ ਉਸ ਵੇਲੇ ਤਕ ਹਿੰਦੂ ਸਭਯਤਾ ਦਾ ਕੇਂਦਰ ਨਹੀਂ ਸੀ ਰਿਹਾ ਭਾਵੇਂ ਉਥੇ ਦੀ ਲਿਪੀ 'ਨਾਗਰ' ਹੀ ਆਪਣੇ ਪਰਿਵਰਤਿਤ ਰੂਪ ਵਿੱਚ ਸਾਰੇ ਮੱਧ-ਦੇਸ ਤੇ ਪੂਰਬ ਵਿਚ ਪ੍ਰਧਾਨ ਹੋ ਗਈ ਸੀ। ਲਾਹੌਰ ਵਿੱਚ ਰਿਹਾਇਸ਼ ਦੇ ਸਮੇਂ ਬੇਰੂਨੀ ਨੇ ਜੋ ਸੰਸਕ੍ਰਿਤ ਦੀਆਂ ਕਿਤਾਬਾਂ ਪੰਡਿਤਾਂ ਤੋਂ ਪੜ੍ਹੀਆਂ, ਕੋਈ ਅਜਬ ਨਹੀਂ ਕਿ ਓਹ 'ਸਿਧ-ਮਾਤ੍ਰਿਕਾ' ਲਿਪੀ ਵਿੱਚ ਲਿਖੀਆਂ ਹੋਈਆਂ ਹੋਣ। ਨਾਂ ਤੋਂ ਵੀ ਦਿਸਦਾ ਹੈ ਕਿ ਇਹੋ ਲਿਪੀ ਜੋਗੀਆਂ, ਸਿੱਧਾਂ ਦੇ ਲਿਖਣ ਵਿੱਚ ਆਉਂਦੀ ਸੀ ਅਤੇ ਇਸ ਵਿੱਚ ਸਿਰ ਦੀ ਮਾਤ੍ਰਾ ਪੂਰੀ ਆ ਚੁਕੀ ਸੀ।

'ਕਰਨਾਟ', 'ਅੰਧਰੀ,' 'ਦ੍ਰਾਵਿੜੀ' ਪ੍ਰਤੱਖ ਤੌਰ ਤੇ ਓਹ ਲਿਪੀਆਂ ਸਨ, ਜਿਨ੍ਹਾਂ ਨੂੰ ਅਜ ਕਲ 'ਕਾਨੜੀ', 'ਤੈਲਗੂ' ਅਤੇ 'ਤਾਮਿਲ' ਆਖਦੇ ਹਨ। 'ਦ੍ਰਾਵਿੜ' ਅਤੇ 'ਤਾਮਿਲ' ਅਸਲ ਵਿੱਚ ਇੱਕੋ ਹੀ ਲਫ਼ਜ਼ ਦੀਆਂ ਦੋ ਸ਼ਕਲਾਂ ਆਖਦੇ ਹਨ, ਜਿਸ ਦੇ ਅਰਥ 'ਲੋਕੀ' 'ਜਨ' ਜਾਂ 'ਰਈਅਤ' ਹਨ। ਅੱਖਰਾਂ ਦੀ ਸ਼ਕਲ ਉਸ ਸਮੇਂ ਕੀ ਸੀ, ਇਹ ਉਸ ਸਮੇਂ ਦੇ ਲੇਖਾਂ ਤੋਂ ਪਤਾ ਲਗ ਜਾਂਦਾ ਹੈ। ਪੁਰਾਣੀ ਤਾਮਿਲ ਲਿਪੀ ਅਸਾਂ ਪਲੇਟ ਨੰ: XII ਵਿੱਚ ਦਿੱਤੀ ਹੈ।

'ਲਾਟੀ' ਤੇ 'ਗੌੜੀ' ਓਹੋ ਨਾਂ ਹਨ ਜੋ ਅਜ ਕਲ 'ਗੁਜਰਾਤੀ' ਤੇ 'ਬੰਗਲਾ' ਬਣ ਗਏ ਹਨ।

'ਮਲਵਾਰੀ' ਤੇ 'ਸੈਂਧਵੀ' (ਜੋ ਅਜ ਕਲ ਨਹੀਂ ਰਹੀਆਂ) ਦੀ ਯਾਹਰਵੀਂ ਸਦੀ ਦੇ ਮੁੱਢ ਵਿੱਚ ਮੌਜੂਦਗੀ, ਸਾਡੇ ਇਸ ਕਥਨ ਦੀ ਪੁਸ਼ਟੀ ਕਰਦੀ ਹੈ ਕਿ ਸਿੰਧੀ ਵਪਾਰੀ ਸਮੁੰਦਰ ਦੇ ਕੰਢੇ ਕੰਢੇ ਜਾ ਕੇ ਤੇ ਉੱਤ੍ਰੀ ਸਿੰਧ ਅਤੇ ਪੰਜਾਬ ਦੇ ਵਪਾਰੀ ਉਪਰਲੇ ਰਸਤੇ ਮੂਲਾ ਦੱਰਾ ਤੋਂ ਕਲਾਤ, ਦਲ ਬਦਿਨ ਹੁੰਦੇ, ਪਾਰਸ ਦੇਸ ਲੰਘ, ਬਾਬਲ ਸ਼ਹਿਰ ਅੱਪੜਦੇ ਸਨ, ਅਤੇ ਇਹ ਲੋਕ ਓਥੋਂ ਹੀ ਆਪਣੇ ਆਪਣੇ ਮਤਲਬ ਲਈ ਲਿਖਣ ਜੋਗੇ ਅੱਖਰ ਲਿਆਏ ਸਨ। 'ਮਲਵਾਰੀ' ਤੇ 'ਸੈਂਧਵ' ਇੱਕੋ ਸੰਗਲੀ ਦੀਆਂ ਦੋ ਕੜੀਆਂ ਸਨ।

"ਭੈਕਸ਼ੁਕੀ' ਨਾਂ 'ਸਿਧ-ਮਾਤ੍ਰਿਕਾ' ਵਾਂਗ ਬਣਿਆ ਹੈ, ਜਾਂ ਜਿਸ ਤਰ੍ਹਾਂ ਅਸੀਂ ਗੁਰਮੁਖਾਂ ਦੀ ਵਰਤੋਂ ਵਿੱਚ ਆਉਣ ਵਾਲੀ ਲਿਪੀ ਨੂੰ 'ਗੁਰਮੁਖੀ' ਕਹੀਏ। 'ਭੈਕਸ਼ੁਕੀ' ਓਹ ਲਿਪੀ ਸੀ ਜੋ ਬੋਧ ਭਿਖੂ ਵਰਤਦੇ ਸਨ। ਨਾਲੰਦਾ, ਤੱਕਸ਼ਿਲਾ, ਵਿਕ੍ਰਮ ਸ਼ਿਲਾ ਆਦਿ ਬੋਧ ਵਿਹਾਰਾਂ ਵਿਚ ਇਹ ਅੱਖਰ ਸਿਖਾਏ ਪੜ੍ਹਾਏ ਜਾਂਦੇ ਹੋਣਗੇ। ਨਾਲ ਹੀ ਬੇਰੂਨੀ ਦਾ ਇਹ ਕਹਿਣਾ ਕਿ ਇਹੋ ਮਹਾਤਮਾ ਬੁਧ ਦੇ ਵਰਤਣ ਦੀ ਲਿਪੀ ਸੀ. ਦਸਦਾ ਹੈ ਕਿ ਭਗਵਾਨ ਬੁਧ ਦੇ ਵੇਲੇ ਤਕ 'ਬ੍ਰਹਮੀ' ਲਿਪੀ ਜਨਮ ਲੈ ਚੁਕੀ ਸੀ। ਉਸ ਭੈਕਸ਼ੁਕੀ ਲਿਪੀ ਦੇ ਅੱਖਰ ਕਿਸ ਤਰ੍ਹਾਂ ਦੇ ਸਨ, ਨਹੀਂ ਕਿਹਾ ਜਾ ਸਕਦਾ, ਸਿਵਾਏ ਇਸ ਦੇ ਕਿ ਅਸੀਂ ਅਜ ਕਲ ਦੀ ਬਿਹਾਰੀ ਜਾਂ ਮੈਥਲੀ ਲਿਪੀ ਨੂੰ ਇਹ ਨਾਂ ਦੇ ਲਈਏ।

ਡਾਕਟਰ ਬਯੂਹਲਰ (Dr. Buhler) ਆਪਣੀ ਕਿਤਾਬ (Indian Palaegraphy) ਵਿੱਚ 'ਸਿੱਧ-ਮਾਤ੍ਰਿਕਾ' (सिद्धमात्रिका) ਨਾਂ ਕਿਤਨੀਆਂ ਇਕ ਲਿਪੀਆਂ ਨੂੰ, ਜੋ ਛੇਵੀਂ, ਸਤਵੀਂ, ਅੱਠਵੀਂ, ਨੌਵੀਂ ਤੇ ਦਸਵੀਂ ਸਦੀਆਂ ਵਿੱਚ ਉੱਤਰੀ ਹਿੰਦ ਵਿਚ ਪ੍ਰਚੱਲਤ ਸਨ, ਇਕ ਥਾਂ ਸਾਂਝਾ ਕਰ ਕੇ ਦੇਂਦੇ ਹਨ, ਅਤੇ ਵਖੇਵਾਂ ਕੇਵਲ 'ਸਾਰਦਾ' ਦੀ ਬਾਬਤ ਕਰਦੇ ਹਨ, ਜੋ ਅੱਠਵੀਂ ਸਦੀ ਈਸਵੀ ਵਿੱਚ ਇਕ ਵੱਖਰੀ ਲਿਪੀ ਬਣ ਚੁਕੀ ਸੀ; ਜਾਂ ਓਹ ਹੋਰ ਬਹੁਤ ਪਿਛੋਂ, 'ਪ੍ਰਾਚੀਨ-ਬੰਗਾਲੀ' ਨੂੰ ਅੱਡ ਕਰਦੇ ਹਨ। ਸੋ ਜੋ ਵੀ ਲਿਪੀ ਪੰਜਾਬ ਵਿੱਚ ਇਨ੍ਹਾਂ ਸਦੀਆਂ ਵਿੱਚ ਪ੍ਰਚੱਲਤ ਸੀ, ਨੂੰ ਉਸ

Sri Satguru Jagjit Singh Ji Elibrary NamdhariElibrary@gmail.com

ਡਾਕਟਰ ਬਯੁਹਲਰ 'ਸਿਧ ਮਾਤ੍ਰਿਕਾ' ਦੇ ਸਾਂਝੇ ਨਾਂ ਹੇਠਾਂ ਹੀ ਧਰਦੇ ਹਨ।

ਏਸੇ ਤਰ੍ਹਾਂ ਮਿਸਟਰ ਆਰ. ਡੀ. ਬੈਨਰਜੀ ਐਮ. ਏ. ਆਪਣੀ ਕਿਤਾਬ 'The Origin of the Bengali Script'* ਵਿੱਚ ਅੱਠਵੀਂ ਨੌਵੀਂ ਸਦੀ ਦੇ ਸਿਲਾ-ਲੇਖਾਂ, ਦਾਨ-ਪੱਤਰਾਂ ਆਦਿ ਉੱਤੇ ਬਹਿਸ ਕਰ ਕੇ ਸਫ਼ੇ ੫੬-੫੭ ਵਿੱਚ ਲਿਖਦੇ ਹਨ ਕਿ :—

From this point we have to recognise four different varieties in Northern Alphabets :

(i) The Eastern

(ii) The Central, which gradually developed into the *modern Nagri, and the Alphabet of the Southern Punjab and Rajputana.*

(iii) The Sarda, which according to Buhler, "appears since about 900 A. D. *in Kashmir and in North Eastern Punjab (Kangra and Chamba)*"

(iv) The North-Western. The Alphabet has not as yet (1919 A. D.) obtained proper recognition. It is to be found on the coins of *the Hindu Kings (of the Sabi dynasty) of Kabul and Ohind, and in certain 9th and 10th century inscriptions discovered by Sir Harold Deane,* which have not properly been dealt with as yet. (J. A. S. B. 1898 pt. 1, page 6, plate VII 55) It may be termed the Trans-Indus Alphabet of the 9th and 10th centuries A. D. *which died after the Muhammadan occupation of the country.* It may be noticed, however, that it survived till the earliest part of the 11th century A. D. When we find it on the little known silver coins, with Sanskrit legends, issued by the famous conqueror, Sultan Mahmud of Ghazni (S. L. Poole's Oriental Coins).

ਇਸ ਦ੍ਰਿਸ਼ਟੀ ਕੋਣ ਤੋਂ ਉੱਤਰੀ ਵਰਣਮਾਲਾ ਵਿੱਚ ਸਾਨੂੰ ਚਾਰ ਵੱਖੋ ਵੱਖਰੀਆਂ ਵੰਨਗੀਆਂ ਮੰਨਣੀਆਂ ਪੈਣਗੀਆਂ :—

(੧) ਪੂਰਬੀ......

(੨) ਕੇਂਦਰੀ, ਜੋ ਹੌਲੇ ਹੌਲੇ ਵਰਤਮਾਨ ਨਾਗਰੀ ਅਤੇ ਦੱਖਣੀ ਪੰਜਾਬ ਤੇ ਰਾਜਪੂਤਾਨੇ ਦੀ ਵਰਣਮਾਲਾ ਵਿੱਚ ਵਿਕਸਤ ਹੋਈ।

(੩) ਸ਼ਾਰਦਾ, ਜੋ ਬਯੁਹਲਰ (Buhler) ਅਨੁਸਾਰ ਕਸ਼ਮੀਰ ਅਤੇ ਉੱਤਰ-ਦੱਖਣੀ ਪੰਜਾਬ (ਕਾਂਗੜਾ ਤੇ ਚੰਬਾ) ਵਿੱਚ ਲਗ ਭਗ ੯੦੦ ਈਸਵੀ ਤੋਂ ਹੋਂਦ ਵਿਚ ਆਉਂਦੀ ਹੈ।

---

*Published by the Calcutta University.

Sri Satguru Jagjit Singh Ji Elibrary NamdhariElibrary@gmail.com

(੪) ਉਤਰ-ਪੱਛਮੀ: "ਇਹ ਵਰਣਮਾਲਾ ਅਜੇ ਤਕ (੧੯੧੯ ਈ:) ਠੀਕ ਤੌਰ ਤੇ ਪਛਾਣੀ ਨਹੀਂ ਗਈ । ਇਹ ਕਾਬਲ ਤੇ ਓਹਿੰਦ (Ohind) ਦੇ ਹਿੰਦੂ ਬਾਦਸ਼ਾਹਾਂ (ਸ਼ਾਹੀ ਖ਼ਾਨਦਾਨ ਦੇ) ਅਤੇ ਨੌਵੀਂ ਦਸਵੀਂ ਸਦੀ ਦੇ ਉਨ੍ਹਾਂ ਕਈ ਸਿਲਾ-ਲੇਖਾਂ ਵਿੱਚ ਵੇਖੀ ਜਾ ਸਕਦੀ ਹੈ ਜੋ ਸਰ ਹੈਰਲਡ ਡੀਨ (Sir Harold Deane) ਨੇ ਲੱਭੇ ਹਨ ਅਤੇ ਜੋ ਸਹੀ ਤੌਰ ਤੇ ਅਜੇ ਤਕ ਪੜਤਾਲੇ ਨਹੀਂ ਗਏ (ਜੇ. ਏ. ਐਸ. ਬੀ. ੧੮੯੮ ਭਾਗ ਪਹਿਲਾ, ਪੰਨਾ ੬ ਪਲੇਟ ੭੫੫) ਇਸ ਨੂੰ ਨੌਵੀਂ ਤੇ ਦਸਵੀਂ ਸਦੀ ਈਸਵੀ ਦੀ ਅਟਕ ਪਾਰ ਦੀ ਵਰਣਮਾਲਾ ਕਿਹਾ ਜਾ ਸਕਦਾ ਹੈ ਜੋ ਦੇਸ਼ ਤੇ ਮੁਸਲਮਾਨਾਂ ਦਾ ਕਬਜ਼ਾ ਹੋ ਜਾਣ ਪਿੱਛੋਂ ਮਰ ਗਈ ਸੀ । ਤਾਂ ਵੀ ਵੇਖਿਆ ਜਾ ਸਕਦਾ ਹੈ ਕਿ ਇਹ ਯਾਹਰਵੀਂ ਸਦੀ ਈਸਵੀ ਦੇ ਪਹਿਲੇ ਹਿੱਸੇ ਤਕ ਜੀਉਂਦੀ ਰਹੀ, ਜਦੋਂ ਅਸੀਂ ਇਹਨੂੰ ਸੰਸਕ੍ਰਿਤ ਲਿਖਤ ਵਾਲੇ ਉਨ੍ਹਾਂ ਘੱਟ ਪ੍ਰਸਿਧ ਚਾਂਦੀ ਦੇ ਸਿੱਕਿਆਂ ਉਤੇ ਵੇਖਦੇ ਹਾਂ ਜਿਹੜੇ ਕਿ ਉੱਘੇ ਵਿਜੇਈ ਸੁਲਤਾਨ ਮਹਿਮੂਦ ਗ਼ਜ਼ਨਵੀ ਨੇ ਜਾਰੀ ਕੀਤੇ ਸਨ ।

(ਐਸ; ਐਲ; ਪੂਲ ਦੀ ਓਰੀਐਂਟਲ ਕਾਇਨਜ਼)

ਉੱਪਰਲੀ ਵੰਡ ਵਿੱਚ 'ਸਾਰਦਾ' ਤੇ 'ਟਾਕਰੀ' ਨੂੰ ਇੱਕੋ ਗਿਣਿਆ ਹੈ । ਡਾਕਟਰ ਬਯੂਹਲਰ* ਨੇ 'ਸਿੱਧ-ਮਾਤ੍ਰਿਕਾ' ਦੇ ਸਾਂਝੇ ਨਾਂ ਹੇਠਾਂ ਹੀ ਰੱਖਿਆ ਹੈ । 'ਸਾਰਦਾ' ਨਾਲੋਂ 'ਟਾਕਰੀ' ਦਾ ਬਹੁਤ ਫ਼ਰਕ ਹੈ । ਪੰਡਤ ਗੌਰੀ ਸ਼ੰਕਰ ਜੀ ਓਝਾ ਨੇ ਕਾਂਗੜਾ, ਦੂਨ, ਚੰਬਾ ਆਦਿ ਦੇ ਸਿਲਾ-ਲੇਖਾਂ ਤੋਂ ਲਿਪੀ ਤਿਆਰ ਕਰ ਕੇ ਆਪਣੀ ਵਧੀਕ ਗਾਹੜੀ ਵਾਕਫ਼ੀ ਨਾਲ ਇਸ ਨੂੰ 'ਟਾਕਰੀ' ਦਾ ਨਾਂ ਦਿੱਤਾ ਹੈ, ਜੋ ਪਹਾੜੀ ਲੋਕਾਂ ਵਿੱਚ ਪ੍ਰਚੱਲਤ ਸੀ । ਕਾਬੁਲਸਤਾਨ ਤੇ ਜ਼ਾਬੁਲਸਤਾਨ ਦੇ 'ਸ਼ਾਹੀ' ਖ਼ਾਨਦਾਨ ਦੇ ਹਿੰਦੂ ਰਾਜਿਆਂ, ਅਤੇ ਦਸਵੀਂ ਸਦੀ ਦੇ ਜੈਪਾਲ, ਅਨੰਗਪਾਲ ਆਦਿ ਦੇ ਲੇਖਾਂ ਦੀ ਲਿਪੀ, ਅਤੇ ਮਹਿਮੂਦ ਗ਼ਜ਼ਨਵੀ ਦੇ ਸਿੱਕੇ ਉੱਪਰ ਲਿਖੇ ਅੱਖਰਾਂ ਨੂੰ ਮਿਸਟਰ ਬੈਨਰਜੀ ਨੇ ਵੱਖਰੇ ਵਰਗ ਦੀ ਕਰਾਰ ਦਿੱਤਾ ਹੈ ਅਤੇ ਉਸ ਨੂੰ 'ਅਟਕ-ਪਾਰ ਦੀ ਲਿਪੀ' ਦਾ ਨਾਂ ਦਿੱਤਾ ਹੈ । ਮਹਿਮੂਦ ਦਾ ਸਿੱਕਾ ਅਸੀਂ ਚੰਗੀ ਤਰ੍ਹਾਂ ਵੇਖਿਆ ਹੈ । ਉਸ ਦੇ ਥੋੜੇ ਜਿਹੇ ਅੱਖਰਾਂ ਨੂੰ 'ਗੁਰਮੁਖੀ' ਦੇ ਅੱਖਰਾਂ ਨਾਲ ਕੋਈ ਖ਼ਾਸ ਵਾਸਤਾ ਨਹੀਂ । ਦੂਜੇ ਵਰਗ ਵਿੱਚ ਵਰਤਮਾਨ 'ਨਾਗਰੀ' ਦੇ ਨਾਲ 'ਦੱਖਣੀ ਪੰਜਾਬ ਅਤੇ ਰਾਜਪੂਤਾਨੇ ਦੀ ਲਿਪੀ' ਨੂੰ ਰੱਖਿਆ ਹੈ । ਇਹ ਓਹੋ ਲਿਪੀ ਹੋ ਸਕਦੀ ਹੈ ਜਿਸ ਨੂੰ ਅਲ-ਬੇਰੂਨੀ ਨੇ'ਅਰਧ-ਨਾਗਰੀ' ਕਿਹਾ ਹੈ ਅਤੇ ਉਸ ਦਾ ਰਿਵਾਜ'ਭਾਟੀ ਦੇਸ' ਅਤੇ ਨਾਲ ਲਗਦੇ ਸਿੰਧ ਦੇ ਉੱਤਰੀ ਭਾਗ ਵਿੱਚ ਦੱਸਿਆ ਹੈ । ਅਸੀਂ ਹੋਰ ਜਗ੍ਹਾ ਇਸ ਕਿਤਾਬ ਵਿੱਚ ਕਿਹਾ ਹੈ ਕਿ ਓਥੋਂ ਦੇ ਲੋਕਾਂ ਵਿੱਚ ਇਸ ਦਾ ਮੁਕਾਮੀ ਨਾਂ 'ਭਟਛਰੀ' ਸੀ, ਜੋ ਮੁਸਲਮਾਨਾਂ ਦੇ ਆਉਣ ਦੇ ਪਿੱਛੋਂ ਵੀ ਭਟਨੇਰ, ਬਠਿੰਡਾ ਆਦਿ 'ਭਾਟੀ' ਦੇਸ ਅਰਥਾਤ ਭੱਟੀ

*ਜੱਟਾਂ ਦੀਆਂ ਕਿਤਨੀਆਂ ਹੀ ਗੋਤਾਂ ਦੇ ਨਾਂ ਯੂਰਪ ਵਿੱਚ ਪਾਏ ਜਾਂਦੇ ਹਨ । (Jutland) ਤਾਂ ਹੈ ਹੀ ਸਿੱਧਾ Jat or Gaetei । ਜੱਟਾਂ ਦੀਆਂ ਖ਼ਾਲਸ ਭਾਈ ਗੋਤਾਂ ਪੰਜਾਬ ਵਿੱਚ ਗਿਣਦੇ ਹਨ :—'ਮਾਨ' (Isle of Mann); 'ਜੋਗ' (Jugo slav and Cheko slav); 'ਬੁਲਰ' (Buhler) । Gael ਅਸਲ ਵਿਚ Godel ਹੈ; ਜੱਟਾਂ ਵਿੱਚ ਗੋਂਦਲ ਤੇ ਗਿੱਲ ਗੋਤਾਂ ਹਨ । ਇਹ ਕੌਮਾਂ (Nordic race) ਦੀਆਂ ਸਨ । ਜੇ ਇਹ ਮੇਲ ਠੀਕ ਹੋਵੇ, ਤਾਂ ਜੱਟ ਵੀ 'ਆਰੀਅਨ' ਬਣ ਜਾਂਦੇ ਹਨ ।

Sri Satguru Jagjit Singh Ji Elibrary NamdhariElibrary@gmail.com

ਰਾਜਪੂਤਾਂ ਦੇ ਦੇਸ ਵਿੱਚ ਚਲਦੀ ਰਹੀ। ਇਸ ਤੋਂ ਹੇਠਾਂ ਦੱਖਣ ਵਿੱਚ 'ਨਾਗਰ' ਲਿਪੀ ਸੀ, ਜਿਸ ਦੇ ਦਸ ਅੱਖਰ ਅਸੀਂ ਉੱਪਰ ਕਹਿ ਆਏ ਹਾਂ ਕਿ ਵਰਤਮਾਨ ਨਾਗਰੀ ਨਾਲੋਂ, ਗੁਰਮੁਖੀ ਨਾਲ ਵਧੀਕ ਮਿਲਦੇ ਹਨ।

'ਨਾਗਰੀ' ਬਾਬਤ ਡਾਕਟਰ ਬਯੂਹਲਰ (Buhler) (Epi. Ind. Vol VIII, App. 1 and 4) ਲਿਖਦੇ ਹਨ:—(Fleet's Translation)

"In Northern and Central India, the Nagari appears first on the Copper-plate of Maharaja Vinayakapala of Mahodaya."

"ਉੱਤਰੀ ਅਤੇ ਮੱਧ ਭਾਰਤ ਵਿੱਚ ਨਾਗਰੀ ਪਹਿਲਾਂ ਪਹਿਲ ਮਹੋਦਯ (Mahodaya) ਦੇ ਮਹਾਰਾਜਾ ਵਿਨਾਇਕਪਾਲ (Vinayakapala) ਦੇ ਤਾਂਬਰ-ਪੱਟੇ (Copper-plate) ਉੱਤੇ ਲਭਦੀ ਹੈ।"

ਇਸ ਦਾਨ-ਪੱਤਰ ਦਾ ਸੰਮਤ ੯੮੮ ਵਿਕ੍ਰਮੀ (ਮੁਤਾਬਕ ਸੰਨ ੯੩੧ ਈਸਵੀ) ਹੈ, ਜੋ ਗੁਰਜਰ ਰਾਜ ਦੇ ਕਾਇਮ ਹੋਣ ਤੋਂ ੧੩੭ ਵਰ੍ਹੇ ਪਿੱਛੋਂ ਹੈ। ਇਹ ਚੱਕਰਵਰਤੀ ਰਾਜ ਗੁਰਜਰ ਪ੍ਰਤਿਹਾਰਾਂ ਨੇ ਨਾਵੀਂ ਸਦੀ ਈਸਵੀ ਦੇ ਮੁੱਢ ਵਿੱਚ ਉੱਤਰੀ ਹਿੰਦ ਵਿੱਚ ਕਾਇਮ ਕੀਤਾ ਸੀ ਅਤੇ ਇਹ ਰਾਜ ਬੰਗਾਲ ਤੋਂ ਲੈ ਕੇ ਮਾਲਵਾ ਤੇ ਗੁਜਰਾਤ ਤਕ, ਪੰਜਾਬ ਤੋਂ ਲੈ ਕੇ ਵਿੰਧਿਆਚਲ ਤਕ ਫੈਲਿਆ ਹੋਇਆ ਸੀ। ਪਰ ਇਸ 'ਨਾਗਰੀ' ਨੇ, 'ਬੰਗਾਲੀ'* ਜਾਂ 'ਗੁਰਮੁਖੀ' ਦੇ ਜਨਮ ਉੱਤੇ ਕੋਈ ਅਸਰ ਨਹੀਂ ਪਾਇਆ। 'ਗੁਰਮੁਖੀ' ਅਤੇ 'ਟਾਕਰੀ' ਆਪੋ ਵਿੱਚ ਬਹੁਤ ਸਾਂਝ ਰਖਦੀਆਂ ਹਨ ਅਤੇ ਇਨਾਂ ਦੇ ੨੭ ਅੱਖਰ ਸਾਂਝੇ ਹਨ ਜਿਵੇਂ ਕਿ ਅੱਗੇ ਚੱਲ ਕੇ ਦਸਾਂਗੇ। ਇਨ੍ਹਾਂ ਲਿਪੀਆਂ ਦੇ ਬਹੁਤ ਸਾਰੇ ਅੱਖਰ ਅਠਵੀਂ ਸਦੀ ਵਿੱਚ ਹੁਣ ਵਾਲੀਆਂ ਸ਼ਕਲਾਂ ਨੂੰ ਪਹੁੰਚ ਚੁਕੇ ਸਨ।

ਬੇਰੂਨੀ ਨੇ 'ਟਾਕਰੀ' ਦਾ ਨਾਂ ਨਹੀਂ ਲਿਆ, ਹਾਲਾਂਕਿ ਇਸ ਦਾ ਰਿਵਾਜ ਉਸ ਦੇ ਵੇਲੇ ਵੀ ਆਮ ਸੀ। ਅਨੇਕਾਂ ਸਿਲਾ-ਲੇਖ ਇਨ੍ਹਾਂ ਅੱਖਰਾਂ ਵਿੱਚ ਲਿਖੇ ਬੈਜਨਾਥ, ਕਾਂਗੜਾ, ਪਿੰਜੌਰ ਆਦਿ ਥਾਵਾਂ ਵਿੱਚ ਮਿਲਦੇ ਹਨ। ਇਹ ਨਾਂ ਉਸ ਨੂੰ ਮਾਲੂਮ ਨਹੀਂ ਸੀ। ਪਰ ਇਸ ਕਿਤਾਬ ਵਿੱਚ ਸਾਡਾ ਵਧੀਕ ਵਾਸਤਾ ਬੇਰੂਨੀ ਦੀ ਦੱਸੀ 'ਅਰਧ-ਨਾਗਰੀ' ਨਾਲ ਹੈ, ਜਿਸ ਨੂੰ ਉਹ 'ਸਿਧ ਮਾਤ੍ਰਿਕਾ' ਅਤੇ 'ਨਾਗਰ' ਦੇ ਵਿਚਾਲੇ ਦਸਦਾ ਹੈ, ਅਰਥਾਤ ਇਹ ਉਨ੍ਹਾਂ ਦੋਹਾਂ ਨੂੰ ਮਿਲਾ ਕੇ ਬਣੀ ਸੀ। ਭੱਟੀ ਰਾਜਪੂਤਾਂ ਦਾ ਦੇਸ ਭਾਟੀ ਦੇਸ ਸੀ। ਭਟਨੇਰ ਤੇ ਬਠਿੰਡਾ ਵਿੱਚ ਉਨ੍ਹਾਂ ਦੇ ਬਣਾਏ ਕਿਲ੍ਹੇ ਹੁਣ ਤਕ ਮੌਜੂਦ ਹਨ। ਇਨ੍ਹਾਂ ਨੂੰ ਜਿੱਤ ਕੇ ਹੀ ਮਹਿਮੂਦ ਗ਼ਜ਼ਨਵੀ ਨੇ ਤੇ ਗਜ਼ਨਵੀਆਂ ਨੇ ਸਾਰੇ ਪੰਜਾਬ ਵਿੱਚ ਆਪਣੀ ਸਲਤਨਤ ਕਾਇਮ ਕੀਤੀ ਸੀ। ਸਾਰਾ ਮਾਲਵਾ, ਜਿਥੇ ਅਜ ਕਲ ਸਿੱਖ ਰਿਆਸਤਾਂ ਪਟਿਆਲਾ, ਨਾਭਾ ਆਦਿ ਹਨ, ਲੁਧਿਆਣਾ ਤੇ ਫ਼ੀਰੋਜ਼ਪੁਰ ਦੇ ਜ਼ਿਲੇ, ਦੁਆਬੇ ਜਾਲੰਧਰ ਦਾ ਨਾਲ ਲਗਦਾ ਹਿੱਸਾ, ਜਿੱਥੋਂ ਭੱਟੀ ਨੇੜੇ ਦੇ ਸਮੇਂ ਵਿੱਚ ਹੀ ਨਿਕਲੇ ਹਨ, ਅਤੇ ਨੀਲੀ ਬਾਰ, ਇਹ ਸਾਰਾ ਇਲਾਕਾ ਭੱਟੀਆਂ ਦਾ ਸੀ। ਮਹਿਮੂਦ ਤੋਂ ਥੋੜਾ ਚਿਰ ਹੀ ਪਹਿਲਾਂ

*ਮਿਸਟਰ ਬੈਨਰਜੀ ਦਸਦੇ ਹਨ ਕਿ ਬੰਗਾਲੀ ਲਿਪੀ ਯਾਹਰਵੀਂ-ਬਾਹਰਵੀਂ ਸਦੀ ਵਿੱਚ ਇਕ ਪੂਰਬੀ ਲਿਪੀ ਤੋਂ ਬਣੀ ਸੀ।

Sri Satguru Jagjit Singh Ji Elibrary NamdhariElibrary@gmail.com

ਭੱਟੀਆਂ ਦੇ ਕੁਝ ਰਾਜ ਵੰਸ਼ ਭਟਨੇਰ ਅਤੇ ਬਠਿੰਡੇ ਦੇ ਲਾਗਿਉਂ ਉੱਠ ਕੇ ਪੁਰਾਣੇ* ਲਾਹੌਰ ਵਿੱਚ ਆ ਵੱਸੇ ਸਨ । ਸਾਂਦਲ ਬਾਰ ਵਿੱਚ ਭੱਟੀ ਪਿੱਛੋਂ ਗਏ ਹਨ, ਅਤੇ ਹੋਰ ਵੀ ਪਿੱਛੋਂ, ਸੂਰੀਆਂ ਦੇ ਵੇਲੇ ਜਾਂ ਅਕਬਰ ਦੇ ਰਾਜ ਦੇ ਮੁੱਢ ਵਿੱਚ ਉਨ੍ਹਾਂ ਨੇ ਜਲਾਲਪੁਰ ਭੱਟੀਆਂ ਤੇ ਪਿੰਡੀ ਭੱਟੀਆਂ ਵਸਾਏ ਹਨ ।

ਇਸ ਭਾਟੀ ਦੇਸ ਦੇ ਨਾਲ ਲਗਦਾ ਉੱਤਰੀ ਸਿੰਧ ਦਾ ਓਹ ਹਿੱਸਾ ਸੀ ਜੋ ਅਜ ਕਲ ਰਿਆਸਤ ਬਹਾਵਲਪੁਰ ਹੈ, ਅਤੇ ਉਸ ਦੇ ਉੱਤਰ ਵੱਲ ਮੁਲਤਾਨ ਦਾ ਇਲਾਕਾ ਹੈ । ਰਿਆਸਤ ਬਹਾਵਲਪੁਰ ਵਿੱਚ ਇਕ ਪ੍ਰਸਿੱਧ ਜਗ੍ਹਾ 'ਉੱਚ ਸੱਯਦਾਂ' ਜਾਂ 'ਉੱਚ ਸ਼ਰੀਫ' ਹੈ । ਇਹ ਰਾਜਿਆਂ ਦੇ ਵਕਤ ਦਾ, ਬਹੁਤ ਪੁਰਾਣਾ ਤੇ ਵੱਡਾ ਸ਼ਹਿਰ ਸੀ, ਅਤੇ ਕਈ ਮੀਲਾਂ ਵਿੱਚ ਫੈਲਿਆ ਹੋਇਆ ਹੁੰਦਾ ਸੀ । ਮੁਲਤਾਨ ਵਾਂਗ ਇੱਥੇ ਵੀ ਇਕ ਮਸ਼ਹੂਰ ਮੰਦਰ 'ਉਸ਼ਾ ਦੇਵੀ' ਦਾ ਹੁੰਦਾ ਸੀ, ਜਿਸ ਤੋਂ ਸ਼ਹਿਰ ਦਾ ਨਾਂ 'ਊਸਾ' ਜਾਂ 'ਊਤਸਾ' ਵੱਜਦਾ ਸੀ । ਕਈ ਵਾਰ ਇਹ ਸ਼ਹਿਰ ਉਜੜਿਆ ਅਤੇ ਕਈ ਵਾਰ ਫਿਰ ਵੱਸਿਆ । ਸਾਹਸੀ ਰਾਏ ਅੱਵਲ ਨੇ ਇਥੇ ਇਕ ਕਿਲ੍ਹਾ ਬਣਾਇਆ ਸੀ, ਜੋ ਮੁਹੰਮਦ ਕਾਸਿਮ ਦੇ ਵੇਲੇ ਤਕ ਮੌਜੂਦ ਸੀ । ਤੇਹਰਵੀਂ ਸਦੀ ਵਿੱਚ ਇਥੇ ਦਾ ਮਾਲਕ ਇਕ ਦੇਵਰਾਜ ਜਾਂ ਦੇਵਾ ਸਿੰਘ ਭੱਟੀ ਰਾਜਪੂਤ ਸੀ, ਜਿਸ ਨੇ ਸ਼ਹਿਰ ਦਾ ਨਾਂ 'ਊਸਾ' ਤੋਂ ਬਦਲ ਕੇ 'ਦੇਵਗੜ੍ਹ' ਰੱਖ ਦਿੱਤਾ ਸੀ । ਉਸੇ ਦੇਵਾ ਸਿੰਘ ਨੂੰ ਕੱਢ ਕੇ ਸੱਯਦ ਜਲਾਲ ਬੁਖ਼ਾਰੀ ਨੇ ਪੁਰਾਣੇ ਉੱਚੇ ਥੇਹਾਂ ਉੱਪਰ ਹੁਣ ਵਾਲਾ ਕਸਬਾ ਸੰਨ ੬੩੨ ਹਿਜਰੀ (ਮੁਤਾਬਕ ਸੰਨ ੧੨੩੫ ਈ:) ਵਿੱਚ ਵਸਾਇਆ ਸੀ । ਮਹਾ-ਰਾਜਾ ਰਣਜੀਤ ਸਿੰਘ ਦੇ ਵੇਲੇ ਕਰੀਬ ਸੀ ਕਿ ਇਹ ਕਸਬਾ ਉਜੜ ਜਾਂਦਾ, ਪਰ ਬਹਾਵਲਪੁਰ ਰਿਆਸਤ ਦੇ, ਅੰਗਰੇਜ਼ੀ ਹਕੂਮਤ ਦੀ ਤਾਬੇਦਾਰੀ ਕਬੂਲ ਕਰ ਲੈਣ ਕਰ ਕੇ ਬਚ ਗਿਆ । ਸੰਨ ੧੯੩੧ ਈ: ਦੀ ਮਰਦਮ ਸੁਮਾਰੀ ਅਨੁਸਾਰ ਤਿੰਨਾਂ ਬਸਤੀਆਂ (ਉੱਚ ਬੁਖਾਰੀ, ਉੱਚ ਗੀਲਾਨੀ, ਤੇ ਉੱਚ ਮੁਗਲਾਂ) ਦੀ ਕੁਲ ਅਬਾਦੀ ੮੯੯੦ ਸੀ । ਇਸ ਵਿੱਚ ਹਿੰਦੂ ਇਕ ਹਜ਼ਾਰ ਤੋਂ ਵੀ ਘਟ, ਕੇਵਲ ੮੭੪ ਸਨ ।

ਪਰ ਪੁਰਾਣਾ ਸ਼ਹਿਰ ਤੇ ਵਪਾਰ ਦਾ ਕੇਂਦਰ ਹੋਣ ਕਰ ਕੇ ਇਥੇ ਦੀ ਆਪਣੀ ਵੱਖਰੀ ਹੀ ਬੋਲੀ, ਅਤੇ ਵੱਖਰੀ ਹੀ ਲਿਪੀ ਹੁੰਦੀ ਸੀ । ਉੱਚੀ ਬੋਲੀ ਤਾਂ ਮੁਸਲਮਾਨੀ ਅਸਰ ਹੇਠਾਂ ਮੁਲਤਾਨੀ ਵਿੱਚ ਖਪ ਗਈ, ਪਰ ਅੱਖਰ ਹੁਣ ਵੀ ਹਨ ਤੇ ਵਰਤੇ ਜਾਂਦੇ ਹਨ । ਲਿਪੀ ਨੂੰ ਮੁਸਲਮਾਨ 'ਉੱਚੀ ਹਿੰਦਗੀ' ਜਾਂ 'ਉੱਚੀ ਅੱਖਰ' ਸੱਦਦੇ ਹਨ। ਸਾਰੀਆਂ ਕਾਰੋਬਾਰੀ ਲਿਖਤਾਂ ਇਸ ਲਿਪੀ ਵਿੱਚ ਹੁੰਦੀਆਂ ਹਨ । ਇਹ ਅੱਖਰ ਮੁਲਤਾਨੀ ਤੇ ਮੀਰਾਮਪੁਰੀ ਅੱਖਰਾਂ ਨਾਲੋਂ ਕੁਝ ਵੱਖਰੇ ਹਨ ਅਤੇ ਗੁਜਰਾਂਵਾਲੇ ਦੇ ਸਰਾਫ਼ੀ ਅੱਖਰਾਂ ਅਤੇ ਗੁਰਮੁਖੀ ਨਾਲ ਮਿਲਦੇ ਹਨ । ਅਸੀਂ ਪਲੇਟ ਨੰ: **XVII** ਵਿਚ ਇਹ ਅੱਖਰ ਦਿਆਂਗੇ । ਭਾਟੀ ਦੇਸ ਅਤੇ 'ਊਸਾ' ਸ਼ਹਿਰ ਦੇ ਇਲਾਕੇ ਦੇ

---

*ਹੁਣ ਵਾਲਾ ਲਾਹੌਰ ਕਿਲ੍ਹੇ ਦੇ ਨੇੜੇ ਮਹਿਮੂਦ ਦਾ ਵਸਾਇਆ ਹੋਇਆ ਹੈ । ਪੱਤਨ ਦੇ ਨੇੜੇ ਕੱਚੀ ਗੜ੍ਹੀ ਬਣਾ ਕੇ ਉਸ ਦੇ ਬਾਹਰ ਸ਼ਹਿਰ ਆਬਾਦ ਕੀਤਾ । ਇਸ ਦਾ ਨਾਂ ਪਹਿਲੇ ਮਹਿਮੂਦ ਪੁਰਾ ਹੁੰਦਾ ਸੀ । ਪਿਛੋਂ ਅਕਬਰ ਨੇ ਚੌਦਾਂ ਵਰ੍ਹੇ ਇਥੇ ਆਪਣੀ ਰਿਹਾਇਸ਼ ਰੱਖ ਕੇ ਪੱਕਾ ਕਿਲ੍ਹਾ ਬਣਾਇਆ, ਅਤੇ ਸ਼ਹਿਰ ਨੂੰ ਨਵੇਂ ਸਿਰੇ, ਮੰਡੀਆਂ, ਮਹੱਲੇ, ਗਲੀ ਬਾਜ਼ਾਰ ਦੀਆਂ ਥਾਵਾਂ ਮੁਕੱਰਰ ਕਰ ਕੇ ਆਬਾਦ ਕੀਤਾ । ਅਕਬਰ ਦੇ ਸ਼ਹਿਰ ਦਾ ਦਰਵਾਜ਼ਾ ਜੋ ਪੁਰਾਣੇ ਲਾਹੌਰ ਵੱਲ ਸੀ 'ਲਾਹੌਰੀ ਦਰਵਾਜ਼ਾ' ਅਖਵਾਇਆ, ਜਿਵੇਂ ਸ਼ਾਹਜਹਾਨਾਬਾਦ ਦਾ ਓਹ ਦਰਵਾਜ਼ਾ ਜੋ ਪੁਰਾਣੀ ਦਿੱਲੀ ਵੱਲ ਸੀ, ਦਿੱਲੀ ਦਰਵਾਜ਼ਾ ਅਖਵਾਂਦਾ ਹੈ ।

Sri Satguru Jagjit Singh Ji Elibrary NamdhariElibrary@gmail.com

ਅਖਰਾਂ ਨੂੰ ਹੀ ਬੇਰੂਨੀ ਨੇ 'ਅਰਧ ਨਾਗਰੀ' ਨਾਂ ਹੇਠਾਂ ਗਿਣਿਆ ਹੈ। ਉੱਚੀ ਅੱਖਰ ਭਾਟੀ ਦੇਸ ਦੇ ਅੱਖਰਾਂ ਨਾਲੋਂ ਫ਼ਰਕ ਸਿਰ ਹਨ। ਸੋ ਅਸੀਂ ਕਹਿ ਸਕਦੇ ਹਾਂ ਕਿ ਬੇਰੂਨੀ ਦਾ ਦਿੱਤਾ ਨਾਂ 'ਅਰਧ-ਨਾਗਰੀ' ਇਸ ਦੇਸ ਵਿੱਚ ਪ੍ਰਚੱਲਤ ਕਈ ਤਰ੍ਹਾਂ ਦੇ ਅੱਖਰਾਂ ਦਾ ਸਾਂਝਾ ਨਾਂ ਸੀ। ਭਾਟੀ ਦੇਸ ਦੇ ਪੁਰਾਣੇ ਅੱਖਰਾਂ ਨਾਲ, ਜੋ ਅਸੀਂ ਅੱਗੇ ਚੱਲ ਕੇ ਦਿਆਂਗੇ, ਗੁਰਮਖੀ ਇਤਨੀ ਮਿਲਦੀ ਹੈ ਕਿ ਇਨ੍ਹਾਂ ਨੂੰ ਇੱਕ ਲਿਪੀ ਕਹਿਣਾ ਪੈਂਦਾ ਹੈ। 'ਅਰਧ ਨਾਗਰੀ' ਉੱਤਰ ਵਲ 'ਸਿਧ-ਮਾਤ੍ਰਿਕਾ' ਅਤੇ ਦੱਖਣ ਵਲ 'ਨਾਗਰ' ਲਿਪ੍ਹੀਆਂ ਦੇ ਵਿਚਾਲੇ ਸੀ। ਪ੍ਰਗਟ ਹੈ ਕਿ 'ਗੁਰਮੁਖੀ' ਦਾ ਪੁਰਾਣੀ 'ਨਾਗਰ' ਅਤੇ 'ਸਿਧ ਮਾਤ੍ਰਿਕ' ਨਾਲ ਕੁਝ ਗੂਹੜਾ ਸੰਬੰਧ ਹੈ। ਇਹ ਅਸੀਂ ਉੱਪਰ ਦੱਸ ਆਏ ਹਾਂ ਕਿ 'ਨਾਗਰ' ਦੇ ਦਸ ਅੱਖਰ ਨਾਗਰੀ ਨਾਲੋਂ, ਗੁਰਮੁਖੀ ਨਾਲ ਵਧੀਕ ਕਿਵੇਂ ਮਿਲਦੇ ਹਨ। ਹੁਣ ਅਸੀਂ ਗੁਰਮਖੀ ਦਾ ਟਾਕਰਾ 'ਸਿੱਧ ਮਾਤ੍ਰਿਕਾ' ਦੀਆਂ ਮੌਜੂਦਾ ਸ਼ਕਲਾਂ, 'ਸਾਰਦਾ' ਤੇ 'ਟਾਕਰੀ', ਨਾਲ ਕਰਦੇ ਹਾਂ।

## ੧੧

# ਪੰਜਾਬ ਵਿੱਚ ਪਰਚੱਲਤ ਲਿਪੀਆਂ ਦਾ ਆਪੋ ਵਿੱਚ ਟਾਕਰਾ

ਪਲੇਟ ਨੰ: XIX, XX, XXI, XXII ਵਿੱਚ ਪੰਜਾਬ ਦੀਆਂ ਲਿਪੀਆਂ ਬਰਾਬਰ ਬਰਾਬਰ ਕਾਲਮਾਂ ਵਿੱਚ ਰਖ ਕੇ ਦਿਖਾਈਆਂ ਗਈਆਂ ਹਨ, ਇਨ੍ਹਾਂ ਦਾ ਆਪੋ ਵਿੱਚ ਟਾਕਰਾ ਕਰੋ ।

'ਮਹਾਜਨੀ' ਵਿੱਚ ਤਿੰਨ ਸਵਰ (Vowels) ਅਤੇ ੨੭ ਵਯੰਜਨ (Consonants) ਹਨ । 'ਗੁਰਮੁਖੀ' ਵਿੱਚ ਤਿੰਨ ਸਵਰ ਅਤੇ ੩੨ ਵਯੰਜਨ ਹਨ । ਇਸੇ ਤਰ੍ਹਾਂ 'ਸਾਰਦਾ' ਤੇ 'ਟਾਕਰੀ' ਵਿਚ ਚਾਰ ਚਾਰ ਚਿੰਨ੍ਹ ਸਵਰਾਂ ਦੇ ਅਤੇ ੩੩ ਵਯੰਜਨਾਂ ਦੇ ਹਨ । 'ਨਾਗਰੀ' ਵਿੱਚ ੧੬ ਸਵਰ ਤੇ ੩੬ ਵਯੰਜਨ ਹਨ । ਪਰ ਸਵਰਾਂ ਵਿੱਚੋਂ ਅਨੁਸ੍ਵਾਰ (ਟਿੱਪੀ) ਅਤੇ ਵਿਸਰਗ (ਦੋਬਿੰਦੇ) ਅਸਲ ਵਿਚ ਵਯੰਜਨ ਅੱਖਰ ਹਨ, ਅਤੇ ਕੋਈ ਵੱਖਰੇ ਨਹੀਂ ਗਿਣੇ ਜਾ ਸਕਦੇ, ਕਿਉਂਕਿ 'ਨ' ਅਤੇ 'ਹ' ਦੀ ਥਾਂ ਪਰ ਹਨ । ਏਸ਼ੀਆ ਦੇ ਮਜ਼ਹਬਾਂ ਦੀਆਂ ਧਰਮ-ਪੁਸਤਕਾਂ ਦੇ ਤਰਜਮੇ ਕਰਨ ਲਈ, ਉਨ੍ਹਾਂ ਦੀਆਂ ਲਿਪੀਆਂ ਨੂੰ ਰੋਮਨ ਅੱਖਰਾਂ ਵਿੱਚ ਲਿਖਣ ਵਾਸਤੇ ਜੋ ੮੬ ਅੱਖਰਾਂ ਦੀ ਵਰਣਮਾਲਾ ਯੋਰਪੀਨ ਵਿਦਵਾਨਾਂ ਨੇ ਬਣਾਈ ਹੈ, ਉਸ ਵਿੱਚ ਅਨੁਸ੍ਵਾਰ ਤੇ ਵਿਸਰਗ ਨੂੰ ਵਯੰਜਨਾਂ ਵਿੱਚ ਹੀ ਥਾਂ ਦਿੱਤੀ ਹੈ, ਭਾਵੇਂ ਸਭ ਤੋਂ ਛੇਕੜ । ਹੋਰ ਚਾਰ ਸਵਰ ऋ, ॠ, लृ, ॡ, ਕੁਝ ਇਤਨੇ ਜ਼ਰੂਰੀ ਨਹੀਂ । ਸੰਸਕ੍ਰਿਤ ਵਿੱਚ ਭਾਵੇਂ ਇਹ ਥੋੜੇ ਬਹੁਤੇ ਵਰਤੇ ਜਾਂਦੇ ਹਨ, ਪਰ ਅਜ ਕਲ ਇਨ੍ਹਾਂ ਨੂੰ ਸਿੱਖ ਕੇ ਵੀ ਬਹੁਤ ਥੋੜੇ ਲੋਕ ਇਹ ਆਵਾਜ਼ਾਂ ਬੋਲ ਸਕਦੇ ਹਨ, ਅਤੇ ਇਨ੍ਹਾਂ ਦੇ ਉਚਾਰਣ ਅੱਡ ਅੱਡ ਲੋਕੀ ਅੱਡ ਅੱਡ ਤਰ੍ਹਾਂ ਨਾਲ ਕਰਦੇ ਹਨ। ਉਚਾਰਣ ਵਾਂਗ ਇਨ੍ਹਾਂ ਦੀਆਂ ਸ਼ਕਲਾਂ ਵਿੱਚ ਵੀ ਥਾਂ ਥਾਂ ਫ਼ਰਕ ਹੈ। ਜੇ ਬੰਬਈ ਵੱਲ ਇਕ ਤਰ੍ਹਾਂ ਲਿਖਦੇ ਹਨ ਤਾਂ ਉੱਤਰੀ ਹਿੰਦ ਵਿੱਚ ਹੋਰ ਹੀ ਤਰ੍ਹਾਂ। ਪਰ ਸਭ ਥਾਂ ਇਨ੍ਹਾਂ ਦੀਆਂ ਸ਼ਕਲਾਂ ਉਨ੍ਹਾਂ ਅੱਖਰਾਂ ਦੀਆਂ ਸ਼ਕਲਾਂ ਨੂੰ ਜੋੜ ਕੇ ਬਣਾਈਆਂ ਜਾਂਦੀਆਂ ਹਨ, ਜਿਨ੍ਹਾਂ ਦੇ ਉਚਾਰਣ ਦੇ ਜੋੜ ਤੋਂ ਇਹ ਸਵਰ ਬਣੇ ਹਨ । 'ਅ' ਨੂੰ 'ਰਿ' ਤੇ 'ਰੀ' ਲਾ ਕੇ ਪਹਿਲੇ ਦੋ ਸਵਰ, ਅਤੇ 'ਲ' ਨੂੰ 'ਰਿ' ਤੇ 'ਰੀ' ਲਾ ਕੇ ਪਿਛਲੇ ਦੋ ਸਵਰ ਬਣੇ ਹਨ । ਸੋ ਲਿਪੀ ਬਾਬਤ ਵਿਚਾਰ ਕਰਦਿਆਂ ਸਵਰਾਂ ਵਿੱਚੋਂ ਇਹ ਚਾਰ ਵੀ ਛੱਡੇ ਜਾ ਸਕਦੇ ਹਨ । 'ਐ' ਤੇ 'ਔ' ਇਕਹਿਰੇ ਸਵਰ ਨਹੀਂ, ਦੂਹਰੇ ਸਵਰ (dipthongs) ਹਨ, ਅਤੇ ਸ਼ਕਲਾਂ ਵੀ ਪਹਿਲੇ ਮੌਜੂਦ ਚਿੰਨ੍ਹਾਂ ਨੂੰ ਲਗਾਂ ਲਾ ਕੇ ਬਣੀਆਂ ਹਨ । ਸੋ ਇਹ ਦੋ ਵੀ ਛੱਡ ਦਿਓ । 'ਓ', ਜਿਸ ਦਾ ਉਚਾਰਣ 'ਅ' ਤੇ 'ਵ' ਦੇ ਵਿਚਾਲੇ ਹੈ, ਇਸ ਦਾ ਵੀ 'ਔ' ਵਰਗਾ ਹਾਲ ਹੈ । ਇਸ ਲਈ ਇਹ ਕੋਈ ਵੱਖਰਾ ਚਿੰਨ੍ਹ ਨਹੀਂ । 'ਏ' ਨਾਗਰੀ ਵਿੱਚ ਅੱਡ ਚਿੰਨ੍ਹ ਹੈ । ਇਸ ਦਾ ਉਚਾਰਣ 'ਅ' ਤੇ 'ਇ' ਦੇ ਵਿਚਾਲੇ ਹੈ, ਇਸ ਕਰ ਕੇ ਗੁਰਮੁਖੀ ਵਗੈਰਾ ਲਿਪੀਆਂ ਵਿੱਚ 'ਏ' ਨੂੰ ਹੀ



Sri Satguru Jagjit Singh Ji Elibrary NamdhariElibrary@gmail.com

ਲਗ ਲਾ ਕੇ ਇਹ ਸਵਰ ਬਣਦਾ ਹੈ। ਸੋ ਅਸਲ ਵਿੱਚ 'ਦੇਵਨਾਗਰੀ' ਵਿੱਚ ਸਵਰਾਂ ਲਈ ਸੋਲ੍ਹਾਂ ਦੀ ਥਾਂ ਕੁਲ ਚਾਰ ਅੱਡ ਅੱਡ ਚਿੰਨ੍ਹ ਹਨ : 'ਅ' ਸੰਘ ਦਾ, 'ਇ' ਤਾਲੂ ਦਾ, 'ਉ' ਹੋਠਾਂ ਦਾ, ਤੇ 'ਏ' ਸੰਘ ਤੇ ਤਾਲੂ ਦੁਹਾਂ ਦੇ ਵਿੱਚ ਦਾ ਸਵਰ।

ਅਸਲ ਗੱਲ ਇਉਂ ਹੈ ਕਿ ਸੰਸਕ੍ਰਿਤ ਦੇ ਵਿਯਾਕਰਣੀਆਂ ਨੇ ਵਾਲ ਦੀ ਖੱਲ ਲਾਹ ਕੇ, ਜਿਵੇਂ ਕਦੀ ਇਕ ਵਯੰਜਨ ਅੱਖਰ, ਉਨ੍ਹਾਂ ਦੇ ਉਪਜ ਸਥਾਨ ਤੋਂ ਨਿਕਲ ਸਕਣ ਵਾਲੀਆਂ ਆਵਾਜ਼ਾਂ ਦੇ ਖ਼ਿਆਲਾਂ ਤੋਂ, ਬੇਲੋੜੇ ਹੀ ਬਣਾ ਲਏ ਸਨ, ਤਿਵੇਂ ਹੀ ਉਨ੍ਹਾਂ ਨੇ ਸਵਰ ਆਵਾਜ਼ਾਂ ਬਾਬਤ ਕੀਤਾ। ਇਸ ਗੱਲ ਨੂੰ ਖੋਲ੍ਹਣ ਲਈ ਅਸੀਂ, ਸਵਰਾਂ ਨੂੰ ਉਨ੍ਹਾਂ ਦੇ ਉਪਜ ਸਥਾਨਾਂ ਦੇ ਨਾਵਾਂ ਸਮੇਤ ਹੇਠਾਂ ਦੇਂਦੇ ਹਾਂ :—

| | | | | |
|---|---|---|---|---|
| ਸੰਘ ਦੇ | ਹ੍ਰਸਵ | 'ਅ' | ਅਤੇ ਦੀਰਘ | 'ਆ' |
| ਤਾਲੂ ਦੇ | ,, | 'ਇ' | ਅਤੇ ,, | 'ਈ' |
| ਦੰਦਾਂ ਦੇ | ,, | 'ਲ੍ਰਿ' | ਅਤੇ ,, | 'ਲ੍ਰੀ' |
| ਜੀਭ ਦੇ | ,, | 'ਰਿ' | ਅਤੇ ,, | 'ਰੀ' |
| ਹੋਠਾਂ ਦੇ | ,, | 'ਉ' | ਅਤੇ ,, | 'ਊ' |
| ਸੰਘ ਤੇ ਤਾਲੂ ਦੇ ,, | | 'ਏ' | ਅਤੇ ,, | 'ਐ' |
| ਸੰਘ ਤੇ ਹੋਠਾਂ ਦੇ ,, | | 'ਓ' | ਅਤੇ ,, | 'ਔ' |

ਨਾਗਰੀ ਦੇ ਵਿਅੰਜਨ ਅੱਖਰਾਂ ਵਿੱਚ ਦੋ ਸੰਯੁਕਤ ਵਿਅੰਜਨ (conjunct consonants) ਹਨ ਅਤੇ ਉਨ੍ਹਾਂ ਦੇ ਚਿੰਨ੍ਹ ਵੀ ਉਨ੍ਹਾਂ ਦੇ ਵਿਅੰਜਨ ਚਿੰਨ੍ਹਾਂ ਨੂੰ ਜੋੜ ਕੇ ਪੈਦਾ ਕੀਤੇ ਗਏ ਹਨ, ਜਿਨ੍ਹਾਂ ਦੇ ਉਚਾਰਣ ਮਿਲ ਕੇ ਇਹ ਬਣੇ ਹਨ, ਅਰਥਾਤ 'क्ष' ਅੱਖਰ 'ਕ' ਅਰ 'ਸ਼' ਨੂੰ ਮਿਲਾ ਕੇ ਅਰ 'ਗ੍ਯ' ਅੱਖਰ 'ਜ' ਅਤੇ 'ਞ' ਨੂੰ ਮਿਲਾ ਕੇ ! ਜਿਥੇ 'ਦ' ਅਰ 'ਯ' ਦੇ ਉਚਾਰਣ ਮਿਲਾਣ ਨਾਲ ਦੂਜਾ ਵਿਅੰਜਨ ਬਣਦਾ ਹੈ, ਬਜਾਏ 'ਗ' ਅਤੇ 'ਯ' ਦੇ, ਜਿਸ ਤਰ੍ਹਾਂ ਕਿ ਮਹਾਰਾਸ਼ਟਰ ਵਿੱਚ, ਉੱਥੇ ਚਿੰਨ੍ਹ ਵੀ 'ਦ' ਅਤੇ 'ਯ' ਨੂੰ ਜੋੜ ਕੇ ਬਣਾਇਆ ਜਾਂਦਾ ਹੈ, ਯਥਾ 'ਦ੍ਯ'। ਇਸੇ ਤਰ੍ਹਾਂ ਇਕ ਹੋਰ ਵਿਅੰਜਨ ਹੈ 'ळ' ਜੋ ਕੇਵਲ ਵੇਦਾਂ ਵਿੱਚ ਹੀ ਵਰਤਿਆ ਗਿਆ ਹੈ, ਸੋ ਵੀ ਕਿਤੇ ਕਿਤੇ। ਇਨ੍ਹਾਂ ਸੰਯੁਕਤ ਵਿਅੰਜਨਾਂ ਨੂੰ ਕੱਢ ਕੇ ਨਾਗਰੀ ਦੇ ਸਾਰੇ ੩੩ ਵਿਅੰਜਨ ਹੀ ਰਹਿ ਜਾਂਦੇ ਹਨ। 'ਨਾਗਰੀ' ਵਾਂਗ ਹੀ 'ਸਾਰਦਾ' ਦਾ ਹਾਲ ਹੈ, ਉਸ ਵਿੱਚ ਵੀ ੪ ਸਵਰ ਤੇ ੩੩ ਵਿਅੰਜਨ ਹੀ ਰਹਿ ਜਾਂਦੇ ਹਨ। ਗੁਰਮੁਖੀ ਵਿੱਚ ਇਕ ਅੱਖਰ 'ੜ' ਹੈ, ਜੋ ਨਾਗਰੀ, ਸਾਰਦਾ, ਟਾਕਰੀ ਕਿਸੇ ਵਿੱਚ ਨਹੀਂ, ਹਾਂ ਮਹਾਜਨੀ ਤੇ ਲੰਡਿਆਂ ਵਿੱਚ ਹੈ। ਇਸ ਨੂੰ ਅੱਡ ਰਖ ਕੇ ਗੁਰਮੁਖੀ ਦੇ ਵਿਅੰਜਨ, ਨਾਗਰੀ, ਸਾਰਦਾ ਤੇ ਟਾਕਰੀ ਦੇ ਮੁਕਾਬਲੇ ਤੇ ੩੩ ਦੀ ਥਾਂ ੩੧ ਰਹਿ ਜਾਂਦੇ ਹਨ, ਅਤੇ ੪ ਸਵਰ ਚਿੰਨ੍ਹਾਂ ਦੀ ਥਾਂ ੩ ਸਵਰ ਚਿੰਨ੍ਹ। ਦੋ ਵਿਅੰਜਨ 'ਸ਼' (ਜੀਭ ਦਾ) ਅਤੇ 'ਖ' (ਤਾਲੂ ਦਾ) ਅਰ ਇਕ ਸਵਰ ਚਿੰਨ੍ਹ 'ਏ' ਘਟ ਹਨ। ਸੋ 'ਸ਼' ਦੀ ਤਾਂ ਠੇਠ ਪੰਜਾਬੀ ਵਿੱਚ ਲੋੜ ਨਹੀਂ ਸੀ, ਇਸ ਦਾ ਉਚਾਰਣ 'ਸ' ਦਾ ਜਾਂ 'ਛ' ਦਾ ਹੋ ਜਾਂਦਾ ਸੀ, ਜੋ ਇਕ ਸੰਘ ਦਾ (Sibilant) ਤੇ ਦੂਜਾ ਤਾਲੂ ਦਾ (spirated) ਸ਼ਬਦ ਹੈ। ਅਜਕਲ 'ਸ' ਦੇ ਹੇਠਾਂ ਬਿੰਦੀ ਦੇ ਕੇ ਅਤੇ 'ਸ਼' ਲਿਖ ਕੇ ਫ਼ਾਰਸੀ ਦੇ ਲਫ਼ਜ਼ਾਂ شیر ਵਗੈਰਾ, ਜੋ ਪਿੱਛੋਂ ਪੰਜਾਬੀ ਬੋਲੀ ਵਿੱਚ ਵੜੇ ਹਨ, ਲਿਖੇ ਜਾਂਦੇ ਹਨ। 'ਖ' ਦਾ ਉਚਾਰਣ ਪੰਜਾਬੀ ਵਿੱਚ ਅਕਸਰ ਖ 'ਖ' ਦਾ ਹੋ ਜਾਂਦਾ ਹੈ ਅਤੇ ਕਦੇ ਕਦੇ 'ਛ' ਦਾ। ਸੋ ਇਹ ਚਿੰਨ੍ਹ ਉਸੇ ਤਰ੍ਹਾਂ ਮੌਜੂਦ

Sri Satguru Jagjit Singh Ji Elibrary NamdhariElibrary@gmail.com

ਹੈ, ਕੇਵਲ ਉੱਪਰੋਂ ਖੁੱਲ੍ਹਾ ਹੈ। 'ਏ' ਲਈ ਅੱਡ ਚਿੰਨ੍ਹ ਹੋਣ ਦੀ ਲੋੜ ਨਹੀਂ, ਤੇ ਹੋਰ ਕਿਤਨੀਆਂ ਹੀ ਲਿਪੀਆਂ ਵਿੱਚ ਹੈ ਵੀ ਨਹੀਂ। ਅਰਬੀ ਫ਼ਾਰਸੀ ਵਿੱਚ ਵੀ ਤਿੰਨ ਹੀ ਸਵਰ ਹਨ ਜਿਨ੍ਹਾਂ ਦੇ ਚਿੰਨ੍ਹ ਜ਼ਬਰ, ਜ਼ੇਰ, ਪੇਸ਼ ਹਨ, ਜੋ ਅਲਫ਼, ਯੇ ਤੇ ਵਾਉ ਨਾਲ ਮਿਲ ਕੇ ਦੀਰਘ ਸਵਰ ਬਣਾਨ ਦਾ ਕੰਮ ਦੇਂਦੇ ਹਨ। ਉਨ੍ਹਾਂ ਬੋਲੀਆਂ ਵਿੱਚ ਛਿਆਂ ਤੋਂ ਵਧ ਸਵਰ ਨਹੀਂ।

ਸੋ ਸਿੱਟਾ ਇਹ ਨਿਕਲਿਆ ਕਿ ਜਿਥੋਂ ਤਕ ਲਿਪੀ ਦੇ ਚਿੰਨ੍ਹਾਂ ਦੀ ਗਿਣਤੀ ਦਾ ਸਵਾਲ ਹੈ, ਪੰਜਾਬ ਦੀਆਂ ਸਭ ਕਿਤਾਬੀ ਲਿਪੀਆਂ ਨਾਗਰੀ, ਸਾਰਦਾ, ਟਾਕਰੀ ਤੇ ਗੁਰਮੁਖੀ ਇੱਕੋ ਜਹੀਆਂ ਹਨ, ਕੋਈ ਅਜਿਹਾ ਫ਼ਰਕ ਨਹੀਂ ਜੋ ਕਾਬਲਿ ਜ਼ਿਕਰ ਹੋਵੇ। ਰਿਹਾ ਸਵਾਲ ਚਿੰਨ੍ਹਾਂ ਜਾਂ ਅੱਖਰਾਂ ਦੀਆਂ ਸ਼ਕਲਾਂ ਦਾ, ਸੋ ਹੁਣ ਵਿਚਾਰ ਕਰਦੇ ਹਾਂ।

ਪਲੇਟ ਨੰ: XIX, XX, XXI, XXII, ਸਾਹਮਣੇ ਰੱਖ ਲੋ।

I. ਗੁਰਮੁਖੀ ਅੱਖਰਾਂ ਦਾ ਨਾਗਰੀ ਅੱਖਰਾਂ ਨਾਲ ਟਾਕਰਾ ਕਰੀਏ, ਤਾਂ ਇਹ ਗੱਲਾਂ ਸਿੱਧ ਹੁੰਦੀਆਂ ਹਨ :—

(੧) ਦੋਹਾਂ ਦੇ ਦੋ ਅੱਖਰ ਸਾਂਝੇ ਹਨ :—'ਟ' ਤੇ 'ਠ'।

(੨) ਦੋਹਾਂ ਦੇ ਪੰਜ ਅੱਖਰ ਮਿਲਦੇ ਹਨ :—

ੳ (उ); ਖ (ख); ਗ (ग); ਜ; ਢ।

(੩) ਦੋਹਾਂ ਦੇ ੧੪ ਅੱਖਰ ਕੁਝ ਕੁਝ ਮਿਲਦੇ ਹਨ :—

ਦ (ए ਨਾਲ); ਕ; ਘ; ਙ; ਚ; ਛ ਜਾਂ ਡ; ਥ: ਦ; ਪ; ਮ; ਯ; ਰ; ਸ ਅਤੇ ਅ;

(੪) ਇਹ ਚੌਦਾਂ ਅੱਖਰ ਨਹੀਂ ਮਿਲਦੇ :—

ਝ; ਞ; ਡ; ਣ; ਤ; ਧ; ਨ; ਫ; ਬ; ਭ; ਲ; ਙ; ਹ; ਵ।

ਪਹਿਲੀ ਪੰਕਤੀ ਦੇ 'ਟ' ਅਤੇ 'ਠ' 'ਟਾਕਰੀ' ਨਾਲ ਵੀ ਸਾਂਝੇ ਹਨ, ਅਤੇ ਸਾਰਦਾ ਤੇ ਉੱਤਰੀ ਹਿੰਦ ਦੀਆਂ ਬਾਕੀ ਸਭ ਲਿਪੀਆਂ ਵਿੱਚ ਵੀ ਇਹ ਦੋ ਅੱਖਰ 'ਟ' ਤੇ 'ਠ' ਇਉਂ ਹੀ ਰਹਿੰਦੇ ਹਨ ਅਤੇ ਇਨ੍ਹਾਂ ਦੀਆਂ ਸ਼ਕਲਾਂ ਵਿੱਚ ਆਪਣੀਆਂ ਪੁਰਾਣੀਆਂ ਅਸ਼ੋਕ ਦੇ ਵੇਲੇ ਦੀਆਂ ਸ਼ਕਲਾਂ ਨਾਲ, ਹੋਰ ਸਭਨਾਂ ਅੱਖਰਾਂ ਨਾਲੋਂ ਵਧੀਕ ਮਿਲਦੀਆਂ ਹਨ।

ਦੂਜੀ ਪੰਕਤੀ ਦੇ ਅੱਖਰ, ਜੋ ਨਾਗਰੀ ਨਾਲ ਮਿਲਦੇ ਹਨ, ਓਹ ਟਾਕਰੀ ਨਾਲ ਸਾਂਝੇ ਹਨ।

ਤੀਜੀ ਪੰਕਤੀ ਦੇ ਜੋ ਨਾਗਰੀ ਅੱਖਰਾਂ ਨਾਲ ਥੋੜਾ ਬਹੁਤ ਮਿਲਦੇ ਹਨ, ਓਹ ਅੱਧੇ ਕੁ ਟਾਕਰੀ ਨਾਲ ਸਾਂਝੇ ਹਨ ਤੇ ਕੁਝ ਮਿਲਦੇ ਹਨ।

ਚੋਥੀ ਪੰਕਤੀ ਦੇ ਜੋ ਨਾਗਰੀ ਅੱਖਰਾਂ ਨਾਲ ਅਸਲੋਂ ਨਹੀਂ ਮਿਲਦੇ, ਉਨ੍ਹਾਂ ਵਿਚੋਂ ਹੀ ਕਈ ਟਾਕਰੀ ਨਾਲ ਸਾਂਝੇ ਅਤੇ ਕਈ ਮਿਲਦੇ ਜੁਲਦੇ ਹਨ।

ਗੁਰਮੁਖੀ ਦਾ ਟਾਕਰਾ 'ਟਾਕਰੀ' ਨਾਲ ਕੀਤਿਆਂ ਇਨ੍ਹਾਂ ਗੱਲਾਂ ਦਾ ਪਤਾ ਲਗਦਾ ਹੈ।

(੧) ਇਹ ਅੱਖਰ ਦੁਹਾਂ ਦੇ ਸਾਂਝੇ ਹਨ :—

ੳ, ਖ, ਗ, ਘ, ਟ, ਠ, ਡ, ਤ, ਥ, ਪ, ਬ, ਵ, (ਟਾਕਰੀ ਬ), ਝ, ਰ, ਹ।

(੨) ਇਹ ਅੱਖਰ ਮਿਲਦੇ ਜੁਲਦੇ ਹਨ :—

ਚ, ਢ, ਦ, ਧ, ਲ।

(੩) ਇਹ ਅੱਖਰ ਕੁਝ ਮਿਲਦੇ ਹਨ :—

ਕ, ਛ, ਜ, ਵ, ਮ, ਯ।

(੪) ਇਹ ਅੱਖਰ ਨਹੀਂ ਮਿਲਦੇ :—

ਅ, ਏ, ਙ, ਝ, ਣ, ਨ, ਥ, ਸ।

ਅਰਥਾਤ ਪੰਦਰਾਂ ਅੱਖਰ ਦੋਹਾਂ ਲਿਪੀਆਂ ਦੇ ਸਾਂਝੇ ਹਨ: ਪੰਜ ਮਿਲਦੇ ਹਨ ਤੇ ਛੇ ਕੁਝ ਕੁਝ ਮਿਲਦੇ ਹਨ; ਅਤੇ ਕੇਵਲ ਅੱਠ ਨਹੀਂ ਮਿਲਦੇ। ਇਨ੍ਹਾਂ ਅੱਠਾਂ ਵਿੱਚੋਂ ਵੀ ਦੋ ਅੱਖਰ ਅਜਿਹੇ ਹਨ ਜੋ ਸ਼ਾਇਦ ਹੀ ਵਰਤਣ ਵਿੱਚ ਆਉਂਦੇ ਹਨ। ਸਿੱਟਾ ਇਹ ਨਿਕਲਿਆ ਕਿ ਦੇਵਨਾਗਰੀ ਨਾਲੋਂ, 'ਟਾਕਰੀ' ਲਿਪੀ ਗੁਰਮੁਖੀ ਨਾਲ ਬਹੁਤ ਵਧੀਕ ਮਿਲਦੀ ਹੈ, ਅਤੇ ਇਨ੍ਹਾਂ ਵਿੱਚ ਜ਼ਰੂਰ ਕੁਝ ਗੂਹੜਾ ਸੰਬੰਧ ਹੈ। ਇਹ ਦੋਵੇਂ ਇਤਨੀਆਂ ਮਿਲਦੀਆਂ ਹਨ ਕਿ ਜ਼ਰੂਰ ਕਿਸੇ ਸਾਂਝੇ ਸੋਮੇ ਤੋਂ ਨਿਕਲੀਆਂ ਹਨ; ਅਤੇ ਨਾਗਰੀ ਨਾਲੋਂ ਇਨ੍ਹਾਂ ਦਾ ਇਤਨਾ ਫ਼ਰਕ ਹੈ ਕਿ ਉਸ ਵਿਚੋਂ ਨਹੀਂ ਨਿਕਲੀਆਂ। ਕੁਝ ਅੱਖਰ ਇਨ੍ਹਾਂ ਤਿੰਨਾਂ ਦੇ ਜ਼ਰੂਰ ਮਿਲਦੇ ਹਨ, ਜਿਸ ਦਾ ਮਤਲਬ ਇਹ ਹੈ ਕਿ ਇਨ੍ਹਾਂ ਤਿੰਨਾਂ ਦਾ ਹੀ ਦੂਰ ਦਾ ਸਾਕ ਹੈ।

———

ਹੁਣ ਜੇ ਗੁਰਮੁਖੀ ਦਾ ਟਾਕਰਾ 'ਸਾਰਦਾ' ਨਾਲ ਕਰੀਏ, ਤਦ ਪਤਾ ਲਗਦਾ ਹੈ ਕਿ ਇਹ ਗੁਰਮੁਖੀ ਤੇ ਟਾਕਰੀ ਨਾਲੋਂ ਨਾਗਰੀ ਨਾਲ ਵਧੀਕ ਮਿਲਦੀ ਹੈ, ਪਰ ਗੁਰਮੁਖੀ ਨਾਲ ਇਤਨਾ, ਨਹੀਂ ਮਿਲਦੀ ਜਿਤਨਾ ਕਿ ਟਾਕਰੀ ਨਾਲ ਮਿਲਦੀ ਹੈ। ਪਰ ਗੁਰਮੁਖੀ ਅਤੇ ਸਾਰਦਾ ਦਾ, ਗੁਰਮੁਖੀ ਅਤੇ ਨਾਗਰੀ ਨਾਲੋਂ ਵਧੀਕ ਨੇੜੇ ਦਾ ਸਾਕ ਹੈ। ਗੁਰਮੁਖੀ ਅਤੇ ਸਾਰਦਾ ਦੇ ਸੱਤ ਅੱਖਰ ਸਾਂਝੇ ਅਤੇ ਬਾਰਾਂ ਮਿਲਦੇ ਹਨ। ਗੁਰਮੁਖੀ ਦੇ ਸਾਰਦਾ ਨਾਲ ਵਧੀਕ ਮਿਲਣ ਕਰ ਕੇ ਅਤੇ ਨੇੜੇ ਹੋਣ ਕਰ ਕੇ ਡਾਕਟਰ ਗ੍ਰੀਅਰਸਨ ਨੇ ਗੁਰਮੁਖੀ ਨੂੰ ਸਾਰਦਾ ਵਿਚੋਂ ਬਣੀ ਕਿਹਾ ਹੈ, ਜੋ ਗੱਲ ਕਿ ਅਸਲ ਵਿੱਚ ਠੀਕ ਨਹੀਂ। ਸੋ ਪੁਰਾਣੇ ਜੋ ਕੋਈ ਵੀ ਅੱਖਰ ਸਨ, ਪ੍ਰਤੱਖ ਹੈ ਕਿ ਉਨ੍ਹਾਂ ਤੋਂ ਇਕ ਪਾਸੇ ਦੇਵਨਾਗਰੀ ਦੀ ਵੱਡੀ ਵਡੇਰੀ ਲਿਪੀ ਬਣੀ, ਅਤੇ ਦੂਜੇ ਪਾਸੇ ਪੰਜਾਬ ਦੀਆਂ ਤਿੰਨਾਂ ਲਿਪੀਆਂ ਦੀ ਵੱਡੀ ਨਾਨੀ ਮਾਂ। ਇਸ ਛੋਕੜਲੀ ਤੋਂ ਅੱਗੇ ਇਕ ਪਾਸੇ ਸਾਰਦਾ, ਅਤੇ ਦੂਜੇ ਪਾਸੇ ਟਾਕਰੀ ਤੇ ਗੁਰਮੁਖੀ ਦੀਆਂ ਮਾਂਵਾਂ ਪੈਦਾ ਹੋਈਆਂ।

ਇਨ੍ਹਾਂ ਲਿਪੀਆਂ ਦੇ ਆਪੋ ਵਿੱਚ ਦੇ, ਅਤੇ ਹੋਰ ਹਿੰਦੀ ਲਿਪੀਆਂ ਨਾਲ ਸੰਬੰਧ ਨੂੰ ਪਲੇਟ ਨੰ: XV ਵਿੱਚ ਇਕ ਬਿਰਖ ਦੇ ਟਾਹਣੇ ਟਾਹਣੀਆਂ ਦੀ ਸ਼ਕਲ ਵਿੱਚ ਵਿਖਾਇਆ ਹੈ, ਜੜ੍ਹਾਂ ਤੋਂ ਲੈ ਕੇ ਤੋੜ ਸ਼ਿਖਰ ਤਕ।

Sri Satguru Jagjit Singh Ji Elibrary NamdhariElibrary@gmail.com

## ੧੨

# ਗੁਰਮੁਖੀ ਦਾ ਟਾਕਰਾ ਪਰਾਚੀਨ ਹਿੰਦੀ ਲਿਪੀਆਂ ਨਾਲ

ਅਸਾਂ ਉੱਪਰ ਕਿਹਾ ਹੈ ਕਿ 'ਗੁਰਮੁਖੀ' ਦੇ ਕੇਵਲ ਅੱਠ ਅੱਖਰ :

ਅ, ੲ, ਙ, ਞ, ਣ, ਨ, ਬ, ਸ,

'ਟਾਕਰੀ' ਨਾਲ ਨਹੀਂ ਮਿਲਦੇ, ਅਤੇ 'ੜ' ਉਸ ਵਿੱਚ ਵਾਧੂ ਹੈ। ਬਾਕੀ ਦੇ ੨੯ ਸਾਰੇ, ਮਿਲਦੇ, ਤੇ ਕੁਝ ਮਿਲਦੇ ਹਨ। ਪਰ ਕੀ ਇਨ੍ਹਾਂ ਅੱਠਾਂ ਵਿੱਚ ਤੇ 'ੜ' ਵਿੱਚ ਵੀ ਕੁਝ ਨਵਾਂਪਨ ਹੈ, ਜਾਂ ਇਹ ਵੀ ਪੁਰਾਣੀਆਂ ਸ਼ਕਲਾਂ ਵਿੱਚੋਂ ਹੀ ਬਣੇ ਹਨ ? ਜਦ ਇਨ੍ਹਾ ਅੱਖਰਾਂ ਦਾ ਟਾਕਰਾ ਪੁਰਾਣੇ ਸਿਲਾ-ਲੇਖਾਂ ਦੇ ਅੱਖਰਾਂ ਅਤੇ ਹੋਰ ਪਰਚੱਲਤ ਲਿਪੀਆਂ ਨਾਲ ਕਰੀਏ, ਤਦ ਸਾਫ਼ ਦਿਸ ਪੈਂਦਾ ਹੈ ਕਿ ਇਨ੍ਹਾਂ ਅੱਠਾਂ ਨੌਵਾਂ ਵਿਚੋਂ ਇੱਕ ਦੀ ਸ਼ਕਲ ਵੀ ਨਵੀਂ ਨਹੀਂ, ਗੁਰਮੁਖੀ ਦੇ ਅੱਖਰ ਜਿਉਂ ਦੇ ਤਿਉਂ ਹੋਰ ਲਿਪੀਆਂ ਵਿਚ ਮੌਜੂਦ ਹਨ। ਪਲੇਟਨੰ: XXIII, XXIV, XXV ਤੇ ਨਜ਼ਰ ਮਾਰੋ ਤੇ ਵੇਖੋ ਕਿ: ਗੁਰਮੁਖੀ ਦਾ 'ਅ' ਦਸਵੀਂ-ਯਾਰਵੀਂ ਸਦੀ ਬਿਕ੍ਰਮੀ ਵਿਚ ਆਪਣੀ ਹੁਣ ਵਾਲੀ ਸ਼ਕਲ ਪਾ ਚੁਕਾ ਸੀ, ਅਤੇ ਗੁਰੂ ਨਾਨਕ ਦੇਵ ਸੋਲ੍ਹਵੀਂ ਸਦੀ ਵਿੱਚ ਹੋਏ ਹਨ।

ਇਸੇ ਤਰ੍ਹਾਂ 'ੲ' ਵੀ ਦਸਵੀਂ-ਯਾਹਰਵੀਂ ਸਦੀ ਵਿੱਚ, 'ਙ' ਅੱਠਵੀਂ ਨੌਵੀਂ ਸਦੀ ਵਿਚ, 'ਬ' ਨੌਵੀਂ-ਦਸਵੀਂ ਵਿਚ, ਤੇ 'ਸ' ਬਾਹਰਵੀਂ-ਤੇਹਰਵੀਂ ਸਦੀ ਵਿੱਚ ਇਨ੍ਹਾਂ ਸ਼ਕਲਾਂ ਵਿੱਚ ਆ ਚੁਕੇ ਸਨ।

ਫਿਰ ਵੇਖੋ 'ਸ' ਜੇ 'ਟਾਕਰੀ' ਨਾਲ ਨਹੀਂ ਤਾਂ 'ਸਾਰਦਾ' ਨਾਲ ਮਿਲਦਾ ਹੈ, ਅਤੇ ਇਸ ਅੱਖਰ ਦੀ ਪੁਰਾਣੀ ਸ਼ਕਲ ਸ਼ਿਲਾ-ਲੇਖਾਂ ਵਿੱਚ ਵੀ ਇਹੋ ਹੈ। 'ਅ' ਅਤੇ 'ਝ' 'ਮਹਾਜਨੀ' ਨਾਲ ਮਿਲਦੇ ਹਨ। 'ਅ' ਦੀਆਂ ਸਭ ਪੁਰਾਣੀਆਂ ਸ਼ਕਲਾਂ, ਜਿਨ੍ਹਾਂ ਵਿਚੋਂ ਇਹ ਹੋ ਕੇ ਲੰਘਿਆ ਹੈ, ਮੌਜੂਦ ਹਨ, ਅਤੇ 'ਝ' ਪੁਰਾਣੇ '' ਚਿੰਨ੍ਹ ਨੂੰ ਬਦਲ ਕੇ ਬਣਿਆ ਸਾਫ਼ ਦਿਸ ਰਿਹਾ ਹੈ, ਜਿਸ ਦਾ ਸਬੂਤ 'ਮਹਾਜਨੀ' ਦਾ 'ਝ' ਹੈ। 'ਨਾਗਰੀ' ਦਾ ਪੁਰਾਣਾ 'ਝ' ਇਸਅਤੇ (  ) ਅਤੇ ਇਸ ਦਾ 'ਝ' ਵੀ ਇਹੋ ਅੱਖਰ ਹੈ। ਪੁਰਾਣੇ ਅੱਖਰ-ਚਿੰਨ੍ਹਾਂ ਦੀ ਪੜਚੋਲ ਕੀਤਿਆਂ ਇਹ ਦਿਸਦਾ ਹੈ ਕਿ

---

*ਵਿਦਵਾਨਾਂ ਨੇ, ਜਿਨ੍ਹਾਂ ਹਿੰਦੀ ਲਿਪੀਆਂ ਸੰਬੰਧੀ ਖੋਜ ਕੀਤੀ ਹੈ, ਇਹ ਪੰਜ ਅੱਖਰ: ਸ,ਥ,ਲ,ਸ,ਙ, ਲਿਪੀਆਂ ਨੂੰ ਇਕ ਦੂਜੀ ਤੋਂ ਨਿਖੇੜਨ ਲਈ ਕਸਵਟੀ ਬਣਾਏ ਹਨ, ਅਸੀਂ ਇਨ੍ਹਾਂ ਵਿੱਚ ਚਾਰ ਹੋਰ ਵਧਾਏ ਹਨ,—ਝ, ਞ, ਣ, ਥ।



Sri Satguru Jagjit Singh Ji Elibrary NamdhariElibrary@gmail.com

ਉਚਾਰਣ ਵਿੱਚ ਮਿਲਦੇ ਜੁਲਦੇ ਅੱਖਰਾਂ ਦੇ ਚਿੰਨ੍ਹ ਵੀ ਆਪੋ ਵਿੱਚ ਬਹੁਤ ਕੁਝ ਮਿਲਦੇ ਜੁਲਦੇ ਸਨ। ਨਮੂਨੇ ਲਈ ਵੇਖੋ ਬ੍ਰਹਮੀ ਲਿਪੀ ਦੇ 'ਝ' ਅਤੇ 'ਢ'; 'ਟ' ਅਰ 'ਠ'; 'ਠ' ਤੇ 'ਥ'; 'ਣ' ਤੇ 'ਨ'; 'ਚ' ਤੇ 'ਛ'; 'ਝ' ਤੇ 'ਤ'; 'ਪ' ਤੇ 'ਫ'; 'ਸ਼' ਤੇ 'ਖ਼'। ਇਸੇ ਤਰ੍ਹਾਂ ਹੁਣ ਦੇਵਨਾਗਰੀ ਵਿੱਚ 'ਧ' ਤੇ 'ਘ' 'ਘ' ਤੇ 'ਘ' ਜੋ ਪੁਰਾਣੇ 'ਜ' ਵਿੱਚ ਕੇਵਲ ਇਕ ਟੰਗ ਵਧੀਕ ਲਾਣ ਨਾਲ ਬਣਿਆ ਸੀ।

'ੲ' ਚਿੰਨ੍ਹ ਨਾਲ ਤਿੰਨ ਸਵਰ ਵਿਖਾਏ ਜਾਂਦੇ ਹਨ : ਇ, ਈ, ਤੇ ਏ, ਅਤੇ 'ੲ' ਚਿੰਨ੍ਹ ਸਾਫ਼ ਪੁਰਾਣੇ 'ਏ' ਤੋਂ ਬਣਿਆ ਦਿਸ ਰਿਹਾ ਹੈ।

'ਛ' ਦੀ ਸ਼ਕਲ 'ਨਾਗਰੀ' ਦੇ 'ਯ' ਨਾਲੋਂ ਪੁਰਾਣੀ ਹੈ; ਕੇਵਲ ਅੱਖਰ ਦੇ ਮੂੰਹ ਦਾ ਖੱਬੇ ਸੱਜੇ ਦਾ ਫ਼ਰਕ ਹੈ। ਇਸੇ ਤਰ੍ਹਾਂ ਦਾ ਸੱਜੇ ਖੱਬੇ ਦਾ ਫ਼ਰਕ ਹੋਰ ਕਈ ਅੱਖਰਾਂ ਦੀਆਂ ਪੁਰਾਣੀਆਂ ਸ਼ਕਲਾਂ ਵਿੱਚ ਵੇਖਿਆ ਜਾਂਦਾ ਹੈ, ਜਿਵੇਂ, 'ਝ' 'ਫ' 'ਹ' ਵਿੱਚ। ਇਸ ਦਾ ਕਾਰਨ, ਜਿਵੇਂ ਕਿ ਅਸੀਂ ਦੱਸ ਆਏ ਹਾਂ, ਯੂਨਾਨੀਆਂ ਦੇ ਆਪਣੇ ਲੇਖ 'ਹਲ ਦੀ ਲੀਕ ਅਨੁਸਾਰ' ਲਿਖਣ ਦਾ ਜਤਨ ਸੀ। ਗੁਰਮੁਖੀ ਦੇ 'ਛ' ਤੇ 'ਫ' ਪਹਿਲੇ ਨਾਲੋਂ ਕੁਝ ਬਦਲ ਗਏ ਹਨ।

'ਣ', 'ਨ' ਤੇ 'ਬ' ਦੀਆਂ ਸਭ ਪੁਰਾਣੀਆਂ ਸ਼ਕਲਾਂ ਮੌਜੂਦ ਹਨ, ਜਿਨ੍ਹਾਂ ਵਿੱਚੋਂ ਲੰਘ ਕੇ ਇਹ ਹੌਲੀ ਹੌਲੀ ਹੁਣ ਵਾਲੀ ਸ਼ਕਲ ਨੂੰ ਅੱਪੜੇ ਹਨ। 'ਣ' ਵਿੱਚ ਕੇਵਲ ਇਕ ਪੁਰਾਣੀ ਸ਼ਕਲ ਦਾ ਪਾਸਾ ਪਲਟ ਗਿਆ ਹੈ, ਲੇਟਵੀਂ ਸ਼ਕਲ ਦੀ ਥਾਂ ਖੜੀ ਸ਼ਕਲ ਹੋ ਗਈ ਹੈ, ਜਿਵੇਂ ਪੁਰਾਣੇ ਸਮੇਂ ਵਿੱਚ ਹੋਰ ਕਈ ਅੱਖਰਾਂ ਦਾ ਹਾਲ ਹੋਇਆ ਹੈ। (ਨਮੂਨੇ ਲਈ ਬ੍ਰਹਮੀ ਦੇ 'ਧ', 'ਥ', 'ਤ' ਅਰ 'ਥ' ਵੇਖੋ। ਇਸੇ ਤਰ੍ਹਾਂ ਸਾਰਦਾ ਦਾ 'ਜ' ਅਰ 'ਝ' ਹਨ) ਗੁਰਮੁਖੀ ਅਤੇ ਟਾਕਰੀ ਦਾ 'ਹ' ਵੀ ਪਾਸਾ ਪਰਤ ਕੇ ਬਣਿਆ ਹੈ। ਇਸ ਦਾ ਸਬੱਬ ਅਸੀਂ ਹੋਰ ਥਾਂ ਦੱਸਿਆ ਹੈ ਕਿ ਫ਼ਿਨਿਕੀ ਲਿਪੀ, ਜਿਸ ਵਿੱਚੋਂ ਬ੍ਰਹਮੀ ਦੇ ਅੱਖਰ ਲਏ ਗਏ ਸਨ, ਸੱਜਿਓਂ ਖੱਬੇ ਨੂੰ ਤੇ ਲੀਕੋਂ ਉੱਪਰ ਲਿਖੀ ਜਾਂਦੀ ਸੀ ਅਤੇ ਬ੍ਰਹਮੀ ਅੱਖਰ ਕੁਝ ਚਿਰ ਬੇਨ੍ਹਕੀ ਦੀ ਹਾਲਤ ਵਿੱਚ ਰਹਿ ਕੇ ਜਲਦੀ ਹੀ ਸਾਡੇ ਪੰਡਤਾਂ ਦੀ ਬੱਧੀ ਰੀਤੀ ਅਨੁਸਾਰ ਲਿਖੇ ਜਾਣ ਲਗ ਪਏ। ਅਰਥਾਤ ਖੱਬਿਓਂ ਸੱਜੇ ਨੂੰ ਤੇ ਲੀਕੋਂ ਹੇਠਾਂ।

ਤਾਂ ਤੇ ਹੁਣ ਤਕ ਗਰਮੁਖੀ ਦਾ ਕੋਈ ਅੱਖਰ ਨਵਾਂ ਬਣਿਆ ਸਿੱਧ ਨਹੀ ਹੋਇਆ। ਸਭ ਪੁਰਾਣੀਆਂ ਸ਼ਕਲਾਂ ਵਿੱਚੋਂ ਹੀ, ਕਿਸੇ ਨਾ ਕਿਸੇ ਤਰ੍ਹਾਂ ਬਣੇ ਹਨ ਅਤੇ ਹੁਣ ਵਾਲੀਆਂ ਸ਼ਕਲਾਂ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਪਹਿਲੇ ਦੀਆਂ ਹਨ। ਬਾਕੀ ਰਿਹਾ ਵਾਧੂ ਅੱਖਰ 'ੜ'। ਇਹ ਅੱਖਰ 'ਰ' ਨਾਲ ਉਚਾਰਣ ਵਿੱਚ ਮਿਲਦਾ ਹੈ, ਅਤੇ ਉਸੇ ਦੀ ਪੁਰਾਣੀ ਸ਼ਕਲ ਤੋਂ ਘੁੰਡੀ ਬਣਨ ਦੀ ਥਾਂ ਗੋਡਾ ਲਾ ਕੇ ਬਣਾਇਆ ਗਿਆ ਹੈ। ਫਿਰ ਇਹ ਅੱਖਰ ਪੰਜਾਬ ਦੀਆਂ ਹੋਰ ਵਰਣਮਾਲਾ 'ਉੱਚੀ', ਪੁਰਾਣੀ 'ਸਰਾਫ਼ੀ' ਆਦਿ ਵਿੱਚ ਮੌਜੂਦ ਹੈ, ਭਾਵੇਂ ਕਿਤੇ ਕਿਤੇ ਸ਼ਕਲ ਦਾ ਥੋੜਾ ਬਹੁਤਾ ਫ਼ਰਕ ਹੈ।

## ੧੩

# ਗੁਰਮੁਖੀ ਵਰਤਮਾਨ ਦੇਵਨਾਗਰੀ ਨਾਲੋਂ ਪੁਰਾਣੀ ਹੈ

ਗੁਰਮੁਖੀ ਦੇ ਅੱਖਰ ਨਾ ਨਿਰਾ ਪੁਰਾਣੇ ਅੱਖਰਾਂ ਤੋਂ ਹੀ ਬਣੇ ਹਨ, ਸਗੋਂ ਵਰਤਮਾਨ ਦੇਵ ਨਾਗਰੀ ਦੇ ਚਿੰਨ੍ਹਾਂ ਨਾਲੋਂ ਵੀ ਪੁਰਾਣੇ ਹਨ। ਅਸਲ ਵਿੱਚ ਪੰਜਾਬ ਦੀਆਂ ਤਿੰਨੇ ਲਿਪੀਆਂ ਦੇਵ-ਨਾਗਰੀ ਨਾਲੋਂ ਪੁਰਾਣੀਆਂ ਸਿੱਧ ਹੁੰਦੀਆਂ ਹਨ। ਪੱਥਰਾਂ ਉੱਪਰ ਉੱਕਰੇ ਪੁਰਾਣੇ ਅੱਖਰਾਂ ਨਾਲ ਟਾਕਰਾ ਕਰਨ ਨਾਲ ਅਸੀਂ ਇਸ ਸਿੱਟੇ ਤੇ ਅੱਪੜਦੇ ਹਾਂ :—

"ਸਾਰਦਾ ਦੇ ਯਾਰ੍ਹਾਂ ਅੱਖਰ: ਘ, ਙ, ਛ, ਠ, ਣ, ਤ, ਧ, ਫ, ਰ, ਲ ਤੇ ਹ, ਨਾਗਰੀ ਦੇ ਉਨ੍ਹਾਂ ਹੀ ਅੱਖਰਾਂ ਨਾਲੋਂ ਵਧੀਕ ਪੁਰਾਣੇ ਹਨ। ਇਸੇ ਤਰ੍ਹਾਂ ਟਾਕਰੀ ਦੇ ਤੇਰ੍ਹਾਂ ਅੱਖਰ : ਘ, ਚ, ਛ, ਜ, ਝ, ਞ, ਣ, ਤ, ਧ, ਨ, ਫ, ਰ ਅਤੇ ਲ, ਪ੍ਰਾਚੀਨ ਅੱਖਰਾਂ ਨਾਲ ਵਧੀਕ ਮਿਲਦੇ ਹਨ।"

ਇਹ ਕਥਨ ਪੰਡਿਤ ਗੌਰੀ ਸ਼ੰਕਰ ਓਝਾ ਦਾ ਹੈ, ਜੋ ਉਨ੍ਹਾਂ ਨੇ ਆਪਣੀ ਕਿਤਾਬ 'ਪ੍ਰਾਚੀਨ ਲਿਪੀ ਮਾਲਾ' ਵਿੱਚ ਕੀਤਾ ਹੈ।

ਤਿਵੇਂ ਹੀ ਨਾਗਰੀ ਦੇ ਟਾਕਰੇ ਗੁਰਮੁਖੀ ਦੇ ਹੇਠ ਦਿੱਤੇ ਸਤਾਰਾਂ ਅੱਖਰਾਂ ਦੀਆਂ ਸ਼ਕਲਾਂ ਨਾਗਰੀ ਦੇ ਉਨ੍ਹਾਂ ਹੀ ਅੱਖਰਾਂ ਦੀਆਂ ਸ਼ਕਲਾਂ ਨਾਲੋਂ ਪੁਰਾਣੀਆਂ ਹਨ :—ਘ, ਙ, ਛ, ਞ, ਡ, ਣ, ਤ, ਥ, ਦ, ਧ, ਨ, ਫ, ਬ, ਮ, ਖ, ਰ, ਤੇ ਪੁਰਾਤਨ ਲ।

ਗੁਰਮੁਖੀ ਪੈਂਤੀ ਦੇ ਬਹੁਤ ਸਾਰੇ ਅੱਖਰ ਅੱਠਵੀਂ ਸਦੀ ਬਿਕ੍ਰਮੀ ਦੇ ਲਾਗੇ ਹੁਣ ਵਾਲੀਆਂ ਸ਼ਕਲਾਂ ਦੇ ਬਹੁਤ ਨੇੜੇ ਆ ਚੁਕੇ ਸਨ। ਅਤੇ ਅ, ੳ, ਸ, ਜ, ਝ, ਞ, ਬਾਹਰਵੀਂ ਤੇਹਰਵੀਂ ਸਦੀ ਵਿੱਚ ਆ ਕੇ ਦਿਸਦੇ ਹਨ।

ਇਸੇ ਤਰ੍ਹਾਂ ਲਗਾਂ ਜਾਂ ਸਵਰ ਚਿੰਨ੍ਹਾਂ ਵਿਚੋਂ ਗੁਰਮੁਖੀ ਅਤੇ ਟਾਕਰੀ ਦੇ ਔਂਕੜ ਤੇ ਦੁਲੈਂਕੜ ਦੇ ਨਿਸ਼ਾਨ ਜੋ ਦੁਹਾਂ ਲਿਪੀਆਂ ਵਿਚ ਇਕੋ ਹਨ, ਅਤੇ ਇਸੇ ਤਰ੍ਹਾਂ ਹੋੜੇ ਤੇ ਕਨੌੜੇ ਦੇ ਚਿੰਨ੍ਹ ਪੁਰਾਣੇ ਨਿਸ਼ਾਨਾਂ ਦੇ ਵਧੀਕ ਨੇੜੇ ਹਨ। ਅੱਗੇ ਜਾ ਕੇ ਵੇਰਵੇ ਨਾਲ ਇਨ੍ਹਾਂ ਲਗਾਂ ਉੱਤੇ ਵਿਚਾਰ ਕੀਤੀ ਹੈ।

ਨਤੀਜਾ ਇਹ ਨਿਕਲਿਆ ਕਿ ਪੰਜਾਬ ਦੀਆਂ ਸੱਭੇ ਲਿਪੀਆਂ ਹੁਣ ਵਾਲੀ ਦੇਵਨਾਗਰੀ ਨਾਲੋਂ ਅਸਲ ਮੁੱਢ ਦੇ ਵਧੀਕ ਨੇੜੇ ਹਨ, ਅਤੇ ਗੁਰਮੁਖੀ ਤੇ ਟਾਕਰੀ ਹੋਰ ਵੀ ਨੇੜੇ। ਤਾਂ ਤੇ ਇਹ ਪ੍ਰਤੱਖ ਹੈ ਕਿ ਗੁਰਮੁਖੀ ਇਕ ਪੁਰਾਣੀ ਵਰਣਮਾਲਾ ਹੈ, ਜਿਸ ਵਿੱਚ ਜੋ ਫ਼ਰਕ ਪਿਆ ਹੈ ਉਹ ਬਹੁਤ ਥੋੜ੍ਹਾ ਹੈ।



Sri Satguru Jagjit Singh Ji Elibrary NamdhariElibrary@gmail.com

# ੧੪

# ਗੁਰਮੁਖੀ ਵਰਣਮਾਲਾ ਵਿੱਚ ਅੱਖਰਾਂ ਦਾ ਪੰਕਤੀ-ਕ੍ਰਮ

ਜਿਵੇਂ ਅੱਖਰਾਂ ਦੀਆਂ ਸ਼ਕਲਾਂ ਜਾਂ ਚਿੰਨ੍ਹਾਂ ਵਿੱਚ ਫ਼ਰਕ ਨਹੀਂ, ਤਿਵੇਂ ਹੀ ਉਨ੍ਹਾਂ ਦੀ ਵਰਣਮਾਲਾ ਵਿੱਚ ਤਰਤੀਬ ਜਾਂ ਪੰਕਤੀ ਵਿੱਚ ਵੀ ਕੋਈ ਫ਼ਰਕ ਨਹੀਂ। ਇਹ ਤਰਤੀਬ ਤੇ ਅੱਖਰਾਂ ਦੀ ਵਰਗਾਂ ਵਿੱਚ ਵੰਡ, ਸਾਡੇ ਪੁਰਾਣੇ ਸੰਸਕ੍ਰਿਤ ਦੇ ਪੰਡਤਾਂ ਦੀ ਦਿੱਤੀ ਹੋਈ ਹੈ। ਕੇਵਲ ਦੋ ਅੱਖਰ 'ਸ' ਤੇ 'ਹ' ਅੰਤ ਤੋਂ ਚੁੱਕ ਕੇ ਪਹਿਲੇ ਵਰਗ ਵਿੱਚ ਤਿੰਨ ਸਵਰਾਂ ਦੇ ਪਿੱਛੇ ਰੱਖ ਦਿਤੇ ਹਨ; ਜਿਸ ਨਾਲ ਇਹ ਪਹਿਲਾ ਵਰਗ ਵੀ ਪੰਜਾਂ ਦਾ ਪੂਰਾ ਬਣ ਗਿਆ ਹੈ, ਅਤੇ ਸੱਤਾਂ ਵਰਗਾਂ ਦੇ ੩੫ ਅੱਖਰ ਬਣ ਜਾਂਦੇ ਹਨ। ਪਰ 'ਸ' ਤੇ 'ਹ' ਲਈ ਵਰਣਮਾਲਾ ਵਿੱਚ ਇਹ ਥਾਂ ਮੁਕੱਰਰ ਹੋਣੀ ਵੀ 'ਗੁਰਮੁਖੀ' ਵਿੱਚ ਕੋਈ ਨਵੀਂ ਗਲ ਨਹੀਂ, ਅਤੇ ਨਾਂਹ ਵਰਣਾਂ ਦੀ ਗਿਣਤੀ ੩੫ ਹੀ ਕੋਈ ਅਨੋਖੀ ਹੈ। ਬੱਚਿਆਂ ਨੂੰ ਪੜ੍ਹਾਣ ਜਾਂ ਉਂਜ ਵਰਤਣ ਲਈ ਅੱਖਰਾਂ ਦੇ ਨਾਂ ਵੀ : ਕੱਕਾ, ਖੱਖਾ, ਗੱਗਾ ਆਦਿ ਪੁਰਾਣੇ ਹਨ ਅਤੇ ਪੰਜਾਬ ਦੇ ਵਪਾਰੀ ਅੱਖਰਾਂ ਨਾਲ ਸਾਂਝੇ ਹਨ, ਭਾਵੇਂ ਦੇਵਨਾਗਰੀ ਵਿੱਚ ਅੱਖਰਾਂ ਨੂੰ : ਕਾ, ਖਾ, ਗਾ ਆਦਿ ਬੁਲਾਂਦੇ ਹਨ, ਜੋ ਅਸਲ ਵਿੱਚ ਅੱਖਰ ਨਹੀਂ, ਸਗੋਂ ਮਾਤ੍ਰਾ ਜਾਂ (Syllable) ਬਣ ਜਾਂਦੇ ਹਨ।

ਉੱਪਰਲੀਆਂ ਸਾਰੀਆਂ ਲਿਪੀਆਂ ਨੇ 'ੳ' ਨੂੰ ਰੌਂ ਵਿੱਚ ਆਉਣ ਕਰਕੇ ਵਰਣਮਾਲਾ ਵਿਚ ਸਭ ਅੱਖਰਾਂ ਤੋਂ ਪਹਿਲੇ ਰੱਖਿਆ ਹੈ ਅਤੇ 'ਅ' ਤੇ 'ੲ' ਪਿਛੋਂ—ਨਾਗਰੀ ਵਾਂਗ, ਉਪਜ ਸਥਾਨ ਅਨੁਸਾਰ ਨਹੀਂ ਰੱਖਿਆ।



Sri Satguru Jagjit Singh Ji Elibrary NamdhariElibrary@gmail.com

## ੧੫

# ਪੰਜਾਬ ਦੇ ਵਪਾਰੀ ਅੱਖਰ

ਅਨੇਕ ਤਰ੍ਹਾਂ ਦੇ ਅੱਖਰਾਂ ਦੀ ਵਰਤੋਂ ਪੰਜਾਬ ਦੇ ਵਪਾਰੀਆਂ ਵਿੱਚ ਮੁੱਢ ਕਦੀਮ ਤੋਂ ਚਲੀ ਆਉਂਦੀ ਹੈ। ਇਨ੍ਹਾਂ ਅੱਖਰਾਂ ਨੂੰ ਕਈ ਤਰ੍ਹਾਂ ਦੇ ਨਾਂ ਦਿਤੇ ਜਾਂਦੇ ਸਨ। ਕੁਝ ਤਾਂ ਉਨ੍ਹਾਂ ਲੋਕਾਂ ਦੇ ਨਾਵਾਂ ਤੇ, ਜਿਨ੍ਹਾਂ ਵਿੱਚ ਉਨ੍ਹਾਂ ਦਾ ਵਰਤਾਰਾ ਹੈ ਅਤੇ ਕੁਝ ਉਨ੍ਹਾਂ ਥਾਵਾਂ ਦੇ ਨਾਵਾਂ ਤੇ ਜਿੱਥੇ ਓਹ ਵਰਤੇ ਜਾਂਦੇ ਹਨ। ਜਿਵੇਂ ਕਿ :—

ਸਰਾਫੀ (ਹੁੰਡੀ ਪੱਤੀ ਕਰਨ ਵਾਲੇ); ਮਹਾਜਨੀ (ਵੱਡੇ ਵਪਾਰੀ); ਖੋਜ; ਅਰੋੜਾ; ਲਮਾਵਾਂਸ਼ੀ; ਮੁਲਤਾਨੀ; ਬਹਾਵਲਪੁਰੀ; ਪਰਾਛੀ; (ਸ਼ਾਹਪੁਰ ਦਾ ਇਲਾਕਾ); ਉੱਚੀ; ਰੋਹੜੀ; ਸਿੰਧੀ; ਸਾਰਿਕਾ (ਡੇਰਾਜਾਤ ਦੇ) , ਥਲੀ (ਝੰਗ ਮਘਿਆਨਾ), ਕੀਰਕੀ ਵਗੈਰਾ।

ਕਦੇ ਕਦੇ ਅੱਖਰਾਂ ਦੀ ਸ਼ਕਲ ਤੋਂ ਨਾਂ ਦਿੱਤਾ ਜਾਂਦਾ ਹੈ, ਜਿਵੇਂ ਮੁੜੀਆ ਅਰਥਾਤ ਮਰੋੜੀਆਂ ਵਾਲੇ ਅੱਖਰ। ਪਰ ਇਕ ਸਾਂਝਾ ਨਾਂ ਜੋ ਇਨ੍ਹਾਂ ਵਪਾਰੀ ਅੱਖਰਾਂ ਦਾ ਹੈ, ਓਹ ਲਗਾਂ ਤੇ ਮਾਤ੍ਰਾਂ ਦੇ ਨਾਂਹ ਹੋਣ ਕਰ ਕੇ ਹੈ, ਜਿਸ ਕਰ ਕੇ ਇਨ੍ਹਾਂ ਨੂੰ 'ਲੰਡੇ' ਜਾਂ ਦੁਮ-ਕਟੇ ਆਖਦੇ ਹਨ। ਰਾਵਲਪਿੰਡੀ ਦੇ ਮਹਾਜਨੀ ਅੱਖਰਾਂ ਨੂੰ 'ਪੰਜਾਬੀ' ਵੀ ਆਖਣ ਲੱਗ ਪਏ ਹਨ।

ਇਹ ਅੱਖਰ ਪਾਂਧੇ ਵਪਾਰੀਆਂ ਦੇ ਮੁੰਡਿਆਂ ਨੂੰ, ਪਹਾੜਿਆਂ ਤੇ ਹੁੰਡੀ ਪੱਤੀ ਦੇ ਹਿਸਾਬ ਸਮੇਤ ਮੁੱਢ ਤੋਂ ਸਿਖਾਂਦੇ ਚਲੇ ਆਏ ਹਨ। ਜਿਨ੍ਹਾਂ ਨੇ ਸਰਕਾਰੀ ਨੌਕਰੀ ਕਰਨੀ ਹੁੰਦੀ ਸੀ ਓਹ—ਖੱਤ੍ਰੀਆਂ ਦੇ ਮੁੰਡੇ—ਮਸੀਤੇ ਜਾ ਕੇ ਜਾਂ ਮੀਏਂ ਦੇ ਘਰ ਵਿੱਚ ਹੀ ਉਸ ਤੋਂ ਫਾਰਸੀ ਪੜ੍ਹਦੇ ਸਨ, ਅਤੇ ਫ਼ਾਰਸੀ ਇਨਸ਼ਾ ਅਰਥਾਤ ਖ਼ਤ-ਪੱਤਰ ਲਿਖਣ ਤੇ ਮਸੌਦੇ ਬਣਾਣ ਦਾ ਵੱਲ, ਕਿਸੇ ਇਨਸ਼ਾ ਦੀ ਕਿਤਾਬ ਜਿਵੇਂ 'ਇਨਸ਼ਾਇ ਖ਼ਾਦਿਮੀ' ਆਦਿ ਤੋਂ, ਸਿਖਦੇ ਸਨ।

ਪੰਜਾਬ ਯੂਨੀਵਰਸਿਟੀ ਦੇ ਬਾਨੀ, ਡਾਕਟਰ ਲਾਇਟਨਰ, ਨੇ ਸਾਰੇ ਹਿੰਦੁਸਤਾਨ, ਸਿੰਧ ਤੇ ਪੰਜਾਬ ਵਿੱਚ ਵਰਤੇ ਜਾਣ ਵਾਲੇ ਵਪਾਰੀ ਅੱਖਰਾਂ ਨੂੰ ਥਾਓਂ ਥਾਈਂ ਇਕੱਠੇ ਕਰ ਕੇ ਇਕ ਕਿਤਾਬ ਲਿਖੀ ਹੈ, ਜਿਸ ਵਿੱਚ ਕੋਈ ਸੌ ਤਰ੍ਹਾਂ ਦੇ ਅੱਖਰ ਦਿੱਤੇ ਹਨ। ਪੰਜਾਬ ਵਿੱਚ ਵਰਤੇ ਜਾਣ ਵਾਲੇ ਅੱਖਰਾਂ ਨੂੰ ਅਸੀਂ ਤਿੰਨ ਚਾਰ ਵਰਗਾਂ ਵਿੱਚ ਵੰਡ ਸਕਦੇ ਹਾਂ। ਪੂਰਬ ਦੱਖਣ ਦੀ ਨੁੱਕਰ ਵਿੱਚ, ਦਿੱਲੀ, ਕਰਨਾਲ, ਅੰਬਾਲਾ, ਰੁਹਤਕ, ਕਾਂਗੜਾ ਆਦਿ ਥਾਵਾਂ ਦੇ 'ਲੰਡੇ' ਦੇਵਨਾਗਰੀ ਨਾਲ ਵਧੀਕ ਮਿਲਦੇ ਹਨ। ਦੂਜੇ ਪਾਸੇ ਲਹਿੰਦੇ ਵਲ ਮੁਲਤਾਨ, ਡੇਰਾਜਾਤ, ਮਿੰਟਗੁਮਰੀ, ਸ਼ਿਕਾਰਪੁਰ



Sri Satguru Jagjit Singh Ji Elibrary NamdhariElibrary@gmail.com

ਆਦਿ ਦੇ 'ਲੰਡੇ' ਹਨ, ਜੋ ਆਪੋ ਵਿੱਚ ਮਿਲਦੇ ਹਨ । ਵਿਚਲੇ ਦੇਸ ਦੇ 'ਲੰਡੇ' ਗੁਰਮੁਖੀ ਨਾਲ ਮਿਲਦੇ ਹਨ । ਗੁਰਮੁਖੀ ਨੂੰ ਕੁਝ ਮੇਲ ਮੁਲਤਾਨੀ ਵਰਗ ਨਾਲ ਵੀ ਹੈ, ਅਤੇ ਉੱਤਰ ਵਿੱਚ ਚੌਥੇ ਵਰਗ ਪੋਠੋਹਾਰੀ ਨਾਲ ਵੀ । ਪਰ ਵਿਚਲਾ ਦੇਸ ਗੁਰਮੁਖੀ ਦਾ ਘਰ ਸੀ ।

ਪ੍ਲੇਟ ਨੰ: XXVIII ਵਿੱਚ ਅਸੀਂ ਵਿਚਲੇ ਦੇਸ ਦੇ ਲੰਡੇ ਜਾਂ ਵਪਾਰੀ ਅੱਖਰ ਦੇਂਦੇ ਹਾਂ, ਜੋ ਗੁਜਰਾਂਵਾਲੇ, ਲਾਹੌਰ, ਅੰਮ੍ਰਿਤਸਰ, ਫ਼ੀਰੋਜ਼ਪੁਰ, ਗੁਜਰਾਤ, ਸਿਆਲਕੋਟ, ਲੁਧਿਆਣਾ, ਹੁਸ਼ਿਆਰਪੁਰ ਆਦਿ ਦੇ ਇਲਾਕਿਆਂ ਵਿੱਚ ਵਰਤੇ ਜਾਂਦੇ ਹਨ । ਟਾਕਰਾ ਕਰਨ ਤੇ ਆਪ ਵੇਖੋਗੇ ਕਿ ਇਹ ਗੁਰਮੁਖੀ ਨਾਲ ਕਿਤਨੇ ਕੁ ਮਿਲਦੇ ਹਨ, ਲਗਾਂ ਅਤੇ ਮਾਤ੍ਰਾਂ ਦਾ ਖਿਆਲ ਛੱਡ ਦਿਓ । ਇਥੇ ਹੀ ਬਸ ਨਹੀਂ ਗੁਜਰਾਂਵਾਲੇ ਦੇ ਇਲਾਕੇ ਵਿੱਚ ਦੋ ਤਰ੍ਹਾਂ ਦੇ ਵਪਾਰੀ ਅੱਖਰ ਚਲਦੇ ਸਨ । ਦੋਵੇਂ ਹੀ ਗੁਰਮੁਖੀ ਨਾਲ ਬਹੁਤ ਮਿਲਦੇ ਹਨ, ਇਉਂ ਕਹੋ ਕਿ ਓਹ ਇੱਕੋ ਚੀਜ਼ ਹਨ । ਗਿਣਤੀ, ਵਰਣਮਾਲਾ ਵਿੱਚ ਤਰਤੀਬ ਅਤੇ ਸ਼ਕਲਾਂ ਜਾਂ ਚਿੰਨ੍ਹ—ਕਿਸੇ ਗਲੋਂ ਵੀ ਫ਼ਰਕ ਨਹੀਂ । ਵਾਧੂ ਅੱਖਰ 'ੜ' ਵੀ ਮੌਜੂਦ ਹੈ, ਅਤੇ ਗੁਰਮੁਖੀ 'ਪੈਂਤੀ' ਲਿਖਣ ਸਮੇਂ, ਜੋ ਕਦੇ ਕਦੇ ਇਕ ਸੰਯੁਕਤ ਵਿਅੰਜਨ 'ਤ੍ਰ' ਲਿਖਦੇ ਹਨ, ਓਹ ਵੀ ਗੁਜਰਾਂਵਾਲੇ ਦੀ 'ਪੈਂਤੀ' ਵਿੱਚ ਹੈ । ਲਗਾਂ ਵੀ ਸਨ ਤੇ ਕਿਤੇ ਕਿਤੇ ਵਰਤੀਆਂ ਜਾਂਦੀਆਂ ਸਨ । 'ਪ' ਲਿਖਣ ਲਈ ਦੋ ਬਿੰਦੀਆਂ ਉੱਪਰ ਪਾ ਕੇ ਇਉਂ 'ਪੰ' ਲਿਖਦੇ ਸਨ ਅਤੇ ਇਸੇ ਤਰ੍ਹਾਂ 'ਮ' ਉੱਤੇ ਬਿੰਦੀਆਂ ਪਾਂਦੇ ਸਨ, ਜਿਸ ਦਾ ਮਤਲਬ ਸੀ ਕਿ ਇਹ ਅੱਖਰ ਉੱਪਰੋਂ ਖੁਲ੍ਹੇ ਹਨ, 'ਧ' ਦੇ 'ਸ' ਵਾਂਗ ਬੰਦ ਨਹੀਂ । ਜਿਸ ਤੋਂ ਪਰਤੱਖ ਹੈ ਕਿ **ਉੱਪਰਲੀ ਸਿਰ ਦੀ ਮਾਤ੍ਰਾ ਦਾ ਗਿਆਨ ਸੀ, ਅਤੇ ਵਪਾਰੀਆਂ ਨੇ ਇਹ ਅੱਖਰ ਆਪਣੇ ਸ਼ਾਰਟ ਹੈਂਡ (Short hand) ਲਈ ਬਣਾਏ ਸਨ, ਜਿਸ ਵਿਚ ਅੱਖਰਾਂ ਦੇ ਸਿਰ ਉੱਪਰ ਦੀ ਲੀਕ ਤੇ ਸਵਰ ਚਿੰਨ੍ਹ ਜਾਂ ਲਗਾਂ ਹੁੰਦੀਆਂ ਸਨ। ਓਹ ਪੁਰਾਣੀ ਲਿਪੀ ਜਿਸ ਵਿਚੋਂ ਇਹ ਅੱਖਰ ਬਣਾਏ ਗਏ, ਪਰਤੱਖ ਤੌਰ ਤੇ ਇਹ ਲਿਪੀ ਸੀ, ਜਿਸ ਨੂੰ ਅਸੀਂ ਅਜ ਕਲ 'ਗੁਰਮੁਖੀ' ਆਖਦੇ ਹਾਂ ।**

**ਫਿਰ ਇਹ ਅਖਰ ਓਹੋ ਹਨ ਜੋ ਗੁਰੂ ਸਾਹਿਬਾਨ ਨੇ ਆਪਣੇ 'ਹੁਕਮਨਾਮਿਆਂ' ਤੇ 'ਨੀਸਾਣਾਂ' ਵਿੱਚ ਵਰਤੇ ਹਨ ।** ਹੁਕਮਨਾਮੇ ਚਿੱਠੀਆਂ ਨੂੰ ਆਖਦੇ ਹਨ, ਅਤੇ ਅੱਧੀ ਕੁ ਦਰਜਨ ਜਾਂ ਵਧੀਕ ਅਜਿਹੇ 'ਹੁਕਮਨਾਮੇ' ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅਤੇ ਕੁਝ ਗੁਰੂ ਤੇਗ਼ ਬਹਾਦਰ ਸਾਹਿਬ ਦੇ ਹੱਥਾਂ ਦੇ ਲਿਖੇ ਹੋਏ ਮੌਜੂਦ ਹਨ। ਇਨ੍ਹਾਂ ਵਿਚੋਂ ਨਮੂਨੇ ਵਜੋਂ ਅਸੀਂ ਇੱਥੇ ਦੋ ਦੇਂਦੇ ਹਾ । (ਵੇਖੋ ਪਲੇਟ ਨੰ: XXIX, XXX)

'ਨੀਸਾਣ' ਉਸ ਸ਼ਾਹੀ ਫ਼ਰਮਾਨ ਜਾਂ ਸਨਦ ਨੂੰ ਕਹਿੰਦੇ ਸਨ ਜੋ ਮੁਗ਼ਲ ਪਾਤਸ਼ਾਹ ਅਤੇ ਸ਼ਹਿਜ਼ਾਦੇ (ਜਦ ਕਿਸੇ ਸੂਬੇ ਦੇ ਹਾਕਿਮ ਹੋਣ) ਜਾਰੀ ਕਰਿਆ ਕਰਦੇ ਸਨ, ਜਿਵੇਂ ਕਿ ਅੰਗ੍ਰੇਜ਼ਾਂ ਦੀ ਤਜਾਰਤੀ ਕੰਪਨੀ ਨੂੰ ਗੁਜਰਾਤ ਸੂਬੇ ਦੇ ਸੂਬੇਦਾਰ ਸ਼ਹਿਜ਼ਾਦਾ ਨੇ ਦਿੱਤੇ ਸਨ । ਪਰ ਸਿੱਖਾਂ ਦੇ ਧਾਰਮਕ, ਪੁਸਤਕਾਂ, ਗੁਰੂ ਗਰੰਥ ਸਾਹਿਬ ਆਦਿਕ ਵਿੱਚ, ਇਹ ਲਫ਼ਜ਼ ਉਨ੍ਹਾਂ ਹਸਤ-ਲੇਖਾਂ ਬਾਬਤ ਵਰਤਿਆ ਹੈ, ਜੋ ਗੁਰੂ ਸਾਹਿਬ, ਗੁਰੂ ਗਰੰਥ ਸਾਹਿਬ ਦੇ ਉਤਾਰੇ ਕਰਨ ਵਾਲੇ ਲਿਖਾਰੀਆਂ ਨੂੰ ਕਿਸੇ ਉਤਾਰੇ ਦਾ ਆਰੰਭ ਕਰਨ ਲਈ, ਮੰਗਲਾਚਰਣ ਵਜੋਂ, ਕਿਸੇ ਕਾਗ਼ਜ਼ ਉੱਤੇ 'ਮੂਲ-ਮੰਤ੍ਰ' ਜਾਂ ਕੁਝ ਹੋਰ ਸ਼ਲੋਕ ਆਦਿ ਦੇ ਰੂਪ ਵਿੱਚ, ਲਿਖ ਦਿਆ ਕਰਦੇ ਸਨ । ਇਹ 'ਨੀਸਾਣ' ਸਮਝੋ ਗੁਰੂ ਸਾਹਿਬ ਦੇ 'ਸ੍ਵੈ-ਲਿਖਤ' (autographs) ਜਾਂ ਹਸਤ ਚਿੰਨ੍ਹ (Sign manual) ਸਨ । ਸਾਡੀ ਖ਼ੁਸ਼ ਕਿਸਮਤੀ ਨੂੰ ਇਹ ਨੀਸਾਣ ਸ੍ਰੀ ਗੁਰੂ ਅਰਜਨ ਦੇਵ, ਗੁਰੂ ਹਰਿ ਗੋਬਿੰਦ ਸਹਿਬ, ਗੁਰੂ ਹਰਿ ਰਾਇ ਸਾਹਿਬ,

Sri Satguru Jagjit Singh Ji Elibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਬਾਬਾ ਰਾਮ ਰਾਏ ਜੀ ਦੇ ਮੌਜੂਦ ਹਨ, ਜਿਨ੍ਹਾਂ ਵਿਚੋਂ ਕੁਝ 'ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਪਰਾਚੀਨ ਬੀੜਾਂ' ਨਾਮੀ ਪੋਥੀ ਵਿੱਚ ਦਿੱਤੇ ਗਏ ਹਨ। ਪਲੇਟ ਨੰ: XXXI ਵਿੱਚ ਤਿੰਨ ਗੁਰੂ ਸਾਹਿਬਾਨ ਦੇ 'ਨਿਸ਼ਾਣ' ਵਿਖਾਏ ਹਨ।

ਗੁਜਰਾਂਵਾਲੇ ਦਾ ਇਲਾਕਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਸੀ। ਅਤੇ ਅਸੀਂ ਕਹਿ ਸ਼ਕਦੇ ਹਾਂ ਕਿ ਸ੍ਰੀ ਗੁਰਦੇਵ ਨੇ ਪਾਂਧੇ ਤੋਂ ਓਹੀ ਪੈਂਤੀ ਸਿਖੀ ਜੋ ਪਲਟ ਨੰ: XVII, XVIII ਵਿੱਚ ਵਿਖਾਈ ਗਈ ਹੈ। ਇਸੇ ਪੈਂਤੀ ਨੂੰ ਮੁਖ ਰਖ ਕੇ ਉਨ੍ਹਾਂ ਨੇ 'ਪੈਂਤੀਸ਼ ਅੱਖਰੀ' ਬਾਣੀ ਰਚੀ ਜੋ 'ਪਟੀ ਲਿਖੀ' ਦੇ ਸਿਰਨਾਵੇਂ ਹੇਠਾਂ ਗੁਰੂ ਗਰੰਥ ਸਾਹਿਬ ਵਿੱਚ ਦਰਜ ਹੈ। ਆਪਣੀ ਰਚੀ ਬਾਣੀ ਵੀ ਗੁਰੂ ਬਾਬਾ ਇਨ੍ਹਾਂ ਅੱਖਰਾਂ ਵਿਚ ਹੀ ਲਿਖਦੇ ਹੋਣਗੇ, ਅਤੇ ਕੁਝ ਫ਼ਾਰਸੀ ਅੱਖਰਾਂ ਵਿੱਚ, ਜੋ ਮਸੀਤੇ ਜਾਂ ਮੀਂ ਤੋਂ ਪੜ੍ਹੇ ਸ਼ਨ। ਹਾਂ ਲਗਾਂ ਤੇ ਮਾਤ੍ਰਾਂ ਮਾਮੂਲ ਨਾਲੋਂ ਵਧੀਕ ਵਰਤ ਲੈਂਦੇ ਹੋਣਗੇ। ਇਨ੍ਹਾਂ ਅੱਖਰਾਂ ਵਿੱਚ ਬਾਲਾਂ ਦੇ ਪੜ੍ਹਨ ਦੀਆਂ ਪੋਥੀਆਂ ਵੀ ਹੁੰਦੀਆਂ ਸਨ।

ਡਾਕਟਰ ਲਾਇਟਨਰ ਨੇ ਇਨ੍ਹਾਂ ਅੱਖਰਾਂ ਵਿੱਚ ਕਿਸੇ ਪੁਰਾਣੇ ਲੇਖ ਦਾ ਨਮੂਨਾ ਨਹੀਂ ਦਿੱਤਾ ਪਰ ਇਹ ਪੱਕੀ ਗੱਲ ਹੈ ਕਿ ਇਹ ਅੱਖਰ 'ਲੰਡੇ' ਨਹੀਂ ਸਨ, ਕਿਉਂਕਿ ਇਸ ਪੈਂਤੀ ਵਿੱਚ ਹਰ ਵਰਗ ਦੇ ਇਹ ਅਨੁਨਾਸਿਕ(ਅੱਖਰ : ਙ, ਞ, ਣ, ਨ, ਮ, ਮੌਜੂਦ ਹਨ, ਜਿਨ੍ਹਾਂ ਦੀ ਲੰਡਿਆਂ ਵਿੱਚ ਲੋੜ ਨਹੀਂ। ਇਹ ਅੱਕਰ ਕੇਵਲ ਕਿਤਾਬਾਂ ਦੀ ਇਬਾਰਤ ਲਿਖਣ ਲਈ, ਵੀ ਸਾਹਿੱਤਕ ਦਰਜੇ ਦੀ, ਵਰਤੇ ਜਾ ਸਕਦੇ ਹਨ। ਡਾਕਟਰ ਲਾਇਟਨਰ ਨੇ ਵੀ ਇਨ੍ਹਾਂ ਨੂੰ 'ਲੰਡੇ' ਨਾਂ ਨਹੀਂ ਦਿੱਤਾ, ਸਗੋਂ ਵਪਾਰੀ ਅੱਖਰ (Mercantile Characters) ਕਿਹਾ ਹੈ।

# ੧੬
# ਗੁਰਮੁਖੀ ਦੇ ਸ੍ਵਰ-ਚਿੰਨ੍ਹ ਜਾਂ ਲਗਾਂ
## (VOWEL-SIGNS)

ਅੱਜ ਕਲ ਗੁਰਮੁਖੀ ਵਿੱਚ ਇਹ ਬਾਰਾਂ ਸੁਰ-ਚਿੰਨ੍ਹ ਪਰਚੱਲਤ ਹਨ :—

| | | | | | |
|---|---|---|---|---|---|
| ਕ, | ਕਾ, | ਕਿ, | ਕੀ, | ਕੁ, | ਕੂ, |
| ਮੁਕਤਾ | ਕੰਨਾ | ਸਿਆਰੀ | ਬਿਹਾਰੀ | ਔਂਕੜ | ਦੁਲੈਂਕੜੇ (ਦੋ ਔਂਕੜੇ) |
| ਕੇ | ਕੈ | ਕੋ | ਕੌ | ਕੰ | ਕ: |
| ਲਾਂਵਾਂ | ਦੋਲਾਵਾਂ | ਹੋੜਾ | ਕਨੌੜਾ | ਟਿੱਪੀ | ਬਿੰਦੇ |

ਸਵਰ-ਚਿੰਨ੍ਹਾਂ ਦੀਆਂ ਇਹ ਸ਼ਕਲਾਂ ਪਹਿਲੇ ਇਸ ਤਰ੍ਹਾਂ ਦੀਆਂ ਨਹੀਂ ਸਨ ਹੁੰਦੀਆਂ। ਪਲੇਟ ਨੰ: XXVI, XXVII ਵਿੱਚ ਵਿਖਾਇਆ ਹੈ ਕਿ ਇਹ ਸ਼ਕਲਾਂ ਕਿਸ ਤਰ੍ਹਾਂ ਸਹਿਜੇ ਸਹਿਜੇ ਬਣੀਆਂ ਹਨ। ਪੁਰਾਣੀਆਂ ਸ਼ਕਲਾਂ ਦੇ ਬਕੀਏ ਅਜੇ ਹੀ ਗੁਰੂ ਗਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ ਅਤੇ ਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਤੇ 'ਨੀਸ਼ਾਣਾਂ' ਵਿਚ ਮੌਜੂਦ ਹਨ।

'ਕ' ਜਾ ਹੋਰ ਕਿਸੇ ਅੱਖਰ ਨਾਲ ਜਦੋਂ ਕੋਈ ਲਗ ਨਾਂਹ ਲਗੀ ਹੋਵੇ ਤਾਂ ਉਸ ਨੂੰ ਮੁਕਤਾ ਕਿਹਾ ਜਾਂਦਾ ਹੈ। ਪੰਜਾਬੀ ਬੋਲੀ ਵਿੱਚ ਲਫਜ਼ ਦਾ ਅੰਤਲਾ ਵਿਅੰਜਨ ਅੱਖਰ ਬਿਨਾਂ ਸਵਰ-ਚਿੰਨ੍ਹ ਦੇ ਸਦਾ ਮੁਕਤਾ ਹੀ ਹੁੰਦਾ ਹੈ, ਪਰ ਸੰਸਕ੍ਰਿਤ ਵਿੱਚ ਕੋਈ ਵਿਅੰਜਨ ਅੱਖਰ ਕਦੇ ਮੁਕਤਾ ਨਹੀਂ ਹੁੰਦਾ; ਸਭ ਨਾਲ ਕੋਈ ਨਾ ਕੋਈ ਸਵਰ ਲੱਗਾ ਹੋਇਆ ਸਮਝਿਆ ਜਾਂਦਾ ਹੈ। ਜਿਸ 'ਕ' ਨੂੰ ਅਸੀਂ ਮੁਕਤਾ ਕਹਿੰਦੇ ਹਾਂ, ਸੰਸਕ੍ਰਿਤ ਵਿੱਚ ਉੱਥੇ ਵੀ ਹ੍ਰਸ੍ਵ ਸਵਰ अ ਨਾਲ ਲੱਗਾ ਸਮਝਿਆ ਜਾਂਦਾ ਹੈ, ਜਿਵੇਂ ਫ਼ਾਰਸੀ ਵਿੱਚ ਜ਼ਬਰ ਹੁੰਦੀ ਹੈ। ਅੰਗਰੇਜ਼ੀ ਵਿੱਚ राम ਨੂੰ Rama ਲਿਖਦੇ ਹਨ। ਛੇਕੜਲੇ 'a' ਦਾ ਮਤਲਬ, ਇਸੇ ਜ਼ਬਰ ਜਾਂ ਹ੍ਰਸ੍ਵ अ ਨੂੰ ਵਿਖਾਣ ਦਾ ਹੁੰਦਾ ਹੈ। ਜਦ ਕਿਸੇ ਸੰਸਕ੍ਰਿਤ ਦੇ ਲਫ਼ਜ਼ ਦੇ ਅੰਤ ਤੇ ਕੋਈ ਵਿਅੰਜਨ ਅੱਖਰ ਸਚੀ ਮੁਚੀ ਮੁਕਤਾ ਹੁੰਦਾ ਹੈ, ਤਦ ਉਸ਼ ਦੇ ਹੇਠਾਂ ਇਕ ਨਿਸ਼ਾਨ ਦੇਣਾ ਪੈਂਦਾ ਹੈ, ਜਿਵੇਂ सत् (-ਹੋਂਦ) ਵਿੱਚ। ਇਸੇ ਕਰ ਕੇ ਵਿਦਵਾਨਾਂ ਦਾ ਕਥਨ ਹੈ ਕਿ ਸੰਸਕ੍ਰਿਤ ਦੀ ਵਰਣਮਾਲਾ ਸਹੀ ਅਰਥਾਂ ਵਿੱਚ alphabet ਨਹੀਂ, ਸਗੋਂ ਇਕ Syllabary ਹੈ, ਜਿਸ ਵਿੱਚ ਹਰ ਵਰਣ ਇਕ Syllable ਜਾਂ ਮਾਤ੍ਰਾ ਨੂੰ ਦਿਖਾਂਦਾ ਹੈ, ਜਿਸ ਤਰ੍ਹਾਂ ਦੀ ਕਿ ਸਾਈਪਰਸ ਦੀਪ ਦੀ ਲਿਪੀ ਹੈ। ਗੁਰਮੁਖੀ ਵਿੱਚ ਬਿਨਾਂ ਕਿਸੇ ਸਵਰ-ਚਿੰਨ੍ਹ ਦੇ ਛੇਕੜਲੇ



Sri Satguru Jagjit Singh Ji Elibrary NamdhariElibrary@gmail.com

ਵਿਅੰਜਨ ਅੱਖਰ ਨੂੰ ਮੁਕਤਾ ਮੰਨਿਆ ਜਾਂਦਾ ਹੈ, ਪਰ ਜਿੱਥੇ ਦੋ ਵਿਅੰਜਨ ਅੱਖਰ ਅੱਗੇ ਪਿੱਛੇ ਆਉਣ ਤਦ ਪਹਿਲਾ ਅੱਖਰ 'ਜ਼ਬਰ' ਵਾਲਾ ਸਮਝਿਆ ਜਾਂਦਾ ਹੈ। ਪਰ ਜੇਕਰ ਪਹਿਲਾ ਅੱਖਰ ਮੁਕਤਾ ਹੋਵੇ ਅਰਥਾਤ ਉਸ ਨਾਲ ਕੋਈ ਸਵਰ ਨਾਂਹ ਬੋਲਦਾ ਹੋਵੇ, ਤਦ ਦੋਹਾਂ ਨੂੰ ਜੋੜ ਕੇ ਲਿਖਣ ਵਿੱਚ ਗੁਰਮੁਖੀ ਵਿੱਚ ਬੜਾ ਔਖ ਹੁੰਦਾ ਹੈ। ਨਾਗਰੀ ਅੱਖਰਾਂ ਨੂੰ ਸੰਯੁਕਤ ਕਰਨ ਵਿੱਚ ਕੋਈ ਔਖਿਆਈ ਨਹੀਂ ਹੁੰਦੀ। ਸਬੱਬ ਇਹ, ਕਿ ਗੁਰਮੁਖੀ ਅੱਖਰਾਂ ਦੀਆਂ ਸ਼ਕਲਾਂ ਮੁਢ ਤੋਂ ਹੀ ਅਜਿਹੀਆਂ ਸਾਦਾ ਚਲੀਆਂ ਆਈਆਂ ਹਨ, ਕਿ ਦੋ ਅੱਖਰ ਆਸਾਨੀ ਨਾਲ ਜੋੜੇ ਨਹੀਂ ਜਾ ਸਕਦੇ ਜਿਵੇਂ "सप्त' (ਗਿਣਤੀ ਸੱਤ) ਲਿਖਣਾ ਹੋਵੇ, ਤਦ ਗੁਰਮੁਖੀ ਅੱਖਰਾਂ ਵਿੱਚ ਇਸ ਨੂੰ 'ਸਪਤ' ਲਿਖਣਗੇ ਜਿਸ ਤੇ 'ਪ' ਅਤੇ 'ਤ' ਦੇ ਵਿਚਾਲੇ ਹੁਸ੍ਵ 'ਅ' ਜਾਂ ਜ਼ਬਰ ਆ ਜਾਏਗੀ, ਅਤੇ ਇਸ ਦਾ ਉਚਾਰਣ 'सपत' (=ਸ਼ਪਥ, ਸੌਗੰਦ) ਹੋ ਜਾਏਗਾ, ਜਿਸ ਦੇ ਅਰਥ ਸੱਤ ਦੀ ਥਾਂ ਸੌਂਹ ਦੇ ਹੋ ਜਾਣਗੇ। ਸੰਸਕ੍ਰਿਤ ਲਫ਼ਜ਼ 'सप्त' ਦਾ ਤਾਂ ਪੰਜਾਬੀ ਵਿੱਚ (सत्त) ਸੱਤ ਜ਼ਰੂਰ ਬਣ ਗਿਆ ਹੈ, ਪਰ ਬਹੁਤ ਸਾਰੇ ਸੰਸਕ੍ਰਿਤ ਦੇ ਤਤਸਮ ਲਫ਼ਜ਼ ਪੰਜਾਬੀ ਵਿੱਚ ਵਰਤੇ ਜਾਂਦੇ ਹਨ, ਜਿੱਥੇ ਦੋ ਵਿਅੰਜਨ ਅੱਖਰਾਂ ਨੂੰ ਜੋੜਨ ਦੀ ਲੋੜ ਹੁੰਦੀ ਹੈ, ਪਰ ਅਸੀਂ ਅੱਖਰਾਂ ਨੂੰ ਚੰਗੀ ਤਰ੍ਹਾਂ ਜੋੜ ਨਹੀਂ ਸਕਦੇ। ਇਸ ਔਖ ਨੂੰ ਦੂਰ ਕਰਨ ਲਈ ਇਕ ਨਵਾਂ ਚਿੰਨ੍ਹ ਕਿਤੇ ਕਿਤੇ ਵਰਤੋਂ ਵਿੱਚ ਆ ਗਿਆ ਹੈ, ਅਰਥਾਤ ਜੋੜੇ ਜਾਣ ਵਾਲੇ ਦੋਹਾਂ ਅੱਖਰਾਂ ਉੱਪਰ ਇਕ ਨਿੱਕੀ ਜਿਹੀ ਲੀਕ ਪਾ ਦੇਂਦੇ ਹਨ, ਜਿਵੇਂ ਬੈਲਾਂ ਨੂੰ ਜੁੱਟ ਕਰਨ ਲਈ ਉਨ੍ਹਾਂ ਦੀਆਂ ਗਰਦਨਾਂ ਉੱਪਰ ਪੰਜਾਲੀ ਰਖ ਦੇਈਦੀ ਹੈ, ਯਥਾ: 'ਸਪੱਤ' ॥ ਉੱਪਰ 'ਸੱਤ' ਵਿੱਚ 'ਤ' ਨੂੰ ਦੂਹਰਾ, ਤਸ਼ਦੀਦ ਵਾਲਾ, ਵਿਖਾਣ ਲਈ ਅਰਧ-ਚੰਦਰ ਦਾ ਨਿਸ਼ਾਨ ਦਿੱਤਾ ਹੈ, ਓਹ ਵੀ ਨਵਾਂ ਹੀ ਚਿੰਨ੍ਹ ਹੈ; ਹੱਥ ਦੇ ਲਿਖੇ ਪੁਰਾਣੇ ਗੁਰੂ ਗਰੰਥ ਸਾਹਿਬਾਂ ਵਿੱਚ ਇਹ ਨਿਸ਼ਾਨ ਸ਼ਾਇਦ ਹੀ ਕਿਤੇ ਵਰਤਿਆ ਗਿਆ ਹੈ। ਨਾਗਰੀ ਵਿੱਚ 'ਸੱਤ' ਨੂੰ ਵੀ 'सत्त' ਹੀ ਲਿਖਣਗੇ। ਅਰਥਾਤ ਦੋ ਤੱਤੇ ਜੋੜ ਦੇਣਗੇ।

ਗੁਰਮੁਖੀ ਅੱਖਰਾਂ ਨੂੰ ਜੋੜਨ ਦੀ ਮੁਸ਼ਕਲ ਦਸਦੀ ਹੈ ਕਿ ਇਹ ਦੇਵਨਾਗਰੀ ਅੱਖਰਾਂ ਤੋਂ ਦੂਰ ਦੇ ਨਿਖੜੇ ਹੋਏ ਹਨ ਅਤੇ ਉਸ ਵੇਲੇ ਪੈਦਾ ਹੋਏ ਸਨ, ਜਦ ਸੰਯੁਕਤ ਵਿਅੰਜਨ ਅੱਖਰ ਬਹੁਤੇ ਛੱਡ ਦਿੱਤੇ ਗਏ ਸਨ ਜਿਸ ਤਰ੍ਹਾਂ ਕਿ ਪ੍ਰਾਕ੍ਰਿਤਾਂ ਵਿੱਚ ਹੋਇਆ ਹੈ, ਜਿਵੇਂ ਮੁਦ੍ਗਰ ਤੋਂ ਮੁੱਗਰ ਜਾਂ ਮੁੰਗਲੀ। ਸੰਯੁਕਤ ਅੱਖਰਾਂ ਵਿਚੋਂ ਪਹਿਲਾ ਅੱਖਰ ਗਿਰ ਕੇ ਦੂਜਾ ਦੂਹਰਾ ਜਾਂ ਤਸ਼ਦੀਦ ਵਾਲਾ ਹੋ ਜਾਂਦਾ ਸੀ, ਸਿਵਾਏ ਸੰਘ ਦੇ ਅੱਖਰਾਂ 'क' 'ख' ਦੇ ਜਿੱਥੇ ਦੂਜਾ ਅੱਖਰ ਗਿਰ ਜਾਂਦਾ ਹੈ, ਜਿਵੇਂ 'पक्क' ਦਾ 'ਪੱਕਾ'। ਪਿਛਲੇ 'य' ਅਰ 'र' ਵੀ ਗਿਰ ਜਾਂਦੇ ਹਨ, ਜਿਵੇਂ 'सत्य' ਦਾ ਸੱਤ ਆਦਿ।

**'ਕਾ'** ਕੰਨਾ। ਇਸ ਚਿੰਨ੍ਹ ਦੀ ਪੁਰਾਣੀ ਸ਼ਕਲ ਬਿੰਦੀ ਸੀ, ਜੋ ਹੁਕਮਨਾਮਿਆਂ ਆਦਿ ਵਿੱਚ ਕਾਇਮ ਹੈ। ਬਿੰਦੀ ਦੀ ਥਾਂ ਇਕ ਖੜੀ ਲੀਕ ਨੇ ਲੈ ਲਈ ਹੈ। ਪਰ ਇਸ ਨੂੰ 'ਕੰਨਾ' ਕਿਉਂ ਕਹਿੰਦੇ ਹਨ? ਕੰਨ ਦੀ ਸ਼ਕਲ ਨਹੀਂ। ਸ਼ਾਇਦ ਸਿਰ ਦੇ ਨਾਲ ਇਕ ਪਾਸੇ ਲਗੇ ਹੋਣ ਕਰਕੇ 'ਕੰਨਾ' ਆਖਿਆ ਜਾਂਦਾ ਹੈ।

**'ਕਿ'** ਸਿਹਾਰੀ ਤੇ **'ਕੀ'** ਬਿਹਾਰੀ। ਇਹ ਚਿੰਨ੍ਹ ਬਹੁਤ ਛੇਤੀ ਹੀ ਇਸ ਸ਼ਕਲ ਦੇ ਬਣ ਗਏ ਸਨ, ਪਹਿਲੇ ਇਹ ਅੱਖਰ ਦੇ ਉੱਪਰ ਲਗਦੇ ਸਨ। ਲਿਖਣ ਵੇਲੇ ਇਸ ਗੱਲ ਦੀ ਯਾਦ ਹੁਣ ਤਕ ਚਲੀ ਆਉਂਦੀ ਹੈ। ਨਾਗਰੀ ਵਾਲੇ ਇਹ ਨਿਸ਼ਾਨ ਬਣਾਣ ਲਗਿਆਂ ਕਲਮ ਨੂੰ ਇਕ ਵਾਰੀ ਵਿਚ-

Sri Satguru Jagjit Singh Ji Elibrary NamdhariElibrary@gmail.com

ਵਾਰ ਚੁਕ ਕੇ ਦੋ Strokes ਵਿੱਚ ਬਣਾਂਦੇ ਹਨ : 

'ਗੁਪਤ ਲਿਪੀ' ਵਿੱਚ ਸਿਆਰੀ ਲਈ ਹੇਠਾਂ ਬਿੰਦੀ ਜਾਂ ਛੋਟਾ ਜਿਹਾ ਚੱਕਰ ਵੀ ਲਗਾ ਦਿਦੇ ਸਨ। ਇਨ੍ਹਾਂ ਚਿੰਨ੍ਹਾਂ ਦੇ ਹੋਰ ਵੀ ਫ਼ਰਕ ਹੁੰਦੇ ਸਨ ਜੋ ਪ੍ਰਾਂਤਾਂ ਵਿੱਚ ਵਰਤੇ ਜਾਂਦੇ ਸਨ।

'ਕੁ :' ਔਂਕੜ ਤੇ, 'ਕੂ :' ਦਲੈਂਕੜੇ। ਪੁਰਾਣੇ ਲਿਖਤ ਦੇ ਗੁਰੂ ਗਰੰਥ ਸਾਹਿਬਾਂ, 'ਹੁਕਮ-ਨਾਮਿਆਂ' ਤੇ 'ਨੀਸਾਣਾਂ' ਵਿੱਚ ਇਨ੍ਹਾਂ ਦੀ ਸ਼ਕਲ ਇਨ੍ਹਾਂ ਦੇ ਨਾਂ ਮੁਜ਼ਬ ਅੰਕੜ ਜਾਂ ਅੰਕਸ ਦੀ ਹੈ। ਲੰਡਿਆਂ ਵਿੱਚ ਵੀ ਅੰਕੜ ਹੀ ਬਣਾਇਆ ਜਾਂਦਾ ਹੈ ਕਿਉਂਜੋ ਇਸ ਦੇ ਬਣਾਣ ਵਿੱਚ ਵਕਤ ਲਗਦਾ ਹੈ। ਸਿੱਧੀਆਂ ਲੇਟਵੀਆਂ ਲੀਕਾਂ ਨੇੜੇ ਦੇ ਸਮੇਂ 'ਟਾਈਪ' ਨਾਲ ਆਈਆਂ ਹਨ, ਅਤੇ ਛਾਪੇ ਖਾਨਿਆਂ ਦੇ ਆ ਜਾਣ ਨੇ ਇਸ ਨੂੰ ਪੱਕਾ ਕਰ ਦਿੱਤਾ ਹੈ।

'ਕੇ :' ਲਾਵਾਂ ਤੇ 'ਕੈ' ਦੋ ਲਾਵਾਂ। ਇਹ ਨਿਸ਼ਾਨ ਕਰੀਬ ਕਰੀਬ ਮੁੱਢ ਤੋਂ ਹੀ ਇੱਕਰਾਂ ਦੇ ਚਲੇ ਆਏ ਹਨ। 'ਲਾਂ' ਦੇ ਅਰਥ ਰੱਸੀ ਦੇ ਹਨ।

'ਕੋ' : ਹੋੜਾ ਤੇ 'ਕੌ' ਕਨੌੜਾ। ਕਨੌੜਾ ਪੁਰਾਣੇ ਲਿਖਾਰੀ ਇਸ ਤਰ੍ਹਾਂ  ਵੀ ਲਿਖਦੇ ਸਨ, ਕਲਮੀ ਗੁਰੂ ਗਰੰਥ ਸਾਹਿਬਾਂ ਵਿੱਚ ਇਸੇ ਤਰ੍ਹਾਂ ਦਾ ਹੈ। ਇਹ ਨਿਸ਼ਾਨ ਜ਼ਰੂਰ ਕੰਨ ਦੀ ਸ਼ਕਲ ਦਾ ਸੀ। 'ਹੋੜਾ' ਲੋਹੇ ਦਾ ਕੁੰਡਾ ਜਿਹਾ ਹੁੰਦਾ ਹੈ ਜੋ ਦਰਵਾਜ਼ੇ ਨੂੰ ਲਾਂਦੇ ਹਨ। ਨਾਗਰੀ ਵਿੱਚ ਇਹ ਦੋਵੇਂ ਚਿੰਨ੍ਹ ਹੋਰ ਹੀ ਤਰ੍ਹਾਂ ਬਣਾਂਦੇ ਹਨ: । ਸਾਰਣੀ ਤੋਂ ਪਤਾ ਲਗ ਜਾਏਗਾ ਕਿ ਇਹ ਚਿੰਨ੍ਹ ਕਿਸ ਤਰ੍ਹਾਂ ਤੇ ਕਦੋਂ ਫ਼ਰਕ ਸਿਰ ਹੋ ਗਏ।

'ਕੈ' ਤੇ 'ਕੌ' ਦਾ ਉਚਾਰਣ ਗੁਰਮੁਖੀ ਵਿੱਚ ਨਾਗਰੀ ਦੇ 'कै' ਅਤੇ 'कौ' ਨਾਲੋਂ ਬਹੁਤ ਖੁੱਲ੍ਹਾ ਹੈ। ਸੰਸਕ੍ਰਿਤ ਦੇ ਇਹੋ ਜਿਹੇ ਲਫ਼ਜ਼: 'दैवत' ਤੇ 'मौलिक' ਗੁਰਮੁਖੀ ਅੱਖਰਾਂ ਵਿੱਚ ਲਿਖਣੇ ਹੋਣ ਤਾਂ ਲਿਖਾਂਗੇ: 'ਦਈਵਤ' ਤੇ 'ਮਉਲਿਕ'। ਇਸ ਦੇ ਉਲਟ 'ਬੈਲ' ਤੇ 'ਚੌਲ' ਨਾਗਰੀ ਅੱਖਰਾਂ ਵਿੱਚ ਨਹੀਂ ਲਿਖੇ ਜਾ ਸਕਦੇ। ਅਸਲ ਵਿੱਚ ਇਹ ਚਿੰਨ੍ਹ ਅੱਡ ਅੱਡ ਸਵਰਾਂ ਨੂੰ ਦਿਖਾਂਦੇ ਹਨ।

'ਕੰ' ਟਿੱਪੀ। ਲਿਖਤ ਦੇ ਗੁਰੂ ਗਰੰਥ ਸਾਹਿਬਾਂ ਵਿੱਚ ਟਿੱਪੀ ਸ਼ਾਇਦ ਹੀ ਕਿਤੇ ਵਰਤੀ ਗਈ ਹੋਵੇ। ਕਿਰਿਆ ਪਦਾਂ ਵਿੱਚ ਇਸ ਟਿੱਪੀ ਦੇ ਨਾਂਹ ਹੋਣ ਕਰਕੇ ਅਰਥਾਂ ਵਿੱਚ ਫ਼ਰਕ ਆ ਜਾਂਦਾ ਹੈ। ਬਹੁ-ਵਚਨ ਦੀ ਥਾਂ ਇਕ-ਵਚਨ ਪੜ੍ਹਿਆ ਜਾ ਸਕਦਾ ਹੈ। ਇਸ ਟਿੱਪੀ ਦੀ ਥਾਂ 'ਅਨੁਨਾਸਿਕ' ਅੱਖਰ ਵੀ ਨਹੀਂ ਵਰਤੇ, ਅਰਥਾਤ ਙ, ਞ, ਨ, ਮ ਵੀ ਪਿੱਛੋਂ ਆਉਣ ਵਾਲੇ ਵਿਅੰ-ਜਨ ਅੱਖਰ ਦੇ ਨਾਲ ਨਹੀਂ ਜੋੜੇ। ਪੁਰਾਣੀ ਲਿਪੀ ਤੋਂ ਇਹ ਚਿੰਨ੍ਹ ਨਕਲ ਹੁੰਦੇ ਚਲੇ ਆਏ ਹਨ, ਜਿਵੇਂ ਇਹ Vestigiol ਨਿਸ਼ਾਨ ਹੁੰਦੇ ਹਨ, ਜਿਕੂਰ ਮਨੁੱਖ ਦੇ ਸਰੀਰ ਵਿੱਚ ਪੂਛ ਦੀਆਂ ਹੱਡੀਆਂ।

'ਕਃ' ਬਿੰਦੇ। ਇਹ ਬਿੰਦੇ ਸੰਸਕ੍ਰਿਤ ਦੇ ਵਿਸਰਗ ਦੀ ਥਾਂ ਤੇ ਹਨ। ਪੰਜਾਬੀ ਵਿੱਚ ਇਹ ਆਵਾਜ਼ ਹੈ ਨਹੀਂ, ਅਤੇ ਗੁਰਮੁਖੀ ਲਿਖਣ ਵਾਲੇ ਇਹ ਚਿੰਨ੍ਹ ਕਿਤੇ ਨਹੀਂ ਵਰਤਦੇ। ਪੈਂਤੀ ਵਿੱਚ

ਐਵੇਂ ਨਕੱਲ ਹੁੰਦਾ ਚਲਾ ਆਇਆ ਹੈ। ਜਦ ਇਨ੍ਹਾਂ ਅੱਖਰਾਂ ਵਿੱਚ ਸੰਸਕ੍ਰਿਤ ਦੀਆਂ ਕਿਤਾਬਾਂ ਲਿਖੀਆਂ ਜਾਂਦੀਆਂ ਸਨ, ਤਦ ਇਨ੍ਹਾਂ ਚਿੰਨ੍ਹਾਂ, 'ਟਿੱਪੀ' ਤੇ 'ਬਿੰਦੋ', ਦੀ ਲੋੜ ਹੁੰਦੀ ਸੀ।

ਪੰਜਾਬੀ ਵਿੱਚ ਜਦ ਲਫ਼ਜ਼ ਦੇ ਪਿੱਛੇ 'ਹ' ਦੀ ਆਵਾਜ ਹੋਵੇ ਤਦ 'ਹ' ਲਿਖਦੇ ਹਨ, ਅਤੇ ਜਦ ਕੰਨੇ ਦੀ ਆਵਾਜ਼ ਹੋਵੇ ਤਦ ਕੰਨਾ ਪਾ ਦੇਂਦੇ ਹਨ

ਜ਼ਰਾ ਧਿਆਨ ਕਰ ਲੈਣਾ ਕਿ ਸਵਰ-ਚਿੰਨ੍ਹਾਂ ਦੇ ਸਾਰੇ ਨਾਂ ਪੰਜਾਬੀ ਬੋਲੀ ਦੇ ਹਨ, ਅਤੇ ਬਹੁਤ ਕਰ ਕੇ ਪਾਧਿਆਂ ਦੇ ਦਿੱਤੇ ਹੋਏ ਹਨ।

## ੧੭

# ਵਿਸਰਾਮ ਚਿੰਨ੍ਹ

## (PUNCTUATION)

ਪੰਕਚੂਏਸ਼ਨ, (Punctuation) ਵਿਸਰਾਮ ਦੇ ਚਿੰਨ੍ਹ, ਤਾਂ ਕਿਸੇ ਵੀ ਹਿੰਦੀ ਲਿਪੀ ਵਿੱਚ ਨਹੀਂ, ਸਿਵਾਏ ਇਕ ਖੜੀ ਲੀਕ ਦੇ ਜੋ ਅੰਗਰੇਜ਼ੀ ਦੇ 'ਫੁਲਸਟੌਪ' ਦੀ ਥਾਂ ਤੇ ਹੈ, ਇਸ ਨੂੰ ਵਿਸ-ਰਾਮ ਸੱਦਦੇ ਹਨ। ਇਹ ਚਿੰਨ੍ਹ, 'ਖੜੀ ਲੀਕ', ਵਾਕ ਦੇ ਅੰਤ ਪੁਰ, ਤਿੰਨ ਹਜ਼ਾਰ ਵਰ੍ਹਾ ਪੁਰਾਣਾ ਹੈ, ਅਤੇ ਫਿਨੀਸ਼ਨ ਲਿਪੀ ਵਿੱਚ ਵਰਤਿਆ ਜਾਂਦਾ ਸੀ। ਮੋਬਾਈਟ ਸਟੋਨ (Moabite Stone) ਦਾ ਲੇਖ ਮਸੀਹ ਤੋਂ ਨੌਂ ਸਦੀਆਂ ਪਹਿਲੇ ਦਾ ਹੈ। ਉਸ ਵਿੱਚ ਇਹ ਚਿੰਨ੍ਹ -'।'- ਇਸੇ ਮਤਲਬ ਲਈ ਵਰਤਿਆ ਗਿਆ ਹੈ। ਉੱਪਰ ਕਿਹਾ ਗਿਆ ਹੈ ਕਿ ਫਿਨਿਕੀ ਲਿਪੀ ਵਿੱਚ ਸਵਰਾਂ ਲਈ ਕੋਈ ਵਰਣ ਜਾਂ ਚਿੰਨ੍ਹ ਨਹੀਂ ਸਨ ਹੁੰਦੇ। ਜਦ ਯੂਨਾਨੀਆਂ, ਅਰਬਾਂ, ਹਿੰਦੀਆਂ ਨੇ ਇਹ ਲਿਪੀ ਅਪਣਾਈ, ਤਾਂ ਉਨ੍ਹਾਂ ਨੇ ਸਵਰਾਂ ਦੀ ਇਸ ਥੁੜ੍ਹ ਨੂੰ ਆਪਣੇ ਆਪਣੇ ਤਰੀਕੇ ਅਨੁਸਾਰ ਪੂਰਾ ਕੀਤਾ। ਫਿਨਿਕੀ ਲਿਪੀ ਦੇ ਪੰਜ ਅੱਖਰ ਜੋ ਯੂਨਾਨੀ ਬੋਲੀ ਦੇ ਵਿਅੰਜਨਾਂ ਲਈ ਨਹੀਂ ਸਨ ਚਾਹੀਦੇ, ਯੂਨਾਨੀਆਂ ਨੇ ਉਨ੍ਹਾਂ ਤੋਂ ਸਵਰਾਂ ਦਾ ਕੰਮ ਲੈ ਲਿਆ। ਉਨ੍ਹਾਂ ਨੂੰ ਕੇਵਲ ਪੰਜ ਸਵਰ ਚਾਹੀਦੇ ਸਨ, ਸੋ ਉਨ੍ਹਾਂ ਨੇ ਫਿਨਿਕੀ ਲਿਪੀ ਦਾ ਪਹਿਲਾ, ਪੰਜਵਾਂ, ਛੇਵਾਂ, ਦਸਵਾਂ ਤੇ ਸੋਹਲਵਾਂ ਅੱਖਰ ਲੈ ਕੇ ਉਨ੍ਹਾਂ ਨੂੰ ਆਪਣੇ ਸਵਰ ਚਿੰਨ੍ਹ a, *e*, *u*, *i*, *o*, ਬਣਾ ਲਿਆ। ਅਰਬਾਂ ਨੇ ਬਾਹਰੋਂ ਤਿੰਨ ਨਿਸ਼ਾਨ-ਜ਼ਬਰ, ਜ਼ੇਰ ਤੇ ਪੇਸ਼—ਅੱਖਰਾਂ ਉੱਤੇ ਪਾ ਕੇ ਹ੍ਰਸਵ ਸਵਰ ਅਤੇ ਨੀਮ-ਸਵਰ ਅੱਖਰਾਂ ਅਲਫ਼, ਵਾਉ, ਯਾਏ ਨਾਲ ਮਿਲਾ ਕੇ ਦੀਰਘ ਸਵਰ ਪੈਦਾ ਕਰ ਲਏ। ਯੂਨਾਨੀ ਸਵਰ ਅੱਖਰਾਂ ਨੂੰ ਦੂਜੇ ਵਿਅੰਜਨ ਅੱਖਰਾਂ ਨਾਲ ਇਕ ਪਾਲ ਵਿੱਚ ਲਿਖਦੇ ਸਨ, ਅਤੇ ਅਰਬਾਂ ਦੇ ਐਰਾਬ ਜਾਂ ਹਰਕਾਤ,ਅੱਖਰਾਂ ਦੇ ਉੱਪਰ ਜਾਂ ਹੇਠਾਂ ਦੂਰ ਸਾਰੇ ਪਾਏ ਜਾਂਦੇ ਸਨ। ਹਿੰਦੀਆਂ ਦਾ ਤਰੀਕਾ ਇਨ੍ਹਾਂ ਦਾ ਆਪਣਾ ਹੀ ਕੱਢਿਆ ਹੋਇਆ ਹੈ; ਇਹ ਸਵਰਾਂ ਦੇ ਚਿੰਨ੍ਹ ਅੱਖਰ ਨਾਲ ਜੋੜ ਕੇ, ਉੱਪਰ, ਹੇਠਾਂ, ਸੱਜੇ ਜਾਂ ਖੱਬੇ, ਲਿਖਦੇ ਸਨ। ਸੰਸਕ੍ਰਿਤ ਵਿੱਚ ਵਧੀਕ ਸਵਰਾਂ ਦੀ ਲੋੜ ਸੀ।

ਸਾਡੇ ਵਿਆਕਰਣੀਆਂ ਦਾ ਕਹਿਣਾ ਸੀ ਕਿ ਕੋਈ ਵਿਅੰਜਨ ਅੱਖਰ ਬਿਨਾਂ ਸਵਰ ਦੇ ਬੁਲਾ-ਇਆ ਨਹੀਂ ਜਾ ਸਕਦਾ, ਇਸ ਕਰ ਕੇ ਹਰ ਵਿਅੰਜਨ ਦੇ ਨਾਲ ਕਿਸੇ ਨਾ ਕਿਸੇ ਸਵਰ ਦਾ ਹੋਣਾ ਜ਼ਰੂਰੀ ਹੈ। ਸੋ ਉਨ੍ਹਾਂ ਨੇ ਇਹ ਨਿਯਮ ਬਣਾ ਦਿੱਤਾ ਕਿ ਵਰਣਮਾਲਾ ਦੇ ਹਰ ਵਿਅੰਜਨ ਅੱਖਰ ਜਾਂ ਵਰਣ ਦੇ ਪਿੱਛੇ ਹ੍ਰਸਵ 'ਅ' ਮੌਜੂਦ ਸਮਝਿਆ ਜਾਏ, ਜਦ ਤਕ ਕਿ ਕੋਈ ਹੋਰ ਸਵਰ, ਹ੍ਰਸੁ ਜਾਂ ਦੀਰਘ ਉਸ ਦੀ ਥਾਂ ਨਾਂਹ ਲੈ ਲਵੇ। ਇਹ ਖ਼ਿਆਲ ਦੇਸੀ ਬੋਲੀਆਂ ਦੇ ਹਰ ਲੇਖਕ ਦੇ ਮਨ ਵਿੱਚ



Sri Satguru Jagjit Singh Ji Elibrary NamdhariElibrary@gmail.com

ਹੁਣ ਤਕ ਚਲਾ ਆਇਆ ਹੈ। ਅਤੇ ਓਹ ਹਰ ਲਫ਼ਜ਼ ਦੇ ਛੇਕੜਲੇ ਵਿਅੰਜਨ ਅੱਖਰ ਨਾਲ ਕੋਈ ਹ੍ਰਸ੍ਵ ਸਵਰ ਅ, ਇ, ਜਾਂ ਉ ਲਗਾਣਾ ਜ਼ਰੂਰੀ ਸਮਝਦੇ ਹਨ; ਭਾਵੇਂ ਉਸ ਦਾ ਉਚਾਰਣ ਹੋਵੇ ਜਾਂ ਨਾਂਹ ਹੋਵੇ। ਗੁਰਮੁਖੀ ਕਿਤਾਬਾਂ ਵਿੱਚ ਲਫ਼ਜ਼ਾਂ ਦੇ ਅੰਤ ਤੇ ਇਕ ਸਿਆਰੀ ਜਾਂ ਔਂਕੜ ਪਿਆ ਹੋਇਆ ਤੁਸੀਂ ਵੇਖਦੇ ਹੋ, ਪਰ ਓਹ ਬੋਲਣ ਵਿੱਚ ਨਹੀਂ ਆਉਂਦੇ। ਇਸ ਦਾ ਇਕ ਕਾਰਣ ਤਾਂ ਓਹ ਹੈ ਜੋ ਅਸਾਂ ਹੁਣੇ ਦੱਸਿਆ ਹੈ। ਦੂਜਾ ਕਾਰਨ ਪੁਰਾਣੀ 'ਆਰੀਅਨ' ਭਾਸ਼ਾ ਵਿੱਚ (ਜਿਸ ਵਿੱਚੋਂ ਸਾਡੀਆਂ ਬੋਲੀਆਂ ਨਿਕਲੀਆਂ ਹਨ) ਹਜ਼ਾਰਾਂ ਵਰ੍ਹਿਆਂ ਵਿੱਚ ਤਬਦੀਲੀਆਂ ਦਾ ਹੋ ਜਾਣਾ ਹੈ। ਪਰਾਚੀਨ ਭਾਸ਼ਾ ਵਿੱਚ ਕੁਝ ਅੱਖਰ ਜਾਂ ਲਗਾਂ ਜਾਂ ਮਾਤ੍ਰਾਂ, ਲਫ਼ਜ਼ ਦੇ ਅਖ਼ੀਰ ਤੇ ਹੁੰਦੀਆਂ ਸਨ ਜੋ ਹੁਣ ਲੋਪ ਹੋ ਹੋ ਗਈਆਂ ਹਨ। ਉਨ੍ਹਾਂ ਦੀ ਥਾਂ ਪੂਰੀ ਕਰਨ ਲਈ ਤੇ ਲਫ਼ਜ਼ ਦੀ ਉਪਜ ਨੂੰ ਵਿਖਾਣ ਲਈ, ਵਿਸ਼ੇਸ਼ ਕਰ ਕੇ ਧਾਰਮਿਕ ਪੁਸਤਕਾਂ ਵਿੱਚ, ਉਚਾਰਣ ਵਿੱਚ ਨਾ ਆਉਣ ਵਾਲੀ ਸਿਆਰੀ ਜਾਂ ਔਂਕੜ ਪਾ ਦਿੱਤਾ ਜਾਂਦਾ ਹੈ। ਇਹ ਕਿਉਂ ਤੇ ਕਿਵੇਂ ਲੋਪ ਹੋ ਗਏ, ਇਸ ਸਵਾਲ ਤੇ ਵਿਚਾਰ ਅਸੀਂ ਆਪਣੀ ਕਿਤਾਬ 'ਪੰਜਾਬੀ ਬੋਲੀ ਦਾ ਜਨਮ ਅਤੇ ਵਿਕਾਸ' ਵਿੱਚ ਕਰ ਰਹੇ ਹਾਂ। ਇੱਥੇ ਸਾਨੂੰ ਕੇਵਲ ਨਤੀਜੇ ਨਾਲ ਵਾਸਤਾ ਹੈ। ਤੁਸੀਂ ਸੰਸਕ੍ਰਿਤ ਦੇ ਹੇਠ ਦਿੱਤੇ ਛੇ ਸੱਤ ਲਫ਼ਜ਼ ਲੈ ਲਓ :—

सत्य; सप्त; सत्; रामो वने अगच्छत; कर्म; विचार्य ।

ਇਹ ਪੰਜਾਬੀ ਵਿਚ ਇਉਂ ਲਿਖੇ ਤੇ ਪੜ੍ਹੇ ਜਾਣਗੇ :—

ਸੱਤ (ਸਚ); ਸੱਤ (੭); ਸਤ (ਈਸਬਗੋਲ ਦਾ); ਰਾਮ ਬਣ
ਗਿਆ; ਕਰਮ ਜਾਂ ਕੰਮ; ਵਿਚਾਰ ਕੇ।

ਗੁਰੂ ਗ੍ਰੰਥ ਸਾਹਿਬ ਜਾਂ ਪੋਥੀਆਂ ਵਿੱਚ ਇਨ੍ਹਾਂ ਲਫ਼ਜ਼ਾਂ ਨੂੰ ਇਉਂ ਲਿਖਿਆ ਪਾਓਗੇ :—

ਸਤਿ, ਸਤੁ, ਸਤ, ਰਾਮੁ ਵਨਿ, ਕਰਮ ਜਾਂ ਕਦੇ ਕਮ, ਵਿਚਾਰਿ।

ਪੋਥੀਆਂ ਵਾਲੀ ਸ਼ਕਲ ਵਿੱਚ 'ਸਤਿ' ਦੀ ਸਿਆਰੀ ਸੰਸਕ੍ਰਿਤ ਦੇ 'ਯ' ਦੀ ਬਾਕੀ ਹੈ; ਜੋ ਲੋਪ ਹੋ ਗਿਆ ਹੈ। 'ਸਤੁ' ਵਿੱਚ ਔਂਕੜ ਪ੍ਰਥਮਾ ਜਾਂ ਦੁਤੀਆ ਵਿਭਕਤੀ ਦਾ ਚਿੰਨ੍ਹ ਹੋੜੇ ਦੀ ਥਾਂ ਹੈ, ਜਿਸ ਤਰ੍ਹਾਂ 'ਰਾਮੁ' ਵਿੱਚ। 'ਵਨਿ' ਦੀ ਸਿਆਰੀ ਕਾਰਕ ਦੀ ਲਾਂ ਦੀ ਥਾਂ ਆਈ ਹੈ। 'ਕਰਮ' ਆਪਣੀ ਅਸਲ ਦੇ ਬਹੁਤ ਨੇੜੇ ਰਿਹਾ ਹੈ, ਪਰ ਗੁਰਮੁਖੀ ਅੱਖਰ ਚੰਗੀ ਤਰ੍ਹਾਂ ਜੁੜ ਨਾਂਹ ਸਕਣ ਕਰ ਕੇ 'ਰ' ਤੇ 'ਮ' ਨੂੰ ਅੱਡ ਅੱਡ ਕਰ ਦਿੱਤਾ ਗਿਆ ਹੈ, ਭਾਵੇਂ ਇਨ੍ਹਾਂ ਦੇ ਵਿਚਾਲੇ ਕੋਈ ਸਵਰ ਜਾਂ ਹਰਕਤ ਨਹੀਂ, 'ਰ' ਮੁਕਤਾ ਹੈ। ਇਸੇ ਦੀ ਠੇਠ ਪੰਜਾਬੀ ਸ਼ਕਲ 'ਕੰਮ' ਵਿੱਚ, 'ਰ' ਉੱਡ ਹੀ ਗਿਆ ਹੈ ਅਤੇ ਉਸ ਦੀ 'ਮ' ਨੂੰ ਦੁਆਤ ਕਰ ਕੇ ਉਚਾਰਣ ਕੀਤਾ ਹੈ। ਇਸ ਗੱਲ ਦੀ ਨਿਸ਼ਾਨੀ 'ਮ' ਉਤੇ ਅਰਧ-ਚੰਦਰ ਦੀ ਪਾਈ ਹੈ।

ਇਸੇ ਤਰ੍ਹਾਂ ਕ੍ਰਿਆ ਪਦ ਦੇ ਕ੍ਰਿਦੰਤ (Participle) विचार्य ਦਾ 'ਯ' ਲੋਪ ਹੋ ਕੇ ਉਸ ਦੀ ਥਾਂ ਸਿਆਰੀ ਆ ਗਈ ਹੈ।

ਸਿਆਰੀ ਅਤੇ ਔਂਕੜ ਦਾ ਇਸ ਤਰ੍ਹਾਂ ਪਾਠ ਲਫ਼ਜ਼ ਦੇ ਅੰਤ ਤੇ ਲਿਖਣਾ ਅਤੇ ਬੋਲਣ ਵਿੱਚ ਨਾ ਲਿਆਉਣਾ ਨਿਰਾ ਗੁਰਮੁਖੀ ਕਿਤਾਬਾਂ ਵਿਚ ਹੀ ਨਹੀਂ ਹਿੰਦੀ, ਮਰਹਟੀ, ਗੁਜਰਾਤੀ ਆਦਿ ਵਿੱਚ ਲਿਖੀਆਂ ਕਿਤਾਬਾਂ ਵਿੱਚ ਵੀ ਇਹ ਫ਼ਾਲਤੂ ਲਗਾਂ ਵਰਤੀਆਂ ਜਾਂਦੀਆਂ ਸਨ। ਸੰਤ ਬਾਣੀ ਇਨ੍ਹਾਂ ਬਿਨਾਂ ਲਿਖੀ ਹੀ ਨਹੀਂ ਸੀ ਜਾਂਦੀ, ਮਾਨੋਂ ਇਨ੍ਹਾਂ ਦਾ ਲਿਖਣਾ ਸੰਤ ਬਾਣੀ ਨੂੰ ਵਧੀਕ ਸਨਦੀ ਤੇ ਮੁਅਤਬਿਰ ਬਣਾਂਦਾ ਸੀ। ਹੋਰ ਬੋਲੀਆਂ ਨੇ ਵੀ ਹੁਣ ਭਗਤ ਬਾਣੀ ਲਿਖਣ ਸਮੇਂ ਇਨ੍ਹਾਂ ਫ਼ਾਲਤੂ

ਲਗਾਂ ਦੀ ਵਰਤੋਂ ਛੱਡ ਦਿੱਤੀ ਹੈ ।

ਜਿੱਥੇ ਹੁਕਮ ਦਿੱਤਾ ਜਾਂਦਾ ਹੈ, ਉਥੇ ਸ਼ਕਲ 'ਕਰੋ', 'ਜਪੋ' ਹੋ ਜਾਂਦੀ ਹੈ । ਇਸ ਹੋੜੇ ਨੂੰ ਸੰਖੇਪ ਕਰਨ ਨਾਲ 'ਕਰ', 'ਜਪ' ਬਣ ਜਾਂਦਾ ਹੈ । ਗੁਰੂ ਗਰੰਥ ਸਾਹਿਬ ਵਿੱਚ ਇਨ੍ਹਾਂ ਨੂੰ ਅਕਸਰ 'ਕਰੁ', 'ਜਪੁ' ਲਿਖਣਗੇ ਅਤੇ ਜੇ ਪੂਰਾ ਉਚਾਰਣ ਅਦਾ ਕਰਨਾ ਹੋਵੇ ਤਦ ਸ਼ਕਲਾਂ 'ਕਰਹੁ', 'ਜਪਹੁ' ਹੋਣਗੀਆਂ ਜੋ ਫਿਰ ਮੁੜ ਕੇ ਸੰਸਕ੍ਰਿਤ ਦੀ ਇਕ ਵਚਨ ਦੂਤੀਆ ਪੁਰਖ ਦੀਆਂ ਸ਼ਕਲਾਂ 'ਕਰਹਿ', 'ਜਪਹਿ' ਦੇ ਨੇੜੇ ਆ ਜਾਂਦੀਆਂ ਹਨ ।

ਅਰਥਾਤ 'ਫੁਲ-ਸਟੌਪ' ਲਈ ਵਰਤਿਆ ਗਿਆ ਹੈ । ਉਸੇ ਲੇਖ ਵਿੱਚ ਲਫ਼ਜ਼ਾਂ ਨੂੰ ਇਕ ਦੂਜੇ ਤੋਂ ਨਿਖੇੜਨ ਲਈ ਉਨ੍ਹਾਂ ਦੇ ਵਿਚਾਲੇ ਬਿੰਦੀ ਪਾਈ ਗਈ ਹੈ । ਇਸ ਲਿਪੀ ਵਿਚ ਸੁਰ ਜਾਂ ਸੁਰ-ਚਿੰਨ੍ਹ ਨਹੀਂ ਸਨ ਹੁੰਦੇ । ਪਿੱਛੋਂ ਯਮਨ ਦੇ ਸਬਾਈ ਅਰਬੀਆਂ ਨੇ ਫ਼ਤਹ, ਕਸਰਹ ਤੇ ਜ਼ੁੰਮਾ ਬਣਾਏ, ਅਤੇ ਸਾਡੇ ਪੰਡਤਾਂ ਨੇ ਸੋਲ੍ਹਾਂ ਸੁਰ-ਚਿੰਨ੍ਹ ।

ਹਿੰਦ ਦੀਆਂ ਲਿਪੀਆਂ ਵਿਚ ਹੁਣ ਅੰਗਰੇਜ਼ੀ ਕਿਤਾਬਾਂ ਦੀ ਨਕਲ ਕਰ ਕੇ ਬਿਸਰਾਮ ਦੇ ਸਾਰੇ ਚਿਨ੍ਹ ਵਰਤਣ ਵਿਚ ਆਉਣ ਲਗ ਪਏ ਹਨ :—

, ; : . ' ' " " ( ) [ ]
: :— ! !! ? * ----- ਦੌਗਾ

ਪੁਰਾਣੇ ਸਮੇਂ ਸਾਡੇ ਲਿਖਾਰੀ ਕਾਗਜ਼ ਪੱਤਰ ਦਾ ਸਰਫ਼ਾ ਕਰਨ ਲਈ ਲਫ਼ਜ਼ਾਂ ਨੂੰ ਵੀ ਅੱਡ ਨਹੀਂ ਸਨ ਕਰਦੇ । ਪਾਲ ਨੂੰ ਆਰੰਭ ਕੇ ਅੰਤ ਤਕ ਅੱਖਰ ਨਾਲ ਅੱਖਰ ਜੋੜਕੇ ਲਿਖਦੇ ਚਲੇ ਜਾਂਦੇ ਸਨ, ਜਿਸ ਕਰਕੇ ਕਈ ਵਾਰੀ ਇਬਾਰਤ ਦਾ ਪੜ੍ਹਨਾ ਵੀ ਔਖਾ ਹੋ ਜਾਂਦਾ ਸੀ ਅਤੇ ਇਕ ਲਫ਼ਜ਼ ਦੇ ਅੱਖਰ ਦੂਜੇ ਨਾਲ ਰਲਾ ਕੇ ਪੜ੍ਹ ਜਾਂਦੇ ਸਨ ਅਤੇ ਅਰਥਾਂ ਦੇ ਅਨਰਥ ਕੀਤੇ ਜਾ ਸਕਦੇ ਸਨ । ਗੁਰੂ ਗਰੰਥ ਸਾਹਿਬ ਦੀ ਇਕ ਤੁਕ :—

ਖੰਭਵਿਕਾਧੜੇਜੇਲਹਾਘਿਨਾਸਾਵੀਤੋਲ ।

ਨੂੰ ਈਸਾਈਆਂ 'ਖੰਭਵ ਕਾਂਧੜੇ ਜੇ ਲਹਾਂ ਘਿਨਾਂ ਸਾਵੀਂ ਤੋਲ' ਪੜ੍ਹਕੇ 'ਖੰਭਵ' ਦਾ ਅਰਥ (Cross) ਕਰ ਲਿਆ ਸੀ ।

Accent. (ਵਾਜ਼-ਦਬਾ) ਕਿਸੇ ਲਫ਼ਜ਼ ਦੀ ਕਿਸੇ ਮਾਤ੍ਰਾ ਉਤੇ ਜ਼ੋਰ ਦੇਣ ਦਾ ਕੋਈ ਨਿਸ਼ਾਨ ਨਹੀਂ ਸੀ ਹੁੰਦਾ ਅਤੇ ਨਾਂ ਹੀ ਹੁਣ ਤਕ ਵਰਤਿਆ ਗਿਆ ਹੈ, ਕਿਉਂਕਿ ਸਾਮ ਵੇਦ ਦੇ ਮੰਤ੍ਰ ਗਾਉਣੇ ਹੁੰਦੇ ਸਨ, ਜਾਂ ਖ਼ਾਸ ਧਾਰਨਾ ਅਨੁਸਾਰ ਪੜ੍ਹਨੇ ਪੈਂਦੇ ਸਨ, ਇਸ ਲਈ ਉਸ ਵਿਚ ਇਸ ਮਤਲਬ ਦੇ ਚਿੰਨ੍ਹ ਬਹੁਤ ਛੇਤੀ ਹੀ ਵਰਤੇ ਜਾਣ ਲਗ ਪਏ । ਜ਼ੋਰ ਦਿਤੇ ਜਾਣ ਵਾਲੀ ਮਾਤ੍ਰਾ ਦੇ ਉਪਰ ਇਕ ਖੜੀ ਲੀਕ ਪਾ ਦਿੰਦੇ ਹਨ ।

## ੧੮

# ਹਿੰਦਸੇ ਜਾਂ ਅੰਕ ਗੁਰਮੁਖੀ ਅੱਖਰਾਂ ਤੋਂ ਬਣੇ

ਅੰਕਾਂ ਨੂੰ 'ਹਿੰਦਸਾ' ਨਾਂ ਅਰਬੀਆਂ ਨੇ ਦਿੱਤਾ ਸੀ। ਅੰਕਾਂ ਦੀਆਂ ਸ਼ਕਲਾਂ ਅਤੇ ਅੰਕਾਂ ਨੂੰ ਇਕ ਪਾਲ ਵਿਚ ਰੱਖਕੇ ਨੌਵਾਂ ਹਿੰਦਸਿਆਂ ਦੀ ਮਦਦ ਨਾਲ ਵੱਡੀਆਂ ਤੋਂ ਵੱਡੀਆਂ ਰਕਮਾਂ ਲਿਖ ਲੈਣ ਦਾ ਢੰਗ ਅਰਬੀਆਂ ਨੇ ਹਿੰਦੁਸਤਾਨ ਤੋਂ ਲੈ ਕੇ ਅਗ੍ਹਾਂ ਯੌਰਪ ਵਿਚ ਫੈਲਾਇਆ ਸੀ। ਇਸੇ ਕਰਕੇ ਹਿੰਦਸੇ ਅਤੇ ਦਹਾਕਿਆਂ ਨਾਲ ਗਿਣਤੀ ਕਰਨੀ, ਇਹ ਦੋ ਗੱਲਾਂ, ਸਾਰੀ ਦੁਨੀਆਂ ਵਿੱਚ ਇਕ ਸਮਾਨ ਹਨ ਅਤੇ ਹਿੰਦਸਿਆਂ ਦੇ ਇਕ ਪਾਲ ਵਿੱਚ ਰੱਖਣ ਨਾਲ ਹਿੰਦਸੇ ਦੀ ਥਾਂ ਅਨੁਸਾਰ ਉਸ ਦੀ ਕੀਮਤ ਦਸ ਗੁਣੀ, ਸੌ ਗੁਣੀ, ਹਜ਼ਾਰ ਗੁਣੀ ਆਦਿ ਹੋ ਜਾਣੀ ਇਹ ਗਲ ਵੀ ਸਾਂਝੀ ਹੈ।

ਅੰਕ ਜਾਂ ਹਿੰਦਸੇ ਹਿੰਦੁਸਤਾਨ ਵਾਲਿਆਂ ਨੇ ਆਪਣੇ ਅੱਖਰਾਂ ਤੋਂ ਬਣਾਏ ਸਨ, ਅਤੇ ਓਹ ਅੱਖਰ 'ਗੁਰਮੁਖੀ' ਨਾਲ ਮਿਲਦੀ ਪੁਰਾਣੀ ਲਿਪੀ ਜਾਂ ਆਖੋ ਪੁਰਾਣੀ ਗੁਰਮੁਖੀ ਦੇ ਸਨ, ਜੋ ਕੁਝ ਵੀ ਨਾਂ ਇਸ ਲਿਪੀ ਦਾ ਉਸ ਵੇਲੇ ਸੀ। ਪਰ ਰਕਮਾਂ ਨੂੰ ਹਿੰਦਸਿਆਂ ਨਾਲ ਲਿਖਣ ਦਾ ਹੁਨਰ ਆਮ ਤੌਰ ਤੇ ਬਾਰਾਂ ਕੁ ਸੌ ਵਰ੍ਹੇ ਤੋਂ ਵਧੀਕ ਪੁਰਾਣਾ ਨਹੀਂ, ਭਾਵੇਂ ਜੋਤਸ਼ ਦੀਆਂ ਕਿਤਾਬਾਂ ਵਿਚ ਛੇਵੀਂ ਸਦੀ ਬਿਕ੍ਰਮੀ ਵਿਚ ਵਰਤਿਆ ਨਜ਼ਰੀਂ ਆਉਂਦਾ ਹੈ, ਜਦੋਂ ਅਜੇ ਪਾਲ ਵਿਚ ਖਾਲੀ ਥਾਂ ਜਾਂ 'ਸੁੰਨਯ' ਵਿਖਾਣ ਲਈ ਬਿੰਦੂ ਜਾਂ ਸਿਫ਼ਰ ਦੀ ਕਾਢ ਨਹੀਂ ਹੋਈ ਸੀ। ਗਿਣਤੀ ਦਸਣ ਤੇ ਰਕਮਾਂ ਲਿਖਣ ਲਈ ਕਵੀ ਲੋਕ ਢੰਗ ਵਰਤਦੇ ਸਨ। ਪੁਰਾਣੇ ਗੁਰੂ 'ਗਰੰਥ ਸਾਹਿਬਾਂ' ਦੇ ਪਿਛੇ ਵੀ ਕਦੇ ਕਦੇ ਕੋਈ 'ਅਕਪਾਲੀ' ਲਿਖੀ ਹੋਈ ਮਿਲਦੀ ਹੈ। ਲਿਖਾਰੀ ਨੇ ਬਿਨਾਂ ਸਮਝੇ ਨਕਲ ਕਰ ਛੱਡੀ ਹੈ। ਕਰਤਾਰ-ਪੁਰ (ਜਾਲੰਧਰ) ਵਾਲੀ ਪ੍ਰਾਚੀਨ ਬੀੜ ਵਿਚ ਇਕ 'ਅੰਕ ਪਾਲੀ' ਦਿੱਤੀ ਹੋਈ ਹੈ। ਅਰਬੀ ਫ਼ਾਰਸੀ ਵਿਚ ਇਸ ਦੇ ਮੁਕਾਬਲੇ ਤੇ 'ਅਬਜਦ' ਦਾ ਹਿਸਾਬ ਸੀ; ਜੇ ਕਿਸੇ ਘਟਨਾ ਦੀ ਤਾਰੀਖ ਲਿਖਣੀ ਹੋਵੇ, ਤਾਂ ਸ਼ਾਇਰ ਇਸੇ 'ਅਬਜਦ' ਦੇ ਹਿਸਾਬ ਨਾਲ ਕੁਝ ਅੱਖਰ ਚੁਣਕੇ ਅਤੇ ਉਨ੍ਹਾਂ ਦੇ ਲਫ਼ਜ਼ ਬਣਾਕੇ ਆਪਣੇ ਬਣਾਏ ਸ਼ਿਅਰ ਵਿਚ ਵਰਤਦਾ ਸੀ। 'ਅਬਜਦ' ਵਿਚ ਪੁਰਾਣੀ ਫ਼ਿਨਿਕੀ ਵਰਣ-ਮਾਲਾ ਦੇ ਬਾਈ ਅੱਖਰਾਂ ਨੂੰ ਤਰਤੀਬਵਾਰ ਇਕ ਤੋਂ ਲੈ ਕੇ ੪੦੦ ਤਕ, ਅਤੇ ਫਿਰ ਅਰਬੀ ਦੇ ਖ਼ਾਸ ਛਿਆਂ ਅੱਖਰਾਂ ਨੂੰ ਉਸੇ ਤਰ੍ਹਾਂ ੫੦੦ ਤੋਂ ੧੦੦੦ ਤਕ ਕੀਮਤ ਦਿੱਤੀ ਗਈ ਸੀ। ਯੂਨਾਨੀ ਤੇ ਰੋਮਨ ਵੀ ਅੱਖਰਾਂ ਨਾਲ ਗਿਣਤੀ ਦਿਖਾਉਂਦੇ ਸਨ। ਰੋਮਨ ਵਾਲੇ ਪਹਿਲੇ ਚਾਰ ਅਦਦਾਂ ਜਾਂ ਨੰਬਰਾਂ ਨੂੰ ਖੜੀਆਂ ਲੀਕਾਂ ਨਾਲ ਦਸਦੇ ਸਨ, ਫੇਰ ਪੰਜ ਲਈ ਅੱਖਰ V; ਦਸ ਲਈ X; ਪੰਜਾਹ ਲਈ L; ਸੌ ਲਈ C; ਪੰਜ ਸੌ ਲਈ D; ਅਤੇ ਹਜ਼ਾਰ ਲਈ M ਲਿਖਦੇ ਸਨ। 'ਲਖ' 'ਕ੍ਰੋੜ'



Sri Satguru Jagjit Singh Ji Elibrary NamdhariElibrary@gmail.com

ਆਦਿ ਲਈ ਕੋਈ ਅੱਖਰ ਨਹੀਂ ਸਨ। ਇਹ ਅੱਖਰ ਅਕਸਰ ਕਰਕੇ ਇਹਨਾਂ ਰਕਮਾਂ ਦੇ ਦੱਸਣ ਵਾਲੇ ਨਾਵਾਂ ਦੇ ਪਹਿਲੇ ਅੱਖਰ ਸਨ; ਜਿਵੇਂ ਅਸੀਂ ਆਪਣੀ ਬੋਲੀ ਵਿਚ ਉਨ੍ਹਾਂ ਹੀ ਰਕਮਾਂ ਦੇ ਦਸਣ ਲਈ ਅੱਖਰ : ਪ, ਦ, ਵ, ਸ, ਪਸ, ਤੇ ਹ ਵਰਤ ਲਈਏ। ਯੂਨਾਨੀਆਂ ਦਾ ਤਰੀਕਾ ਵੀ ਇਹੋ ਸੀ, ਭਾਵੇਂ ਅੱਖਰ ਉਨ੍ਹਾਂ ਦੀ ਬੋਲੀ ਅਨੁਸਾਰ ਸਨ। ਹਿੰਦੁਸਤਾਨ ਵਿੱਚ ਇਸੇ ਢੰਗ ਤੋਂ ਟੁਰ ਕੇ ਕਈ ਹੋਰ ਢੰਗ ਰਕਮਾਂ ਲਿਖਣ ਦੇ ਕਢੇ ਗਏ ਸਨ, ਜਿਨ੍ਹਾਂ ਵਿਚੋਂ, ਅੰਤ ਵਿੱਚ, ਹੁਣ ਵਾਲਾ ਤਰੀਕਾ ਨਿਕਲ ਆਇਆ।

ਹਿੰਦ ਵਿਚ ਰਕਮਾਂ ਲਿਖਣ ਦਾ ਪੁਰਾਣਾ ਢੰਗ ਨੌਵੀਂ ਸਦੀ ਦੇ ਅਖੀਰ ਤਕ ਕ਼ਰੀਬ ਕ਼ਰੀਬ ਉੱਡ ਗਿਆ ਸੀ, ਭਾਵੇਂ ਬੋਧਾਂ ਤੇ ਜੈਨੀਆਂ ਦੇ ਪੁਸਤਕਾਂ ਵਿੱਚ ਬਾਹਰਵੀਂ ਤੇਹਰਵੀਂ ਸਦੀ ਤਕ ਪੁਰਾਣੇ ਢੰਗ ਅਨੁਸਾਰ ਹੀ ਰਕਮਾਂ ਲਿਖੀਆਂ ਜਾਂਦੀਆਂ ਰਹੀਆਂ। ਪੁਸਤਕਾਂ ਦੇ ਪੰਨਿਆਂ ਤੇ ਅੰਕ ਦੇਂਦੇ ਵੀ ਸਾਹਮਣੇ ਪਾਸੇ ਅਖਰ ਅਤੇ ਪਿਛਲੇ ਪਾਸੇ ਅੰਕ ਦਿਆ ਕਰਦੇ ਸਨ। ਪਿਛੋਂ ਆਉਣ ਵਾਲੇ ਲਿਖਾਰੀਆਂ ਨੇ ਪੁਰਾਣੇ ਪੁਸਤਕ ਨਕਲ ਕਰਨ ਲਗਿਆਂ ਇਸ ਗਲ ਨੂੰ ਨਾਂਹ ਸਮਝਕੇ ਮੱਖੀ ਉਤੇ ਮੱਖੀ ਮਾਰ ਕੇ ਰਖ ਦਿੱਤੀ ਹੈ, ਅਤੇ ਕਈ ਵਾਰੀ ਪੁਰਾਣੇ ਪੁਸਤਕਾਂ ਵਿਚ ਅੱਖਰਾਂ ਦੇ ਪੜ੍ਹਨ ਅਤੇ ਨਕਲ ਕਰਨ ਵਿਚ ਭੁੱਲਾਂ ਵੀ ਕੀਤੀਆਂ ਹਨ।

(੧) ਹਿੰਦੁਸਤਾਨ ਦੇ ਪੁਰਾਣੇ ਤਰੀਕਿਆਂ ਵਿਚੋਂ ਇਕ ਤਰੀਕਾ ਇਹ ਸੀ ਕਿ ਇਕਾਈਆਂ, ਦਹਾਈਆਂ, ਸੈਂਕੜੇ ਤੇ ਹਜ਼ਾਰ ਵਾਸਤੇ ਚਿੰਨ੍ਹ ਮੁਕੱਰਰ ਸਨ, ਜੋ ਕਈ ਵਾਰੀ ਅੱਖਰਾਂ ਤੋਂ ਬਣਾਏ ਗਏ ਹੁੰਦੇ ਸਨ। ਇਨ੍ਹਾਂ ਚਿੰਨ੍ਹਾਂ ਦੀ ਮਦਦ ਨਾਲ ਹਰ ਰਕਮ ੯੯,੯੯੯ ਤਕ ਦੀਆਂ ਰਕਮਾਂ ਲਿਖੀਆਂ ਜਾ ਸਕਦੀਆਂ ਸਨ। ਇਸ ਤੋਂ ਉਪਰ ਜੇ 'ਲਖ', 'ਕ੍ਰੋੜ' ਆਦਿ ਲਿਖਣੇ ਹੋਣ ਤਾਂ ਲਫ਼ਜ਼ਾਂ ਵਿਚ ਲਿਖਣੇ ਹੋਣਗੇ, ਕਿਉਂਕਿ ਕਿਤਾਬਾਂ ਜਾਂ ਸਿਲਾ-ਲੇਖਾਂ ਵਿੱਚ ਕਦੀ ਵਡੀਆਂ ਰਕਮਾਂ ਲਿਖੀਆਂ ਹੋਈਆਂ ਨਹੀਂ ਮਿਲੀਆਂ। ਮਿਸਾਲ ਵਜੋਂ ਜੇ ੪੩੫ ਲਿਖਣਾ ਹੁੰਦਾ ਸੀ, ਤਦ 'ਸੌ' ਦੇ ਚਿੰਨ੍ਹ ਨਾਲ 'ਚਾਰ' ਦਾ ਚਿੰਨ੍ਹ ਜੋੜਕੇ ਉਸਦੇ ਪਿਛੇ 'ਤ੍ਰੀਹ' ਦਾ ਚਿੰਨ੍ਹ ਤੇ ਫਿਰ 'ਪੰਜ' ਦਾ ਚਿੰਨ੍ਹ ਬਣਾਂਦੇ ਸਨ, ਜਿਵੇਂ ਇਸ ਤਰ੍ਹਾਂ ਪੁਰ :—



੪੦੦ ੩੦ ੫

ਇਹ ਚਿਨ੍ਹ ਪੁਰਾਣੇ ਸ, ਚ, ਲ ਤੇ ਪ ਤੋਂ ਬਣੇ ਹੋਏ ਦਿਸਦੇ ਹਨ।

(੨) ਦੂਜਾ ਤਰੀਕਾ ਕੇਵਲ ਅੱਖਰਾਂ ਦੇ ਵਰਤਣ ਦਾ ਸੀ, ਜੋ ਖ਼ਾਸ ਖ਼ਾਸ ਗਿਣਤੀ ਵਾਸਤੇ ਮੁਕਰਰ ਕੀਤੇ ਹੁੰਦੇ ਸਨ, ਅਤੇ ਇਨ੍ਹਾਂ ਅੱਖਰਾਂ ਦੇ ਨਾਲ 'ਬਿੰਦੀ' (ਸਿਫ਼ਰ) ਤੇ ੧, ੨, ੩ ਹਿੰਦਸੇ ਭੀ ਹੁੰਦੇ ਸਨ, ਅਤੇ ੫੦, ੮੦ ਤੇ ੯੦ ਲਈ ਖ਼ਾਸ ਨਵੇਂ ਚਿਨ੍ਹ ਸਨ। ੧੫੩ ਲਿਖਣਾ ਹੋਵੇ, ਤਾਂ ਉਪਰ ਹੇਠਾਂ ਖੜੀ ਪਾਲ ਵਿਚ ਇਉਂ ਲਿਖਦੇ ਸਨ :—

ਸੁ = ੧੦੦
ਓ = ੫੦
ਤ = ੩

(੩) ਇਸੇ ਦੂਜੇ ਢੰਗ ਤੋਂ ਅੰਕਾਂ ਤੇ ਅੱਖਰਾਂ ਨੂੰ ਇਕ ਪਾਲ ਵਿਚ ਰੱਖ ਕੇ ਰਕਮਾਂ ਲਿਖਣ ਦਾ ਢੰਗ ਨਿਕਲਿਆ। ਪਰ ਮੁਢ ਵਿਚ ਤਰਤੀਬ ਉਲਟੀ ਹੁੰਦੀ ਸੀ; ਇਕਾਈਆਂ ਖੱਬੇ ਵਲ ਰਖ ਕੇ, ਉਸ ਤੋਂ ਸੱਜੇ ਵਲ ਦਹਾਈਆਂ, ਅਤੇ ਇਸੇ ਤਰਤੀਬ ਨਾਲ ਸੈਂਕੜੇ ਤੇ ਹਜ਼ਾਰ ਲਿਖਦੇ ਸਨ। ਆਰਯ ਭੱਟ ਨੇ ਪਹਿਲੀ ਵਾਰ ਇਹ ਤਰਤੀਬ ਉਲਟ ਦਿੱਤੀ ਅਤੇ ਇਕਾਈਆਂ ਨੂੰ ਸੱਜੇ ਹੱਥ ਰਖਕੇ ਉਸ ਤੋਂ ਖੱਬੇ ਵਲ ਪਹਿਲੀ ਜਗ੍ਹਾ ਵਿੱਚ ਦਹਾਈਆਂ, ਦੂਜੀ ਜਗ੍ਹਾ ਵਿੱਚ ਸੈਂਕੜੇ, ਤੇ ਤੀਜੀ ਵਿੱਚ ਹਜ਼ਾਰ, ਵਾਰੋ ਵਾਰੀ, ਇਹ ਤਰਤੀਬ ਕਰ ਦਿੱਤੀ। ਆਮ ਲੋਕਾਂ ਵਿੱਚ ਇਹ ਨਵੀਂ ਤਰਤੀਬ, ਜੋ ਹੁਣ ਵੀ ਪ੍ਰਚਲਤ ਹੈ, ਅਤੇ ਸਾਰੀ ਦੁਨੀਆਂ ਨੇ ਮੰਨ ਲਈ ਹੈ, ਕਿਤੇ ਸਤਵੀਂ ਅਠਵੀਂ ਸਦੀ ਬਿਕ੍ਰਮੀ ਵਿੱਚ ਵਰਤੀਣ ਲਗੀ। ਸਾਸਾਨੀ ਸ਼ਹਿਨਸ਼ਾਹ ਨੌਸ਼ੀਰਵਾਂ ਦੇ ਵੇਲੇ ਈਰਾਨ ਪਹੁੰਚੀ ਅਤੇ ਉਸ ਤੋਂ ਅਗੇ ਦੂਜਿਆਂ ਨੇ ਨਕਲ ਕੀਤੀ।

(੪) ਜੋਤਸ਼ ਦੀਆਂ ਕਿਤਾਬਾਂ ਵੀ ਪੁਰਾਣੇ ਸਮੇਂ ਪਦ-ਰਚਨਾ ਵਿੱਚ ਲਿਖੀਆਂ ਜਾਂਦੀਆਂ ਸਨ। ਪਦ-ਰਚਨਾ ਕਰਨ ਸਮੇਂ ਬਹੁਤ ਸਾਰੇ ਅੰਕ ਜਾਂ ਗਿਣਤੀ ਵਿੱਚ ਲਿਆਇਆਂ ਕਠਿਨਤਾ ਰਹਿੰਦੀ ਸੀ। ਉਸ ਨੂੰ ਦੂਰ ਕਰਨ ਲਈ ਜੋਤਸ਼ੀਆਂ ਨੇ ਕਿਤਨੇ ਹੀ ਅੰਕਾਂ ਜਾਂ ਰਕਮਾਂ ਲਈ ਕੁਝ ਸ਼ਬਦ ਮੁਕੱਰਰ ਕਰ ਛੱਡੇ ਸਨ। ਕੋਈ ਆਮ ਮਸ਼ਹੂਰ ਚੀਜ਼, ਜੋ ਸਦਾ ਇਕ ਖਾਸ ਗਿਣਤੀ ਵਿੱਚ ਹੁੰਦੀ ਹੋਵੇ, ਉਸ ਗਿਣਤੀ ਵਾਸਤੇ ਮੁਕੱਰਰ ਕੀਤੀ ਜਾਂਦੀ ਸੀ, ਜਿਸ ਤਰ੍ਹਾਂ ਵੇਦ ਆਸ਼੍ਰਮ, ਵਰਣ, ਯੁਗ, ਚੌਥੀ ਤੁਰਿਆ ਅਵਸਥਾ, ਸਭ ਚਾਰ ਚਾਰ ਹੁੰਦੇ ਸਨ, ਸੋ ਇਨ੍ਹਾਂ ਵਿਚੋਂ ਕੋਈ ਵੀ ਲਫ਼ਜ਼, ਜੋ ਪਦ ਵਿਚ ਫੱਬ ਜਾਏ, ਚਾਰ ਦੀ ਗਿਣਤੀ ਲਈ ਵਰਤ ਲੈਂਦੇ ਸਨ। ਇਸੇ ਤਰ੍ਹਾਂ ਤਿੰਨ ਲਈ ਗੁਣ, ਕਾਲ, ਲੋਕ, ਭਵਨ ਆਦਿ; ਪੰਜ ਲਈ ਪਾਂਡਵ, ਤਤੱਵ, ਇੰਦ੍ਰੇ ਆਦਿ; ਛੇ ਵਾਸਤੇ (ਖਟ) ਰਸ, (ਖਟ) ਦਰਸ਼ਣ, ਵਗੈਰਾ ਇਸੇ ਤਰ੍ਹਾਂ ੪੯ ਜਾਂ ਪੰਜਾਹ ਤਕ ਲਈ ਸ਼ਬਦ ਮਿਥੇ ਹੋਏ ਸਨ। ਜੇ ਸੰਬਤ ੨੯੩ ਲਿਖਣਾ ਹੋਵੇ, ਤਾਂ ਲਿਖਦੇ ਸਨ :—

'ਗੁਣ-ਗ੍ਰਹ—ਦ੍ਰਯੰਕਿਤੇ
੩ ੯ ੨

ਇਹ ਢੰਗ ਪੁਰਾਣੇ ਸਮੇਂ ਕੇਵਲ ਜੋਤਸ਼ ਦੀਆਂ ਕਿਤਾਬਾਂ ਵਿਚ ਵਰਤਿਆ ਜਾਂਦਾ ਸੀ, ਭਾਵੇਂ ਬ੍ਰਿਜ ਭਾਸ਼ਾ ਦੇ ਕਵੀ ਹੁਣ ਤਕ ਵਰਤਦੇ ਆਏ ਹਨ। ਧਿਆਨ ਕਰਨ ਵਾਲੀ ਗੱਲ ਹੈ ਕਿ ਇਕਾਈ ਦਾ ਅੰਕ ਖੱਬੇ ਪਾਸੇ ਹੈ ਅਤੇ ਦਹਾਈ ਤੇ ਸੈਂਕੜੇ ਵਾਰੋ ਵਾਰੀ ਉਸ ਦੇ ਸੱਜੇ ਵਲ।

(੫) ਹੁਣ ਇਕ ਮਾਮੂਲੀ ਸੰਮਤ ਲਿਖਣ ਲਈ ਤਿੰਨ ਲਫ਼ਜ਼ ਵਰਤਣੇ ਪਏ ਅਤੇ ਖਾਸੀ ਤਿੰਨ ਉਂਗਲ ਜਗ੍ਹਾ ਰੁਕ ਗਈ। ਸੋ ਇਸ ਨੂੰ ਸੁਖੱਲਾ ਬਣਾਣ ਲਈ ਇਕ ਅੰਕ ਪਾਲੀ ਜਿਸ ਨੂੰ ਪਹਿਲੀ ਖੜੀ ਪਾਲ ਵਿਚ ਆਏ ਚਾਰ ਅੱਖਰਾਂ ਤੋਂ 'ਕਟਪਯ' ਸਦਦੇ ਹਨ ਬਣਾਈ, ਜਿਸ ਦੀ ਮਦਦ ਨਾਲ ਇਕ ਅੰਕ ਲਈ ਇਕ ਅੱਖਰ ਵਰਤਿਆ ਜਾ ਸਕਦਾ ਸੀ, ਅਤੇ ਸਾਰੀ ਰਕਮ ਇਕੋ ਲਫ਼ਜ਼ ਜਾਂ ਹਦ ਦੋ ਲਫ਼ਜ਼ਾਂ ਵਿੱਚ ਲਿਖੀ ਜਾ ਸਕਦੀ ਸੀ। ਦਸ ਹਿੰਦਸਿਆਂ ਲਈ ਦਸ ਖ਼ਾਨੇ

Sri Satguru Jagjit Singh Ji Elibrary NamdhariElibrary@gmail.com

ਬਣਾ ਕੇ ਉਨ੍ਹਾਂ ਦੇ ਹੇਠਾਂ 'ਪੈਂਤੀ' ਦੇ ਅੱਖਰ ਇਉਂ ਲਿਖ ਲੈਂਦੇ ਸਨ, ਜਿਵੇਂ ਕਿ ਹੇਠਾਂ ਵਿਖਾਏ

| ੧ | ੨ | ੩ | ੪ | ੫ | ੬ | ੭ | ੮ | ੯ | ੦ |
|---|---|---|---|---|---|---|---|---|---|
| ਕ | ਖ | ਗ | ਘ | ਙ | ਚ | ਛ | ਜ | ਝ | ਞ |
| ਟ | ਠ | ਡ | ਢ | ਣ | ਤ | ਥ | ਦ | ਧ | ਨ |
| ਪ | ਫ | ਬ | ਭ | ਮ | - | - | - | - | - |
| ਯ | ਰ | ਲ | ਵ | ਸ਼ | ਖ | ਸ | ਹ | ਛੰ- | ੜੇ |

ਗਏ ਹਨ। ਇਸ ਅਨੁਸਾਰ ਰਕਮ ਲਿਖੀ ਜਾਏ ਤਦ ਪਹਿਲੇ ਖੱਬੇ ਹੱਥ ਦੇ ਅੱਖਰ ਤੋਂ ਇਕਾਈ, ਦੂਜੇ ਤੋਂ ਦਹਾਈ, ਤੀਜੇ ਤੋਂ ਸੈਂਕੜਾ ਸਮਝਿਆ ਜਾਂਦਾ ਸੀ। ਸੰਮਤ ੨੯੩ ਨੂੰ ਇਉਂ ਲਿਖਿਆ ਜਾਏਗਾ :—'ਬਧਰ'। ਪਰ ਅਰਥ ਵਾਲਾ ਲਫ਼ਜ਼ ਬਣਾਣ ਲਈ ਲਿਖ ਦੇਣਗੇ 'ਬਧਰਾ'। ਮਦਰਾਸ ਅਹਾਤੇ ਵਿੱਚ ਇਕ ਵਿਸ਼ਨੂੰ ਮੰਦਰ ਵਿੱਚ ਟੱਲ ਉੱਤੇ ਸੰਮਤ ਵਜੋਂ ਲਿਖਿਆ ਹੈ: 'ਭਵਤਿ'। ਉਪਰਲੀ ਅੰਕ ਪਾਲੀ ਦੇ ਵੇਖਣ ਤੋਂ 'ਭ' ਦੇ ੪, 'ਵ' ਦੇ ੪, ਅਤੇ 'ਤ' ਦੇ ੬, ਬਣ ਜਾਂਦੇ ਹਨ; ਅਤੇ ਇਹਨਾਂ ਹਿੰਦਸਿਆਂ ਨੂੰ ਉਸ ਵੇਲੇ ਦੇ ਦਸਤੂਰ ਅਨੁਸਾਰ ਪਾਲ ਵਿਚ ਰਖਿਆਂ ੪੪੬ ਬਣਦਾ ਹੈ, ਅਰਥਾਤ ਚਾਰ ਚਾਲੀਹ, ਤੇ ਛੇ ਸੌ। ਸੋ ਸੰਮਤ ਨਿਕਲਿਆ ੬੪੪, ਛੇ ਸੌ ਚੌਤਾਲੀ। *ਇਸੇ ਤਰ੍ਹਾਂ ਇਕ ਹੋਰ ਮੰਦਰ ਵਿਚ ਸੰਮਤ 'ਰਾਕਾਲੰਕੇ' ਲਿਖਿਆ ਹੈ; ਜੋ ਸਿੱਧਾ ਕੀਤਿਆਂ Deciphered) ੧੩੧੨ ਬਣਦਾ ਹੈ। ਆਰਯਭੱਟ ਨੇ ਆਪਣੇ ਪੁਸਤਕ 'ਆਰਯ-ਸਿਧਾਂਤ' ਵਿੱਚ ਢੰਗ ਤਾਂ ਇਹੋ ਵਰਤਿਆ ਹੈ, ਪਰ ਇਕਾਈ ਦਹਾਈ ਦੀ ਤਰਤੀਬ ਉਲਟ ਦਿੱਤੀ ਹੈ, ਅਤੇ ਜਿਸ ਤਰ੍ਹਾਂ ਹੁਣ ਅੰਕ ਲਿਖੇ ਜਾਂਦੇ ਹਨ, ਉਸ ਤਰ੍ਹਾਂ ਦੀ ਕਰ ਦਿੱਤੀ ਹੈ। ਜਿਵੇਂ ੧, ੫੯, ੯੯੯ ਨੂੰ ਲਿਖਿਆ ਹੈ :—'ਕਣਧਜ ਝੁਝਿਲਾ' ਇਸ ਲਫ਼ਜ਼ ਦੇ ਅਰਥ ਤਾਂ ਕੁਝ ਨਹੀਂ ਪਰ ਰਕਮ ਯਾਦ ਰਖਣ ਨਾਲੋਂ ਇਸ ਬੇਮਾਅਨੀ ਸ਼ਬਦ ਦਾ ਯਾਦ ਰੱਖਣਾ ਬਹੁਤ ਸੁਖਾਲਾ ਹੈ।

ਗੰਧਾਰਾ ਜਾਂ ਖਰੋਸ਼ਠੀ ਲਿਪੀ ਵਿੱਚ ਰਕਮਾਂ ਬਿਲਕੁਲ ਰੋਮਨ ਤ੍ਰੀਕੇ ਅਨੁਸਾਰ ਲਿਖੀਆਂ ਜਾਂਦੀਆਂ ਸਨ ਅਤੇ ਚਾਰ, ਦਸ, ਬੀਸ ਤੇ ਸੌ ਵਾਸਤੇ ਚਿੰਨ੍ਹ ਮੁਕੱਰਰ ਸਨ। ਸੋ ੯੯੯ ਤਕ ਦੀਆਂ ਰਕਮਾਂ ਅਤੇ ਸੰਨ ਵਗੈਰਾ ਲਿਖੇ ਜਾ ਸਕਦੇ ਸਨ।

————

ਪੰਜਾਬੀ ਦੇ ਕਵੀ ਵੀ ਉਪਰਲੇ ਤਰੀਕਿਆਂ ਵਿਚੋਂ ਕੁਝ ਆਪਣੀ ਕਵਿਤਾ ਵਿਚ ਵਰਤਦੇ ਆਏ ਹਨ, ਵਿਸ਼ੇਸ਼ ਕਰਕੇ ਗਿਣਤੀ ਦੀ ਥਾਂ ਖ਼ਾਸ ਖ਼ਾਸ ਲਫ਼ਜ਼ਾਂ ਦਾ ਵਰਤਣਾ ਜਾਂ ਕਿਸੇ ਸੰਮਤ ਸੰਨ ਨੂੰ ਅੰਕਪਾਲੀ ਅਨੁਸਾਰ ਲਿਖਣਾ ਅਤੇ ਇਹੋ ਸਬੱਬ ਅੰਕਪਾਲੀ ਨੂੰ ਗੁਰੂ ਗ੍ਰੰਥ ਸਾਹਿਬਾਂ ਦੇ

*ਅਜ ਕਲ੍ਹ ਵੀ ਭੇਦ ਦੀਆਂ ਗੱਲਾਂ ਨੂੰ ਲਿਖਣ ਵਾਸਤੇ, ਜਾਂ ਥੋੜ੍ਹੇ ਵਿੱਚ ਲਿਖਣ ਲਈ ਕਈ ਤਰ੍ਹਾਂ ਦੀਆਂ ਅੰਕ ਪਾਲੀਆਂ ਚੱਲੀਆਂ ਹੋਈਆਂ ਹਨ। ਅੱਖਰਾਂ ਦੀ ਥਾਂ ਹਿੰਦਸੇ, ਤੇ ਹਿੰਦਸਿਆਂ ਦੀ ਥਾਂ ਅੱਖਰ ਲਿਖੇ ਜਾਂਦੇ ਹਨ। ਇਨ੍ਹਾਂ ਨੂੰ ਅੰਗ੍ਰੇਜ਼ੀ ਵਿਚ Code ਜਾਂ Cypher ਸੱਦਦੇ ਹਨ।

ਕੋਰੇ ਵਰਕਿਆਂ ਉਤੇ ਨਕਲ ਕਰ ਛੱਡਣ ਦਾ ਸੀ ।

ਉਪਰ ਅਸੀਂ ਕਿਹਾ ਹੈ ਕਿ ਹਿੰਦਸੇ ਪੁਰਾਣੀ ਗੁਰਮੁਖੀ ਵਿਚੋਂ ਨਿਕਲੇ ਸਨ । ਇਸ ਲਈ ਦੇਖੋ ਪਲੇਟ ਨੰ: XXXII

ਸੰਸਕ੍ਰਿਤ ਵਿਚ 'ਛੇ' ਗਿਣਤੀ ਲਈ ਲਫ਼ਜ਼ ਹੈ 'ਖਟ' ਜਾਂ 'ਖਫ' ਪਰ ਹਿੰਦਸਾ ਜਾਂ ਅੰਕ ਖ ਤੋਂ ਨਹੀਂ, ਸਗੋਂ ਪ੍ਰਾਕ੍ਰਿਤ ਦੇ ਲਫ਼ਜ਼ 'ਛਾ' ਤੋਂ ਬਣਾਇਆ ਗਿਆ ਹੈ । ਇਸੇ ਤਰ੍ਹਾਂ 'ਅਠ' ਦਾ ਹਿੰਦਸਾ 'ਅਸ਼ਟ' ਦੇ 'ਅ' ਜਾਂ 'ਆਠ' ਦੇ 'ਆ' ਤੋਂ ਨਹੀਂ ਬਣਾਇਆ ਗਿਆ ਸਗੋਂ ਛੇਕੜਲੇ ਅੱਖਰ 'ਟ' ਤੋਂ ਜੋ ਸੁਖੱਲਾ ਸੀ ਅਤੇ ਭੁਲੇਖੇ ਤੋਂ ਖਾਲੀ ਸੀ ।

ਨੌਂ ਲਈ ਹਿੰਦਸਾ ਦੋ ਸ਼ਕਲਾਂ ਦਾ ਹੈ '੯' ਅਤੇ '  ' । ਇਹ ਦੋਵੇਂ ਸ਼ਕਲਾਂ ਜਾਂ ਚਿੰਨ੍ਹ ਗੁਰਮੁਖੀ ਦੇ 'ਣ' ਅਤੇ 'ਨ' ਤੋਂ ਲਏ ਹਨ । 'ਣ' ਦੀ ਆਵਾਜ਼ ਪੰਜਾਬੀ ਬੋਲੀ ਵਿੱਚ ਖ਼ਾਸ ਜਗ੍ਹਾ ਰੱਖਦੀ ਹੈ ਅਤੇ ਬਹੁਤ ਵਰਤੀ ਜਾਂਦੀ ਹੈ । ਜਿਥੇ ਹਿੰਦੀ ਆਦਿ ਵਾਲੇ 'ਨ' (ਦੰਦਾਂ ਦਾ ਅਨੁਨਾਸਿਕ) ਲਿਖਣਗੇ ਓਥੇ ਭੀ ਪੰਜਾਬੀ ਵਿੱਚ 'ਣ' (ਤਾਲੂ ਦਾ ਅਨੁਨਾਸਿਕ) ਵਰਤਿਆ ਜਾਏਗਾ ।

ਨਾਗਰੀ ਵਿੱਚ ਨੌਂ ਦਾ ਹਿੰਦਸਾ ਹੋਰ ਤਰ੍ਹਾਂ ਦੀ [ਲਿਖਦੇ ਹਨ ਅਰਥਾਤ '੧' ਦਾ ਪਾਸਾ ਪਰਤ ਕੇ '  ' ਬਣਾ ਦੇਂਦੇ ਹਨ, ਜਿਵੇਂ ਸਮਝੋ ਅੰਕਾਂ ਦੀ ਪਾਲ ਮੁਕਾਈ ਹੁੰਦੀ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 'ਪ੍ਰਾਚੀਨ ਬੀੜਾਂ' ਵਿੱਚ ਇਹ ਹਿੰਦਸਾ ਕੱਈ ਦਰਜਨ ਕੁ ਸ਼ਕਲਾਂ ਦਾ ਲਿਖਿਆ ਮਿਲਦਾ ਹੈ ।

ਆਪ ਵੇਖੋਗੇ ਕਿ ਕਿਸ ਤਰ੍ਹਾ 'ਹੁਕਮਨਾਮਿਆਂ' ਤੇ 'ਨੀਸਾਣਾ' ਵਿੱਚ ਵਰਤੇ ਅੱਖਰ

 (=ੲ, ਦ, ਬ, ਚ, ਛ or ਹ, ਸ, ਟ, ਣ, ਨ) ਪੁਰਾਤਨ ਅੱਖਰਾਂ ਨਾਲ ਹਮ ਸ਼ਕਲਾਂ ਅਤੇ ਅੰਕਾਂ ਦਾ ਮੂਢ ਹਨ ।

*ਬਿੰਦੀ ਜੋ ਸੁਨਜ ਦੇ ਥਾਂ ਤੇ ਪਾਈ ਜਾਂਦੀ ਹੈ, ਉਸ ਨੂੰ ਅਰਬੀ ਵਿੱਚ 'ਸਿਫ਼ਰ' ਆਖਦੇ ਹਨ, ਇਸ ਦੇ ਲੁਗਵੀ ਅਰਥ ਕੀ ਹਨ, ਮੈਂ ਨਹੀਂ ਜਾਣਦਾ । ਪਰ ਹਿੰਦੀ ਵਿਚ 'ਸੁਨਯ' ਨਾਮ ਦਸਦਾ ਹੈ ਕਿ ਇਹ ਚਿੰਨ੍ਹ ਇਕ ਖਾਸ ਮਤਲਬ ਲਈ ਅਰਥਾਤ 'ਖਾਲੀ ਥਾਂ' ਦਸਣ ਲਈ ਮੁਕੱਰਰ ਕੀਤਾ ਗਿਆ ਸੀ । ਸੋ ਹਿੰਦੀਆਂ ਦੀ ਹੀ ਕਾਢ ਹੈ, ਅਰਬੀਆਂ ਦੀ ਨਹੀਂ ।

Sri Satguru Jagjit Singh Ji Elibrary NamdhariElibrary@gmail.com

# ੧੯

# ਪੰਜਾਬ ਦੇ ਮੈਦਾਨੀ ਇਲਾਕੇ ਵਿੱਚ ਪਰਚੱਲਤ ਪੁਰਾਣੀ ਲਿਪੀ

'ਸਾਰਦਾ' ਕਸ਼ਮੀਰ ਦੇਸ ਵਿੱਚ, ਅਤੇ 'ਟਾਕਰੀ' ਹਿਮਾਚਲ ਪ੍ਰਦੇਸ਼ ਵਿੱਚ ਪਰਚੱਲਤ ਸਨ। ਪੰਜਾਬ. ਜੋ ਕਿਸੇ ਸਮੇਂ ਆਰੀਆ ਸੱਭਿਅਤਾ ਦਾ ਕੇਂਦਰ ਸੀ,—ਵੇਦ ਬਣੇ ਤਾਂ ਏਥੇ. ਸੁਰਸਵਤੀ ਨਦੀ ਏਥੇ, ਬ੍ਰਹਮਾਵਰਤ ਏਥੇ, ਕੁਰੂਛੇਤਰ ਦਾ ਪਾਵਨ ਦੇਸ ਏਥੇ—ਯਕੀਨ ਨਹੀਂ ਆਉਂਦਾ ਕਿ ਸਰਸਵਤੀ ਦੇਵੀ ਦੀ ਕ੍ਰਿਪਾ ਦ੍ਰਿਸ਼ਟੀ ਇਸ ਦੇਸ ਪੁਰ ਨਾ ਹੋਈ ਹੋਵੇ, ਅਤੇ ਏਥੇ ਕੋਈ ਲਿਪੀ ਹੀ ਨਾ ਹੁੰਦੀ ਹੋਵੇ। ਕਿਸੇ ਨਾ ਕਿਸੇ ਲਿਪੀ ਦਾ ਏਥੇ ਹੋਣਾ ਜ਼ਰੂਰੀ ਸੀ, ਅਤੇ ਜੇ ਸੀ ਤਾਂ ਉਹ ਕੀ ਸੀ? ਓਹ ਲਿਪੀ 'ਦੇਵਨਾਗਰੀ' ਨਹੀਂ ਸੀ, 'ਸਾਰਦਾ' ਨਹੀਂ ਸੀ, 'ਟਾਕਰੀ' ਨਹੀਂ ਸੀ। ਫੇਰ ਕੀ ਸੀ?

'ਗੁਰਮੁਖੀ' ਲਿਪੀ ਦਾ ਜ਼ਿਕਰ ਕਰਦੇ ਹੋਏ ਪੰਡਤ ਗੌਰੀ ਸ਼ੰਕਰ* ਜੀ ਓਝਾ, ਆਪਣੀ ਪੁਸਤਕ, 'ਪ੍ਰਾਚੀਨ ਲਿਪੀ ਮਾਲਾ', ਵਿਚ ਲਿਖਦੇ ਹਨ :—

> "ਪੰਜਾਬੀ ਲਿਪੀ' ਕੇ ਬਹੁਤ ਸੇ ਅੱਖਰ ਦੇਵਨਾਗਰੀ ਸੇ ਮਿਲਤੇ ਹੈਂ। ਗੁਰੂ ਅੰਗਦ ਕੇ ਪਹਿਲੇ ਪੰਜਾਬ ਮੇਂ ਬਹੁਧਾ ਮਹਾਜਨੀ ਲਿਪੀ ਹੀ ਵਯਵਹਾਰ ਮੇਂ ਪ੍ਰਚੱਲਤ ਥੀ, **ਔਰ ਸੰਸਕ੍ਰਿਤ ਪੁਸਤਕ ਨਾਗਰੀ ਸੇ ਮਿਲਤੀ ਹੁਈ ਏਕ ਪੁਰਾਣੀ ਲਿਪੀ ਮੇਂ ਲਿਖੇ ਜਾਤੇ ਥੇ। ਮਹਾਜਨੀ ਲਿਪੀ ਅਪੂਰਨ ਹੋਨੇ ਸੇ ਉਸ ਮੇਂ ਲਿਖਾ ਹੂਆ ਸ਼ੁਧ ਨਹੀਂ ਪੜ੍ਹਾ ਜਾ ਸਕਤਾ, ਇਸ ਲੀਏ ਗੁਰੂ ਅੰਗਦ ਨੇ ਧਰਮ ਪੁਸਤਕੋਂ ਕੇ ਲੀਏ ਸੰਸਕ੍ਰਿਤ ਪੁਸਤਕੋਂ ਕੀ ਲਿਪੀ ਸੇ ਵਰਤਮਾਨ ਪੰਜਾਬੀ ਲਿਪੀ ਬਨਾਈ। ਇਸੀ ਲੀਏ ਇਸ ਕੋ ਗੁਰਮੁਖੀ ਕਹਿਤੇ ਹੈਂ।"**

ਪੰਡਤ ਜੀ ਪ੍ਰਾਚੀਨ ਲਿਖਤਾਂ ਦੇ ਖੋਜੀ, ਅਤੇ ਉਹਨਾਂ ਦੇ ਪੜ੍ਹਨ ਵਿੱਚ ਮਾਹਿਰ, ਇਕ ਸਿਆਣੇ ਸਜਣ ਸਨ, ਇਸ ਲਈ ਉਹਨਾਂ ਦੇ ਲਿਖੇ ਨੂੰ ਸਤਿਕਾਰ ਨਾਲ ਪੜ੍ਹਨਾ ਚਾਹੀਦੇ। ਪਰ ਜੋ ਕੁਝ ਅਸਾਂ ਉੱਪਰ ਗੁਰਮੁਖੀ ਲਿਪੀ ਬਾਬਤ ਲਿਖਿਆ ਹੈ, ਉਸ ਦੀ ਰੌਸ਼ਨੀ ਵਿੱਚ ਉਹਨਾਂ ਦੇ ਇਸ ਕਥਨ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ, ਕਿ ਗੁਰੂ ਅੰਗਦ ਜੀ ਨੇ (ਜਾਂ ਗੁਰੂ ਨਾਨਕ ਦੇਵ ਨੇ) ਗੁਰਮੁਖੀ

---

*ਪੰਡਤ ਜੀ ਨਵੀਨ ਤਰ੍ਹਾਂ ਦੇ ਵਿਦਵਾਨ ਸਨ, ਅਤੇ ਰਾਜਪੂਤਾਨੇ ਦੇ ਉੱਘੇ ਇਤਿਹਾਸਕਾਰ ਸਨ। ਆਪ ਨੇ ਰਾਜਪੂਤਾਨੇ ਦੀਆਂ ਰਿਆਸਤਾਂ ਦੇ ਤਾਰੀਖੀ ਹਾਲਾਤ ਦੀ ਖੋਜ ਕਰਕੇ ਕਿਤਨੀਆਂ ਹੀ ਭੁਲਾਂ ਦੂਰ ਕੀਤੀਆਂ ਹਨ। ਮੀਰਾਂ ਬਾਈ ਦੀ ਪੇਕੀ ਕੁਲ, ਉਸ ਦੇ ਪਿਤਾ, ਤੇ ਜਨਮਭੂਮੀ ਵਗ਼ੈਰਾ ਦੇ ਹਾਲ ਲੱਭ ਕੇ ਮੀਰਾਂ ਬਾਈ ਦੀ ਜੀਵਨੀ ਪਰ ਨਵੀਂ ਰੌਸ਼ਨੀ ਪਾਈ ਹੈ ਆਦਿ।



Sri Satguru Jagjit Singh Ji Elibrary NamdhariElibrary@gmail.com

ਅੱਖਰਾਂ ਦੇ ਬਣਾਣ ਵਿੱਚ ਕੁਝ ਵੀ ਤਰੱਦਦ ਕੀਤਾ ਹੋਵੇ। ਸਿੱਖਾਂ ਵਿੱਚ ਅਭੋਲ ਹੀ ਚਲ ਪਈ ਇਕ ਬੇਬੁਨਿਆਦ ਗੱਲ ਨੂੰ, ਪੰਡਤ ਜੀ ਨੇ ਬਿਨਾਂ ਖੋਜ ਪੜਤਾਲ ਕੀਤੇ ਦੇ ਦੁਹਰਾ ਦਿਤਾ ਹੈ। ਪੰਡਤ ਜੀ ਵੀ ਮੰਨਦੇ ਹਨ ਕਿ "ਸੰਸਕ੍ਰਿਤ ਪੁਸਤਕ ਨਾਗਰੀ ਸੇ ਮਿਲਤੀ ਹੂਈ ਏਕ ਪੁਰਾਣੀ ਲਿਪੀ ਮੇਂ ਲਿਖੇ ਜਾਤੇ ਥੇ," ਔਰ ਕਿ ਇਨ੍ਹੀ "ਸੰਸਕ੍ਰਿਤ ਪੁਸਤਕੋਂ ਕੀ ਲਿਪੀ ਸੇ ਵਰਤਮਾਨ ਪੰਜਾਬੀ ਲਿਪੀ ਬਨਾਈ ਗਈ।" ਇਹਨਾਂ ਸੰਸਕ੍ਰਿਤ ਪੁਸਤਕਾਂ ਦੀ ਲਿਪੀ 'ਸਾਰਦਾ' ਤੇ 'ਟਾਕਰੀ' ਨਾਲੋਂ ਵਖਰੀ ਸੀ, ਜਿਨ੍ਹਾਂ ਦਾ ਜ਼ਿਕਰ ਪੰਡਤ ਜੀ ਨੇ ਅੱਡ ਕੀਤਾ ਹੈ। ਅਲ-ਬੇਰੂਨੀ ਦਾ ਲੇਖ ਵੀ, ਜੋ ਅਸਾਂ ਉਪਰ ਉਧ੍ਰਿਤ ਕੀਤਾ ਹੈ, ਇਸ ਇਲਾਕੇ ਭਾਟੀਯ ਅਰਥਾਤ ਭੱਟੀ ਰਾਜਪੂਤਾਂ ਦੇ ਦੇਸ ਵਿੱਚ ਜਾਂ ਕਹੋ ਕਿ ਪੰਜਾਬ ਦੇ ਲਹਿੰਦੇ ਅੱਧ ਦੇ ਮੈਦਾਨਾਂ ਵਿੱਚ,ਅਤੇ ਸਿੰਧ ਦੇ ਉਤ੍ਰੀ ਹਿੱਸੇ ਵਿੱਚ ਇਕ ਲਿਪੀ'ਅਰਧ-ਨਾਗਰੀ' ਨਾਮ ਵਾਲੀ ਦੇ ਹੋਣ ਦੀ ਗੁਵਾਹੀ ਦੇਂਦਾ ਹੈ। ਅਸੀਂ ਉਪਰ ਦਸ ਆਏ ਹਾਂ ਕਿ'ਮਾਲਵ' ਜਾਂ ਉਜੈਨੀ ਦੇਸ ਵਿੱਚ ਪ੍ਰਚੱਲਤ ਲਿਪੀ, ਜਿਸ ਨੂੰ 'ਨਾਗਰ' ਕਿਹਾ ਜਾਂਦਾ ਸੀ, ਅਤੇ ਜੋ ਨਾਂ ਅਲ-ਬੇਰੂਨੀ ਨੇ ਵੀ ਦਿੱਤਾ ਹੈ, ਓਹ ਲਿਪੀ ਅੱਜ ਕਲ ਦੀ 'ਨਾਗਰੀ' ਜਾਂ 'ਦੇਵਨਾਗਰ' ਦੇ ਨਾਂ ਨਾਲ ਪ੍ਰਸਿੱਧ ਲਿਪੀ ਤੋਂ ਬਹੁਤ ਭਿੰਨ ਸੀ; ਅਤੇ ਉਸਦੇ ਬਹੁਤ ਸਾਰੇ ਅੱਖਰ, ਅੱਜ ਕਲ ਦੀ 'ਦੇਵਨਾਗਰੀ' ਦੀ ਨਿਸਬਤ, 'ਗੁਰਮੁਖੀ' ਨਾਲ ਵਧੀਕ ਮਿਲਦੇ ਸਨ। ਕਈ ਇਕ ਅੰਗਰੇਜ਼ ਵਿਦਵਾਨਾਂ ਨੇ ਵੀ, ਗੁਰਮੁਖੀ ਅੱਖਰਾਂ ਨੂੰ ਪੁਰਾਣੇ ਅੱਖਰਾਂ ਨਾਲ, ਜੋ ਹੁਣ ਤਕ ਕਾਂਗੜੇ ਦੂਨ ਦੇ ਸਿਲਾ-ਲੇਖਾਂ ਵਿਚ ਮੌਜੂਦ ਹਨ, ਮਿਲਦੇ ਵੇਖਕੇ ਇਸ ਬਾਤ ਪੁਰ ਸ਼ਕ ਕੀਤਾ ਹੈ ਕਿ ਗੁਰਮੁਖੀ ਨਵੀਂ ਬਣਾਈ ਲਿਪੀ ਹੈ। ਸੋ ਸਾਨੂੰ ਇਸ ਗੱਲ ਦੇ ਮੰਨ ਲੈਣ ਵਿੱਚ ਕੋਈ ਸੰਕੋਚ ਨਹੀਂ, ਕਿ ਪੁਰਾਣੇ ਸਮੇਂ ਪੰਜਾਬ ਦੇ ਮੈਦਾਨੀ ਇਲਾਕੇ ਵਿਚ ਇਕ ਕਿਤਾਬੀ ਲਿਪੀ ਹੁੰਦੀ ਸੀ, ਜੈਸਾ ਕਿ ਹੋਣੀ ਚਾਹੀਦੀ ਸੀ, ਅਤੇ ਜਿਸ ਵਿੱਚ ਸੰਸਕ੍ਰਿਤ ਦੇ ਪੁਸਤਕ ਲਿਖੇ ਜਾਂਦੇ ਸਨ ਅਤੇ ਇਹ ਲਿਪੀ ਚੜ੍ਹਦੇ ਤੇ ਉੱਤਰ ਦੇ ਪਹਾੜੀ ਇਲਾਕੇ ਵਿੱਚ ਪਰਚੱਲਤ ਲਿਪੀਆਂ 'ਸਿਧ ਮਾਤ੍ਰਿਕਾ' (ਹੁਣ ਸਾਰਦਾ) ਤੇ 'ਟਾਕਰੀ' ਦੇ ਵਿਚਾਲੇ ਸੀ। ਬਹੁਤ ਕਰਕੇ ਪੱਛਮ-ਦੱਖਣੀ ਨੁਕਰ ਵਿੱਚ, ਉਤਰੀ ਸਿੰਧ ਵਿੱਚ ਪਰਚੱਲਤ ਕਿਸੇ ਉੱਚੀ ਲਿਪੀ ਨਾਲ ਵੀ ਸਾਂਝ ਰਖਦੀ ਸੀ।

ਰਿਹਾ ਨਾਮ ਦਾ ਸਵਾਲ। 'ਪੰਜਾਬ' ਨਾਮ ਇਸ ਦੇਸ਼ ਨੂੰ ਅਕਬਰ ਦਾ ਦਿੱਤਾ ਹੋਇਆ ਹੈ, ਅਤੇ ਓਹ ਵੀ ਕੋਈ ੧੫੯੦ ਈ: ਦੇ ਕ਼ਰੀਬ ਦਾ, ਜਾਂ ਸੰਮਤ ੧੬੪੦ ਬਿ: ਦੇ ਦੁਆਲੇ। ਸੋ ਉਸ ਪੁਰਾਣੀ, ਸੰਸਕ੍ਰਿਤ ਪੁਸਤਕਾਂ ਦੀ ਲਿਪੀ ਦਾ ਨਾਮ 'ਪੰਜਾਬੀ ਲਿਪੀ' ਤਾਂ ਹੋ ਹੀ ਨਹੀਂ ਸਕਦਾ; ਅਤੇ ਨਾ ਸਾਰੇ ਪੰਜਾਬ ਦੇਸ ਦਾ ਕੋਈ ਹੋਰ ਨਾਮ ਇਸ ਤੋਂ ਪਹਿਲੇ ਦਾ ਹੈ ਹੀ। ਪੰਜਾਬ ਦੇ ਇਲਾਕਿਆਂ ਜਾਂ ਪ੍ਰਾਂਤਾਂ ਦੇ ਨਾਂ ਅੱਡ ਅੱਡ ਹੁੰਦੇ ਸਨ, ਅਤੇ ਇਹ ਨਾਂ ਉਸ ਇਲਾਕੇ ਦੇ ਵਸਨੀਕ ਕਾਸ਼ਤਕਾਰ ਕੌਮਾਂ ਦੇ ਨਾਵਾਂ ਉਪਰ ਹੁੰਦੇ ਸਨ, ਜੋ ਪੁਰਾਣਾ ਦਸਤੂਰ ਵੇਦਾਂ ਦੇ ਵੇਲੇ ਤੋਂ ਚਲਾ ਆਉਂਦਾ ਸੀ, ਜਿਸ ਤਰ੍ਹਾਂ ਕਿ ਅੱਜ ਕਲ ਕੁਝ ਨਾਂ 'ਬਜਵਾਤ', 'ਖੁਖਰਾਨ', 'ਵਿਰਕਾਇਤ' ਆਦਿ ਚਲੇ ਆਉਂਦੇ ਹਨ। ਇਸੇ ਤਰ੍ਹਾਂ ਦਾ ਨਾਂ 'ਭਾਟੀਯ' ਸੀ। ਅਲ-ਬੇਰੂਨੀ ਦੇ ਵੇਲੇ ਪੁਰਾਣੀ ਲਿਪੀ ਦਾ ਨਾਂ ਕਿਸੇ ਇਕ ਇਲਾਕੇ ਤੋਂ ਨਹੀਂ, ਸਗੋਂ ਚੋਖੇ ਇਲਾਕੇ ਉਪਰ ਫੈਲੇ ਹੋਣ ਕਰ ਕੇ ਅੱਖਰਾਂ ਦੀ ਸ਼ਕਲ ਤੋਂ 'ਅਰਧ-ਨਾਗਰੀ' ਸੀ। ਓਹੋ ਨਾਂ ਹਟ ਕੇ ਉਸ ਦੀ ਥਾਂ 'ਗੁਰਮੁਖੀ ਨਾਂ ਚਲ ਪਿਆ ਹੈ। ਇਹ ਨਵਾਂ ਨਾਮ ਗੁਰਮੁਖੀ ਕਿਵੇਂ ਪਿਆ ਅਤੇ ਗੁਰੂ ਅੰਗਦ ਜੀ ਦੇ ਇਹ ਅੱਖਰ ਬਣਾਣ ਦੀ ਕਹਾਣੀ ਕਿਕੂੰ ਟੁਰੀ, ਇਹਨਾਂ ਸਵਾਲਾਂ ਦਾ ਜਵਾਬ ਅਸੀਂ ਅਗੇ ਚਲਕੇ ਦਿਆਂਗੇ। ਹਾਲੀ ਇਹ ਦਸਦੇ ਹਾਂ ਕਿ ਡਾਕਟਰ ਆਰ. ਡਬਲਯੂ. ਲਾਇਟਨਰ, ਪੰਜਾਬ ਦੇ ਮਹਿਕਮਾ ਤਾਲੀਮ ਦੇ ਪਹਿਲੇ ਡਾਇਰੈਕਟਰ,

ਇਸ ਨਾਂ ਗੁਰਮੁਖੀ ਬਾਬਤ ਕੀ ਆਖਦੇ ਹਨ। ਉਹ ਆਪਣੀ ਕਿਤਾਬ "History of Indigenous Education in the Punjab" ਦੇ ਸਫ਼ੇ ੩੧-੩੨ ਵਿੱਚ ਇਉਂ ਲਿਖਦੇ ਹਨ :—

"Gurmukhi, however, is not a name for a mere character, as is upposed both by the native, including now even the Sikhs themselves and by Europeans. Etymologically and historically, it is the name of the language, which flowed from the mouth of the Guru Nanak, and although his sayings were committed subsequently to writing by Arjan, the characters though not the name, existed before Nanak. For example at Athur, in the Ludhiana district, there is a mausoleum, so Sirdar Atar Singh, the Chief of Bhadaur tells me on which there is an inscription dated 50 years before the advent of Guru Nanak, written in characters which are evidently the same as the present Gurmukhi, though the difference between these and the earlier Sikh writings and between these writings and the present Gnrmukhi is somewhat greater."°

ਜਿਸ ਲਿਖਤ ਦਾ ਜ਼ਿਕਰ ਉਪਰ ਕੀਤਾ ਹੈ, ਓਹ ਸੰਮਤ ਵਿਕ੍ਰਮੀ ੧੪੭੬ (ਸੰਨ ਈਸਵੀ-੧੪੧੯) ਦੇ ਕ੍ਰੀਬ ਦੀ ਹੈ, ਜਦ ਕਿ ਸੱਯਦ ਪਾਤਸ਼ਾਹਾਂ ਦੇ ਰਾਜ ਦਾ ਮੁੱਢ ਹੋਇਆ ਸੀ।

ਅਠੂਰ ਬਹੁਤ ਪੁਰਾਣਾ ਸ਼ਹਿਰ ਸੀ। ਇਸ ਦਾ ਪਿੱਛਾ, ਸ਼ਾਇਦ, ਤਿੰਨ ਚਾਰ ਹਜ਼ਾਰ ਵਰ੍ਹੇ ਨੂੰ ਅਪੜਦਾ ਸੀ। ਇਹ ਸ਼ਹਿਰ ਮੀਲਾਂ ਵਿੱਚ ਫੈਲਿਆ ਹੋਇਆ ਸੀ ਅਤੇ ਭਸੌੜ ਇਸ ਦੀ ਇਕ ਬਾਹਰਲੀ ਬਸਤੀ (Suburb) ਹੁੰਦਾ ਸੀ। ਸਰਦਾਰ ਸਾਹਿਬ ਨੇ ਸੰਨ ੧੮੭੧ ਵਿੱਚ ਰਾਇਲ ਏਸ਼ੀਆਟਿਕ ਸੋਸਾਇਟੀ, ਬੰਗਾਲ, ਵਿੱਚ ਇਸ ਸ਼ਹਿਰ ਦੇ ਪੁਰਾਣੇ ਹਾਲਾਤ ਉਪਰ ਇਕ ਲੇਖ ਪੜ੍ਹਿਆ ਸੀ। ਉਸ ਵਿੱਚ ਸੰਮਤ ੧੫੩੨ ਦੀ ਇਕ ਹੋਰ ਲਿਖਤ ਦਾ ਜ਼ਿਕਰ ਵੀ ਕੀਤਾ ਸੀ, ਜੋ ਓਥੇ ਰਾਏ ਫ਼ੀਰੋਜ਼ ਦੇ ਰੌਜ਼ੇ ਉਤੇ ਲਿਖੀ ਹੋਈ ਓਹਨਾਂ ਨੂੰ ਮਿਲੀ। ਇਹ ਲਿਖਤ ਗੁਰੂ ਨਾਨਕ ਸਾਹਿਬ ਦੇ ਜਨਮ ਤੋਂ ਛੇ ਸੱਤ ਵਰ੍ਹੇ ਪਿੱਛੋਂ ਦੀ ਹੈ। ਸੋਸਾਇਟੀ ਦੀ ਸੰਨ ੧੮੭੧ ਈ: ਦੀ ਰਿਪੋਰਟ ਵਿਚੋਂ ਉਸ ਲੇਖ ਦਾ ਖ਼ੁਲਾਸਾ ਲੁਧਿਆਣੇ ਜ਼ਿਲੇ ਦੀ ਰਿਪੋਰਟ ਬੰਦੋਬਸਤ ਵਿੱਚ ਦਿੱਤਾ ਹੋਇਆ ਹੈ :—

"The follwing is an account taken from a Hindi† paper by the late Sir Atar Singh, K. C. I. E. Chief of Bhadaur of ‡M. Athur, a

°The word 'Gurmukh' or 'Guru-mukh' is an antonym of 'Manmukh', and both are much older than Guru Nanak, they stand for the terms 'authoritarian' and 'rationalist.'

†ਬਹੁਤ ਕਰ ਕੇ ਮੁਰਾਦ ਗੁਰਮੁਖੀ ਤੋਂ ਹੈ।
‡M=ਮੌਜ਼ਹ or village.

village which lies a little north of Bhadaur, and 8 Cos South of Jagraon (R. A. S, Bengal 187 proceedings) :—

"In old times, Athur was inhabited by Rajputs of the Pramara clan. Many of the inhabitants ware killed when the Mohammedans invaded the district, and many emigrated. Among the fugitives were also several families of Brahmans, and hence, it is certain that certain clans, as for example the Kaligotra Brahmans of the hills of Chint-Purni, look upon Athur as their original domicile." The Sirdar then mentions several legends of Rai Firoz under whom Athur flourished. His tomb still existts, and in one of its inscriptions† the year 1532 Samvat is legible. The old tank called Raniyana near Athur is frequented by numerous Pilgrims. People say that the ancient name of the place is Ahichhatta, and that its ruler Raja Budhmati, composed a work in Prakrit entitled 'Dharma-Katha' which is still used by the Puja tribe (an ascetic sect of Jains) in the district. In the 15th chapter of the book it is mentioned that a former prince of the city, named Kanak Ketu, reigned at the time of Mahavira Swami, the 24th incarnation of Budha. Under him Bhadaur and the adjoining village were the suburbs of Arur.*"

ਉਪਰਲੇ ਬਿਆਨ ਨੂੰ ਸਮਝਣ ਲਈ ਇਹ ਦਸਣਾ ਜ਼ਰੂਰੀ ਹੈ ਕਿ ਓਥੋਂ ਦੇ ਮਾਲਕ ਹੁਣ ਵੀ ਪੁਵਾਰ ਕੁਲ ਦੇ ਭੱਟੀ ਰਾਜਪੂਤ ਹੀ ਹਨ, ਅਤੇ ਇਹ ਸਾਰਾ ਇਲਾਕਾ ਭੱਟੀ ਰਾਜਪੂਤਾਂ ਦਾ ਹੈ। 'ਅਹੀਛਤ੍ਰ' ਨਾਂ ਦਸਦਾ ਹੈ ਕਿ ਇਹ ਸ਼ਹਿਰ ਪੁਰਾਣੇ ਨਾਗ, ਤਕਸ਼ ਜਾਂ ਤੱਕਾ ਜਾਂ ਟੱਕਾ ਲੋਕਾਂ ਦਾ ਸੀ। ਹੁਣ ਤਕ ਇਹ ਨਾਮ (ਚੌਧਰੀ ਨਿਹਾਲ ਸਿੰਘ ਤਕਸ਼ਕ) ਇਸ ਇਲਾਕੇ ਵਿੱਚ ਵਰਤਿਆ ਜਾਂਦਾ ਹੈ। ਚੌਬੀਸਵੇਂ ਤੀਰਥੰਕਰ 'ਮਹਾਵੀਰ' ਛੇਵੀਂ ਸਦੀ ਪੂਰਬ ਈਸਾ ਮਸੀਹ ਵਿਚ ਹੋਏ ਹਨ, ਭਗਵਾਨ ਬੁਧ ਤੋਂ ਤੀਹ ਪੈਂਤੀ ਵਰ੍ਹੇ ਵੱਡੇ ਸੀ। ਬਿਆਨ ਤੋਂ ਦਿਸਦਾ ਹੈ ਕਿ ਪਹਿਲੇ ਏਥੇ ਬੁਧ ਧਰਮ ਦਾ ਪ੍ਰਚਾਰ ਸੀ, ਅਤੇ ਪਿਛੋਂ ਜੈਨੀ "ਪੂਜਾ" ਦਾ ਪ੍ਰਭਾਵ ਵਧੀਕ ਹੋ ਗਿਆ। ਰਾਜਾ 'ਬੁਧ-ਮਤੀ' ਦੀ ਲਿਖੀ ਕਿਤਾਬ 'ਧਰਮ ਕਥਾ'† ਅਤੇ ਹੋਰ ਪੁਸਤਕ ਜੇਕਰ ਜੈਨੀਆਂ‡ ਤੋਂ ਮਿਲ ਜਾਣ, ਤਦ ਅਸੀਂ ਦੇਖ ਸਕਾਂਗੇ ਕਿ ਓਹ ਕਿਨ੍ਹਾਂ ਅੱਖਰਾਂ ਵਿੱਚ ਲਿਖੇ ਹੋਏ ਹਨ। ਕੋਈ ਅਜਬ ਨਹੀਂ ਕਿ ਅਸੀਂ 'ਅਲ-ਬੇਰੂਨੀ' ਦੀ 'ਅਰਧ-ਨਾਗਰੀ' ਨੂੰ ਹੋਰ ਦੋ ਚਾਰ ਸੌ ਵਰ੍ਹੇ ਪਿੱਛੇ ਲਿਜਾ ਸਕੀਏ ਅਤੇ ਰਾਜਾ

*ਗਲਤੀ ਨਾਲ 'ਅਠੂਰ' ਨੂੰ 'ਅਰੂਰ', ਪੜ੍ਹ ਲਿਆ ਗਿਆ ਹੈ।

†ਮਤਲਬ ਲਿਖਤ ਤੋਂ ਹੈ, ਓਥੇ ਕੋਈ ਪੁਟਿਆ ਹੋਇਆ ਲੇਖ ਨਹੀਂ।

‡ਜੇ 'ਧਰਮਕਥਾ' ਹਾਲੀ ਵੀ ਪੂਜਾ ਪਾਸ ਮੌਜੂਦ ਹੈ ਤਦ ਹੋ ਸਕਦਾ ਹੈ ਕਿ ਹੋਰ ਪੁਸਤਕ ਵੀ ਉਸ ਸਮੇਂ ਦੇ ਹੋਣ। ਸ਼ਾਇਦ ਡਾਕਟਰ ਬਨਾਰਸੀ ਦਾਸ ਜੈਨ ਇਨ੍ਹਾਂ ਪੁਸਤਕਾਂ ਦਾ ਪਤਾ ਕੱਢ ਸਕਣ।

Sri Satguru Jagjit Singh Ji Elibrary NamdhariElibrary@gmail.com

'ਏਵਜਾਗੀਤ' ਦੇ ਸਿੱਕੇ ਦੇ ਅੱਖਰਾਂ ਨਾਲ ਮਿਲਾ ਸਕੀਏ ।

ਉਪਰ ਦਿੱਤੇ ਦੋ ਬਿਆਨ ਪੜ੍ਹਕੇ ਜ਼ਰੂਰੀ ਸੀ ਕਿ ਮੈਂ ਅਨੂਰ ਪਹੁੰਚਦਾ ਅਤੇ 'ਗੁਰਮੁਖੀ' ਕਹੋ ਜਾਂ ਗੁਰਮੁਖੀ ਵਰਗੇ ਅੱਖਰਾਂ ਵਿੱਚ ਅਜਿਹੀ ਪੁਰਾਣੀ ਲਿਖਤ ਨੂੰ ਆਪਣੀ ਅੱਖੀਂ ਵੇਖਦਾ । ਸਰਦਾਰ ਸਾਹਿਬ ਦੇ ਬਿਆਨ ਸਤਰ ਵਰ੍ਹੇ ਪੁਰਾਣੇ ਹੋ ਚੁਕੇ ਸਨ, ਆਸ ਤਾਂ ਘਟ ਸੀ, ਪਰ ਮੈਂ ਆਪਣੀ ਕਿਸਮਤ ਅਜ਼ਮਾਈ ਲਈ ਅਨੂਰ ਪਹੁੰਚਿਆ, ਇਕ ਵਾਰੀ ਦਸੰਬਰ ੧੯੩੯ ਵਿੱਚ, ਤੇ ਫੇਰ ਤਿਆਰ ਹੋਕੇ ਫ਼ਰਵਰੀ ੧੯੪੦ ਵਿਚ । ਕੈਮਰਾ ਲਿਆ, ਟ੍ਰੇਸਿੰਗ ਪੇਪਰ ਲਿਆ, ਅਤੇ ਸੁਪ੍ਰਿੰਟੈਂਡੈਂਟ ਅਰਕਯੋਲੋਜੀਕਲ ਡੀਪਾਰਟਮੈਂਟ ਤੋਂ ਕਸ਼ਮੀਰੀ ਕਾਗਜ਼ ਤੇ ਵਿਕਨੀ ਤੇਲ ਦੀ ਸਿਆਹੀ ਲਈ, ਅਤੇ ਖੂਹ ਵਿੱਚ ਉਤਾਰਨ ਲਈ ਇਕ ਹਲਕਾ ਫੁਲਕਾ ਸਾਥੀ ਲਿਆ, ਕਿਉਂਕਿ ਮੈਨੂੰ ਦਸਿਆ ਗਿਆ ਸੀ ਕਿ ਖੂਹ ਵਿੱਚ ਲਗਾ ਸਿਲਾ ਲੇਖ ਬਹੁਤ ਪੁਰਾਣੇ ਅਖਰਾਂ ਵਿੱਚ ਹੈ, ਜੋ ਪੜ੍ਹੇ ਨਹੀਂ ਜਾਂਦੇ । ਕੈਮਰੇ ਦਾ ਫੋਕਸ ਕਰਨ ਨੂੰ ਥਾਂ ਵੀ ਨਹੀਂ ਸੀ ਅਤੇ ਲਿਖਤਾਂ ਐਡੀਆਂ ਮਧਮ ਸਨ ਕਿ ਨਾ ਤਾਂ ਉਹਨਾਂ ਦਾ ਫ਼ੋਟੋ ਲਿਆ ਜਾ ਸਕਦਾ ਸੀ ਅਤੇ ਨਾ ਸੱਭ ਦਾ ਟ੍ਰੇਸਿੰਗ ਹੀ ਕੀਤਾ ਜਾ ਸਕਦਾ ਸੀ । ਲਿਖਤਾਂ ਧੂੜ ਤੇ ਮੀਂਹ ਪੈ ਕੇ ਦੱਬੀਆਂ ਗਈਆਂ ਸਨ, ਜਿਵੇਂ ਕਿਸੇ ਨੇ ਪੋਚਾ ਪਾ ਦਿੱਤਾ ਹੁੰਦਾ ਹੈ । ਪਰ ਫੇਰ ਵੀ ਮੈਂ ਖੁਸ਼ ਹਾਂ ਕਿ ਮੈਂ ਓਥੇ ਗਿਆ ਅਤੇ ਬੇਮੁਰਾਦ ਨਾ ਮੁੜਿਆ । ਚੰਗੇ ਭਾਗਾਂ ਨੂੰ ਮੈਂ ਕਈ ਇਕ ਲਿਖਤਾਂ ਪੜ੍ਹ ਅਤੇ ਨਕਲ ਕਰ ਸਕਿਆ ।

ਓਹ ਦੋ ਨਵਿਸ਼ਤੇ, ਜਿਨ੍ਹਾਂ ਦਾ ਜ਼ਿਕਰ ਸਰਦਾਰ ਸਰ ਅਤਰ ਸਿੰਘ ਨੇ ਡਾਕਟਰ ਲਾਈਟਨਰ ਅਤੇ ਰਾਇਲ ਸੋਸਾਇਟੀ ਪਾਸ ਕੀਤਾ ਸੀ, ਅਰਥਾਤ ਸੰਮਤ ੧੪੭੬ ਅਤੇ ਸੰਮਤ ੧੫੩੨ ਦੇ, ਤਾਂ ਨਾ ਮਿਲੇ, ਪਰ ਕੋਈ ਸੱਤ ਕੁ ਸੰਮਤ, ੧੫੨੭ ਤੋਂ ਲੈ ਕੇ ੧੬੪੪ ਤਕ ਦੇ ਵਿਚਾਲੇ ਦੇ, ਮੈਂ ਨਕਲ ਕਰ ਲਏ ਜਾਂ ਟ੍ਰੇਸ ਕਰ ਲਏ । ਇਹ ਪਲੇਟ ਨੰ: **XXXIII** ਵਿੱਚ ਦਿੱਤੇ ਹਨ ।

ਸੰਮਤ ੧੫੨੭ ਗੁਰੂ ਨਾਨਕ ਸਾਹਿਬ ਦੇ ਜਨਮ ਤੋਂ ਕੁਝ ਮਹੀਨੇ ਪਿਛੋਂ ਦਾ ਹੈ ਅਤੇ ਸੰਮਤ ੧੫੪੭ (=ਸੰਨ ੧੪੯੦); ਸੰਮਤ ੧੫੫੪ (=ਸੰਨ ੧੫੯੭); ਸੰਮਤ ੧੫੫੮ (ਸੰਨ ੧੫੦੧); ਤੇ ਸੰਮਤ ੧੫੭੩ (=ਸੰਨ ੧੫੧੬) ਸੱਭ ਓਹਨਾਂ ਦੇ ਜੀਵਨ ਵਿਚ ਪੈਂਦੇ ਹਨ । ਗੁਰੂ ਸਾਹਿਬ ਕਿਤੇ ਸੰਮਤ ੧੫੭੬ (=ਸੰਨ ੧੫੧੯) ਵਿੱਚ ਸੁਲਤਾਨਪੁਰ ਲੋਧੀ ਗਏ ਸਨ ਅਤੇ ਦੋ ਢਾਈ ਵਰ੍ਹੇ ਮੋਦੀਖਾਨੇ ਦਾ ਕੰਮ ਕਰਕੇ ਉਦਾਸ ਧਾਰਣ ਕਰ ਲਿਆ ਸੀ । ਇਕ ਨਵਿਸ਼ਤਾ ਸੰਮਤ ੧੬੪੪ ਦਾ ਅਸੀਂ ਦਿੱਤਾ ਹੈ, ਇਹ ਵੀ ਗੁਰੂ ਗਰੰਥ ਸਾਹਿਬ ਦੀ ਬੀੜ ਬਝਣ ਨਾਲੋਂ ਘਟ ਤੋਂ ਘਟ ਚਾਰ ਵਰ੍ਹੇ ਪਹਿਲੇ ਦਾ ਹੈ । ਅਕਬਰ ਉਸ ਵੇਲੇ (ਸੰਨ ੧੫੮੭) ਲਾਹੌਰ ਹੀ ਰਹਿੰਦਾ ਸੀ । ਇਹ ਗਲ ਧਿਆਨ ਕਰਨ ਵਾਲੀ ਹੈ ਕਿ ਸਾਡੇ ਦਿਤੇ ਨਵਿਸ਼ਤਿਆਂ ਵਿੱਚ ਇਕ ਕਿਸੇ ਮੁਸਲਮਾਨ ਦਾ ਵੀ ਹੈ ।

ਨਵਿਸ਼ਤੇ ਤਾਂ ਹੋਰ ਵੀ ਸਨ ਅਤੇ ਮਿਹਨਤ ਕੀਤਿਆਂ ਸੰਮਤ ੧੪੭੬ ਤੇ ੧੫੩੨ ਦੇ, ਤੇ ਸ਼ਾਇਦ ਓਹਨਾਂ ਤੋਂ ਪਹਿਲੇ ਦਾ ਵੀ ਕੋਈ, ਲੱਭ ਪੈਂਦਾ, ਪਰ ਮੇਰੇ ਮਤਲਬ ਲਈ ਇਹ ਸੱਤ ਬਹੁਤੇਰੇ ਸਨ । ਇਕ ਥਾਂ ਅਰਬੀ ਜ਼ਬਾਨ ਵਿੱਚ ਇਕ ਰੁਬਾਈ ਲਿਖੀ ਹੋਈ ਸੀ । ਹੋਰ ਥਾਂ ਫ਼ਾਰਸੀ ਦੇ ਬੈਂਤ ਆਦਿ ਸਨ, ਜਿਨ੍ਹਾਂ ਵਿਚੋਂ ਇੱਕ ਦਾ ਮੁੱਢ ਸੀ :

نوشتہ بماند شبانہ و روز

ਇਕ ਦਸਖ਼ਤ ਸੰਨ ੧੩੧੨ ਹਿਜਰੀ ਦਾ ਵੀ ਸੀ । ਹੋਰ ਥਾਂ ਨਾਗਰੀ ਅੱਖਰਾਂ ਵਿੱਚ ਖ਼ਾਨੇ ਬਣਾਕੇ

Sri Satguru Jagjit Singh Ji Elibrary NamdhariElibrary@gmail.com

ਜੰਤਰ ਦਿੱਤ੍ਰਾ ਹੋਇਆ ਸੀ, ਜਿਸ ਦੇ ਖ਼ਾਨਿਆਂ ਵਿੱਚ ਹਿੰਦਸਿਆਂ ਦੀ ਥਾਂ ਅੱਖਰ ਭਰੇ ਹੋਏ ਸਨ।

ਇਹਨਾਂ ਸੰਮਤਾਂ ਨੂੰ ਆਪਣੇ ਠੀਕ ਸੈਟਿੰਗ ਵਿੱਚ ਸਮਝਣ ਲਈ ਇਹ ਦਸਣਾ ਜ਼ਰੂਰੀ ਹੈ ਕਿ
ਅਠੂਰ (ਜਾਂ ਹਠੂਰ ਸ਼ਰੀਫ਼) ਮੰਝ ਰਾਜਪੂਤਾਂ ਦਾ ਪਿੰਡ ਹੈ, ਜੋ ਮੁਸਲਮਾਨ ਹੋ ਗਏ ਹਨ। ਮੰਝ ਰਾਜ-
ਪੂਤ ਭੱਟੀਆਂ ਤੇ ਇਕ ਵੰਸ਼ ਜਾਂ ਕੁਲ ਦਾ ਨਾਮ ਹੈ। ਜਦੋਂ ਮੈਂ ਓਥੇ ਗਿਆ ਸੀ, ਤਦੋਂ ਰਾਏ
ਅਸਦੁੱਲਾ ਖ਼ਾਂ ਮਾਲਕ ਅਤੇ ਜ਼ਿਮੀਂਦਾਰ ਸਨ। ਅਠੂਰ ਦੇ ਇਹਨਾਂ ਰਾਜਪੂਤਾਂ ਦੇ ਮਿਰਾਸੀ, ਮੀਆਂ
ਹੁਸੈਨ ਬਖ਼ਸ਼, ਤੋਂ ਜੋ ਅੱਛਾ ਪੜ੍ਹਿਆ ਹੋਇਆ ਆਦਮੀ ਸੀ, ਅਤੇ ਰਾਏ ਅਸਦਉਲਹ ਖ਼ਾਂ ਤੋਂ ਇਸ ਬੰਸ
ਦੇ ਪੁਰਾਣੇ ਹਾਲਾਤ ਦਾ ਪਤਾ ਲਗਾ, ਕਿ ਇਹਨਾਂ ਦਾ ਮੌਰਿਸੇ-ਆਹਲਾ ਫ਼ੀਰੋਜ਼ ਸ਼ਾਹ ਤੁਗਲਕ ਦੇ ਸ਼ੁਰੂ ਸਮੇਂ
ਵਿੱਚ ਅਠੂਰ ਆਇਆ। ਉਸ ਦੀ ਔਲਾਦ ਵਿੱਚ ਰਾਏ ਦੱਲਾ* (ਰਾਏ ਦਲਪਤ) ਹੋਇਆ। ਇਸ ਰਾਏ
ਤਕ ਇਹ ਲੋਕ ਹਿੰਦੂ ਸਨ। ਰਾਏ ਦਲਾਂ ਦਾ ਬੇਟਾ ਰਾਏ ਕਮਾਲੁਦੀਨ, ਅਤੇ ਰਾਏ ਕਮਾਲੂ ਦੀਨ ਦਾ
ਬੇਟਾ ਰਾਏ ਪਰੌਜ (ਰਾਏ ਫ਼ੀਰੋਜ਼) ਸੀ। ਰਾਂਏ ਫ਼ੀਰੋਜ਼, ਰਾਏਕਲ੍ਹਾ ਤੇ ਰਾਏ ਸਾਰੰਗ ਸਾਰੇ ਕਰੀਬ ਕਰੀਬ
ਇਕ ਵਕਤ ਹੋਏ ਹਨ। ਰਾਏ ਸਾਰੰਗ ਖ਼ਾਂ ਨੇ ਸੱਯਦ ਖ਼ਿਜ਼ਰ ਖ਼ਾਂ ਤੋਂ ਦੀਪਾਲ ਪੁਰ ਦਾ ਇਲਾਕਾ ਖੋਹ
ਲਿਆ ਸੀ। ਗੁਰੂ ਗਰੰਥ ਸਾਹਿਬ ਵਿੱਚ ਜੋ ਇਕ 'ਧੁਨੀ' ਦਿੱਤੀ ਗਈ ਹੈ:—'ਰਾਇ ਕਮਾਲਦੀ
ਮੌਜਦੀ' ਕੀ ਧੁਨੀ ਗਾਵਨਾ।' ਓਹ ਇਹੋ ਰਾਇ ਕਮਾਲੁਦੀਨ ਸੀ ਜਿਸ ਦੀ ਪ੍ਰਸਿੱਧ 'ਵਾਰ' ਤੋਂ ਇਹ
'ਧੁਨੀ' ਗੁਰੂ ਹਰਗੋਬਿੰਦ ਸਾਹਿਬ ਨੇ ਚੁਣ ਕੇ ਗੁਰੂ ਗਰੰਥ ਸਾਹਿਬ ਵਿੱਚ ਚਾੜ੍ਹੀ ਸੀ। ਰਾਏ ਫ਼ੀਰੋਜ਼
ਬੜਾ ਜਾਬਰ ਤੇ ਤਕੜਾ ਜ਼ਿਮੀਂਦਾਰ ਸੀ। ਉਸ ਦੇ ਨਾਮ ਦਾ ਮਕਬਰਾ ਅਠੂਰ ਵਿੱਚ ਇਹਨਾਂ ਲੋਕਾਂ
ਲਈ ਦਰਗਾਹ ਹੈ, ਜਿਸ ਨੂੰ ਇਹ ਲੋਕ ਤੇ ਆਸ ਪਾਸ ਦੇ ਲੋਕ ਬੜੀ ਇਜ਼ਤ ਦੀ ਨਿਗਾਹ ਨਾਲ
ਵੇਖਦੇ ਹਨ। ਮਕਬਰਾ ਦੋ ਮਨਜ਼ਲਾ ਹੁੰਦਾ ਸੀ, ਅਤੇ ਉਤੇ ਵੱਡਾ ਗੁੰਬਦ ਸੀ, ਜੋ ਸਿੱਖ ਮਿਸਲਾਂ ਦੇ
ਵੇਲੇ ਤੋਪਾਂ ਮਾਰ ਕੇ ਗਿਰਾ ਦਿੱਤਾ ਗਿਆ (ਸ਼ਾਇਦ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਗਿਰਾ-
ਇਆ ਸੀ।)

ਰਾਏ ਦੱਲਾ ਦੀ ਭੈਣ 'ਬੀਬੀ ਦੱਲੀ' ਸੀ। ਮਕਬਰੇ ਦੇ ਬਾਹਰ ਇਕ ਬੜਾ ਚੌੜਾ ਖੂਹ ਹੈ,
ਜੋ ਇਸ 'ਬੀਬੀ ਦੱਲੀ' ਨੇ ਲਗਵਾਇਆ ਸੀ। ਉਸ ਦੇ ਅੰਦਰ ਮਣ ਵਿਚ ਦੋ ਪੱਥਰ ਲੱਗੇ ਹੋਏ ਸਨ;
ਜਿਨ੍ਹਾਂ ਉਪਰ ਕੁਝ ਕੁਤਬੇ ਉਕਰੇ ਹੋਏ ਸਨ, ਜੋ ਪੜ੍ਹੇ ਨਹੀਂ ਜਾਂਦੇ ਸਨ। ਇਕ ਪੱਥਰ ਤਾਂ ਪਾਣੀ
ਚੜ੍ਹਨ ਨਾਲ ਹੇਠਾਂ ਡਿਗ ਕੇ ਦੱਬਿਆ ਗਿਆ ਹੈ, ਤੇ ਦੂਜਾ ਜੋ ਉਪਰ ..ਰ ਹੈ, ਉਸ ਦਾ ਛਾਪ ਮੈਂ
ਲੈ ਲਿਆ। ਉਸ ਤੇ ਅਰਬੀ ਹਰਫ਼ਾਂ ਵਿੱਚ ਅਤੇ ਅਰਬੀ ਇਬਾਰਤ ਵਿੱਚ ..ਾ ਦੀ ਮੁਰੰਮਤ ਦਾ ਸੰਨ
ਹਿਜਰੀ ੧੦੪੦ ਲਿਖਿਆ ਹੋਇਆ ਹੈ। ਸੰਨ ੧੦੪੦ ਹਿਜਰੀ, ਮੁਤਾਬਕ ਸੰਨ ਈਸਵੀ ੧੬੩੦-
੩੧ ਬਣਦਾ ਹੈ ਜਦ ਸ਼ਾਹਜਹਾਨ ਨੂੰ ਤਖ਼ਤ ਉਪਰ ਬੈਠੇ ਤਿੰਨ ਕੁ ਵਰ੍ਹੇ ਹੋਏ ਸਨ।

ਮਕਬਰੇ ਦਾ ਪਲੈਨ ਪਲੇਟ ਨੰ: XXXIV ਵਿੱਚ ਦਿੱਤਾ ਹੈ। ਕੰਧਾਂ ਖੜੀਆਂ ਹਨ। ਉਪਰ
ਚੂੰਕਿ ਭਾਰਾ ਗੁਬੰਦ ਹੁੰਦਾ ਸੀ, ਦੀਵਾਰਾਂ ਦੋ ਗਜ਼ ਦੇ ਕਰੀਬ ਚੌੜੀਆਂ ਹਨ। ਦੱਖਣ ਵਲ ਇਕ ਖੁਲ੍ਹਾ
ਮਹਿਰਾਬਦਾਰ ਦਰ ਹੈ, ਉੱਤਰ ਦੀ ਕੰਧ ਵਿੱਚ ਪੌੜੀਆਂ ਉਪਰ ਜਾਣ ਨੂੰ ਸਨ, ਪੌੜੀਆਂ ਦਾ ਉਪਰਲਾ
ਹਿੱਸਾ ਡਿੱਗ ਗਿਆ ਹੈ, ਅਤੇ ਕਈ ਦਸਤਖ਼ਤ ਜੋ ਪਾਸੇ ਦੀਆਂ ਕੰਧਾਂ ਤੇ ਸਨ ਮਲਬੇ ਹੇਠਾਂ ਦਬ ਗਏ
ਹਨ। ਪੱਛਮ ਦੀ ਕੰਧ ਵਿਚ ਕਿਬਲਾ-ਰੂ ਮਹਿਰਾਬ ਹੈ। ਚੜ੍ਹਦੇ ਪਾਸੇ ਦੀ ਦੀਵਾਰ ਵਿੱਚ ਇਕ ਹੋਰ ਖੁਲ੍ਹਾ

*'ਦੂਲ ਰਾਏ' ਰਾਜਪੂਤਾਂ ਵਿੱਚ ਆਮ ਨਾਮ ਹੁੰਦਾ ਸੀ।

ਦਰ ਹੈ, ਜਿਸ ਵਿਚੋਂ ਇਕ ਦਾਲਾਨ ਨੂੰ ਰਸਤਾ ਹੈ, ਇਸ ਦਾਲਾਨ ਵਿੱਚ ਘਰ ਦੀਆਂ ਔਰਤਾਂ 'ਰਾਣੀਆਂ' ਦੀਆਂ ਕਬਰਾਂ ਹਨ । ਮਕਬਰੇ ਦਾ ਵਿਹੜਾ ਚੌਰਸ ਹੈ, ਜਿਸ ਵਿੱਚ ਰਾਏ ਫ਼ੀਰੋਜ਼ ਅਤੇ ਕਿਸੇ ਹੋਰਸ (ਸ਼ਾਇਦ ਰਾਏ ਕਮਾਲੁਦੀਨ ) ਦੀ ਕਬਰ ਹੈ । ਲਿਖਤਾਂ ਇਹਨਾਂ ਦੋਹਾਂ ਖੁਲ੍ਹੇ ਦਰਾਂ ਵਿੱਚ, ਪੌੜੀਆਂ ਦੀਆਂ ਕੰਧਾਂ ਉਪਰ ਅਤੇ ਕੋਈ ਕੋਈ ਮਹਿਰਾਬ ਤੇ ਦਾਲਾਨ ਵਿਚ ਵੀ ਸਨ । ਲਿਖਤਾਂ ਕੀ ਹਨ ? ਜੋ ਲੋਕੀ ਮਕਬਰੇ ਨੂੰ ਦੇਖਣ ਆਉਂਦੇ ਰਹੇ ਹਨ, ਓਹ ਆਪਣਾ ਨਾਂ ਤੇ ਸੰਮਤ ਲਿਖ ਜਾਂਦੇ ਰਹੇ ਹਨ ਅਤੇ ਕਦੇ ਕਦੇਂ ਆਪਣੇ ਪਿਉ ਦਾ ਨਾਂ ਅਤੇ ਆਪਣੇ ਪਿੰਡ ਦਾ ਨਾਂ ਵੀ ਦੇਂਦੇ ਰਹੇ ਹਨ, ਜਿਕੁਰ ਆਮ ਲੋਕਾਂ ਵਿੱਚ ਭੇਡ ਚਾਲ ਹੁੰਦੀ ਹੈ ।

ਪੁਰਾਣਾ ਹਿੰਦੂਆਂ ਦਾ ਸ਼ਹਿਰ ਹੋਣ ਕਰ ਕੇ, ਹਿੰਦੂ ਵਪਾਰੀ ਖਤਰੀਆਂ (ਮਦਰਾ° ਜਾਤੀ ਦੇ) ਵਗ਼ੈਰਾ ਦੀ ਵਸੋਂ ਵੀ ਬਹੁਤ ਹੈ । ਇਕ ਬਿਰਧ ਬ੍ਰਾਹਮਣ, ਲਛਮਣ ਦਾਸ, ਤੋਂ ਪਤਾ ਲਗਾ ਕਿ ਜਿਨ੍ਹਾਂ ਅੱਖਰਾਂ ਵਿੱਚ ਮਕਬਰੇ ਦੀਆਂ ਕੰਧਾਂ ਉਪਰ ਲਿਖਤਾਂ ਜਾਂ ਦਸਖ਼ਤ ਕੀਤੇ ਗਏ ਹਨ, ਓਹਨਾਂ ਨੂੰ 'ਭਟਛਰੀ' ਜਾਂ 'ਬਟਖਰੀ' ਸਦਦੇ ਹਨ ਅਤੇ ਇਹ ਵੀ ਕਿ ਦੋਹੇ ਅੱਖਰ ਨੇੜੇ ਦੇ ਸਮੇਂ ਤਕ ਉਸ ਦੇਸ ਵਿੱਚ ਵਹੀਆਂ ਤੇ ਪਟਵਾਰੀ ਦੇ ਕਾਗ਼ਜ਼ਾਂ ਵਿੱਚ ਵਰਤੀਂਦੇ ਚਲੇ ਆਏ ਹਨ । ਉਸ ਨੇ ਇਹ ਭੀ ਦਸਿਆ ਕਿ ਇਹਨਾਂ ਅੱਖਰਾਂ ਦਾ ਜਾਣਨ ਵਾਲਾ ਹੁਣ ਇਕ ਸ਼ਖ਼ਸ਼ ਪੰਡਤ ਲਛਮਨ ਦਾਸ ਦਾ ਚਾਚਾ, ਪੰਡਤ ਸੁੰਦਰ ਰਾਮ ਹੈ, ਜੋ ਕਨਖਲ ਵਿੱਚ ਜਾ ਵਸਿਆ ਹੈ । ਮੈਂ ਪੰਡਤ ਸੁੰਦਰ ਰਾਮ ਦਾ ਪਤਾ ਕਨ-ਖਲੋਂ ਕਢਣ ਦਾ ਵੀ ਜਤਨ ਕੀਤਾ, ਪਰ ਕੁਝ ਪਤਾ ਨਾ ਚਲਿਆ, ਹੁਣ ਤਕ ਮਰ ਚੁਕਾ ਹੋਵੇਗਾ ।

'ਭਟਛਰੀ' ਓਹਨਾਂ ਅਖਰਾਂ ਦਾ ਪੁਰਾਣਾ 'ਮੁਕਾਮੀ' ਨਾਂ ਹੈ ।

ਇਕ ਹੋਰ ਗਲ ਦੀ ਖ਼ਬਰ ਜੋ ਮੈਨੂੰ ਇਥੋਂ ਮਿਲੀ ਇਹ ਸੀ, ਕਿ ਜਦ ਇਕ ਖੂਹ ਪਟ ਰਹੇ ਸਨ, ਤਦ ਹੇਠਾਂ ਵੀਹ ਪੰਝੀ ਹੱਥ ਜਾ ਕੇ ਪੱਥਰ ਦੇ ਦੋ ਲਿੰਗ ਮਿਲੇ ਜੋ ਹੂ-ਬ-ਹੂ ਸ਼ਕਲ ਦੇ ਜਾਂ (Ithyphallic) ਸਨ । ਲਿੰਗ ਡੇਢ ਕੁ ਹੱਥ ਲੰਬੇ ਸਨ (ਵੇਖੋ ਸਫ਼ੇ ੨੪ ਉਪਰ ਫੁਟ ਨੋਟ) ।

---

°ਰਾਮ ਦੇ ਬਨਵਾਸ ਚਲੇ ਜਾਣ ਪਿੱਛੋਂ, ਜਦ ਰਾਜਾ ਦਸਰਥ ਗ਼ਮ ਵਿਚ ਮਰ ਗਿਆ, ਤਦ ਭਰਤ ਨੂੰ ਆਪਣੇ ਨਾਨਕਿਓਂ ਬੁਲਾਣ ਲਈ ਦੂਤ ਭੇਜੇ ਗਏ । ਵਾਲਮੀਕੀ ਰਾਮਾਇਣ ਵਿੱਚ ਦੂਤਾਂ ਨੂੰ ਗੰਗਾ ਤੇ ਜਮਨਾ ਦਰਿਆ ਪਾਰ ਕਰਦੇ ਤਾਂ ਦੱਸਿਆ ਹੈ, ਪਰ ਸਤਲੁਜ ਪਾਰ ਕਰਦੇ ਨਹੀਂ ਕਿਹਾ। ਹੋ ਸਕਦਾ ਹੈ ਕਿ ਇਹ ਸ਼ਹਿਰ ਅਨੂਰ ਕੇਕਈਆਂ ਦੀ ਰਾਜਧਾਨੀ ਹੁੰਦਾ ਹੋਵੇ । ਪਿਛੋਂ ਬਹੁਤ ਕਰ ਕੇ 'ਮਦਰਾ' ਦੀ ਰਾਜਧਾਨੀ ਬਣੀ । ਪੰਜਾਬ ਦਾ ਪੁਰਾਣਾ ਨਾਂ 'ਮਦਰ ਦੇਸ' ਹੀ ਸੀ, ਜਿਸ ਤਰ੍ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੱਸਦੇ ਹਨ : 'ਮਦਰ ਦੇਸ ਹਮ ਕੋ ਲੇ ਆਏ' । 'ਮਦਰਾ' ਲੋਕ ਹੁਣ ਵੀ ਮੌਜੂਦ ਹਨ, ਅੰਮ੍ਰਿਤਸਰ 'ਧਾਈ ਸਾਲੇ ਦੇ ਕੋਠੇ ਕੋਲ ਇਕ ਕੂਚਾ 'ਮਦਰਾ' ਭੀ ਹੈ । ਇਕ ਗਿਰੀ ਹੋਈ ਕੌਮ 'ਕੀਕਨਾਂ' ਦੀ ਭੀ ਹੈ, 'ਜਲਾਲਪੁਰ ਕੀਕਨਾਂ' ਜ਼ਿਲ੍ਹੇ ਵਿੱਚ ।

Sri Satguru Jagjit Singh Ji Elibrary NamdhariElibrary@gmail.com

## ੨੦

# ਪੰਜਾਬ ਵਿੱਚ ਪੁਰਾਣੇ ਲੇਖਾਂ, ਪੁਸਤਕਾਂ ਦੀ ਅਣਹੋਂਦ ਅਤੇ ਉਸ ਦੇ ਕਾਰਨ

ਇਸ ਇਕ ਥਾਂ ਤੋਂ ਸਿਵਾ, ਪੰਜਾਬ ਦੇ ਮੈਦਾਨੀ ਇਲਾਕੇ ਵਿੱਚ ਕਿਸੇ ਹੋਰ ਜਗ੍ਹਾ 'ਨਾਗਰੀ' ਜਾਂ 'ਗੁਰਮੁਖੀ' ਵਿੱਚ ਕੋਈ ਲੇਖ ਜਾਂ ਕਤਬਾ ਹੋਵੇ ਤਾਂ ਮੈਨੂੰ ਉਸ ਦੀ ਖ਼ਬਰ ਨਹੀਂ। ਆਰਕਯੋਲੋਜੀ-ਕਲ ਸਰਵੇ ਦੀਆਂ ਰੀਪੋਰਟਾਂ ਵੀ, ਜੈਨਰਲ ਕਨਿੰਘਮ ਦੇ ਵੇਲੇ ਤੋਂ ਲੈ ਕੇ ਹੁਣ ਤਕ, ਫੋਲ ਵੇਖੀਆਂ ਹਨ। ਸਾਰੇ ਪੰਜਾਬ ਦੇ ਜ਼ਿਲਿਆਂ ਦੇ ਪੁਰਾਣੇ ਡਿਸਟ੍ਰਿਕਟ ਗੈਜ਼ੇਟੀਅਰ ਵੀ ਦੇਖੇ ਹਨ। ਕਟਾਸ ਰਾਜ ਤੇ ਜੋਗੀ ਟਿੱਲੇ ਦੇ ਮੰਦਰਾਂ ਵਿੱਚ ਕੁਝ ਪੁਰਾਣੇ ਟਾਵੇਂ ਲੇਖ 'ਸਾਰਦਾ' ਅੱਖਰਾਂ ਵਿਚ ਹਨ, ਕਿਉਂ ਜੁ ਮੁਸਲਮਾਨਾਂ ਦੇ ਆਉਣ ਤੋਂ ਕੁਝ ਚਿਰ ਪਹਿਲਾਂ ਸਾਲਟਰੇਂਜ ਜਾਂ ਲੂਨਮਿਆਨ ਇਲਾਕੇ ਪੁਰ ਕਸ਼ਮੀਰ ਦੇ ਰਾਜਿਆਂ ਦਾ ਰਾਜ ਹੁੰਦਾ ਸੀ। ਮੈਦਾਨੀ ਇਲਾਕੇ ਵਿਚ ਸ਼ੋਰਕੋਟ ਦੇ ਕਿਸੇ ਪੁਰਾਣੇ ਕਿਲ੍ਹੇ ਜਾਂ ਮਹਿਲ ਦੇ ਖੰਡਰਾਤ ਵਿਚੋਂ ਕੁਝ ਇੱਟਾਂ ਨਿਕਲੀਆਂ ਹਨ। ਇਹ ਇੱਟਾਂ ਖ਼ਾਸ ਥਾਵਾਂ ਵਿੱਚ ਉਸਾਰਨ ਲਈ ਖ਼ਾਸ ਸ਼ਕਲ ਦੀਆਂ ਹਨ। ਇਹਨਾਂ ਇੱਟਾਂ ਨੂੰ ਪਥਨ ਵੇਲੇ ਹਰਫ਼ ਏਹਨਾਂ ਉਪਰ ਬਣਾ ਦਿਤੇ ਗਏ ਸਨ। ਇਹ ਅੱਖਰ 'ਗੁਪਤ ਲਿਪੀ ਦੇ', ਸਗੋਂ ਉਸ ਤੋਂ ਭੀ ਪਹਿਲੇ ਦੇ, ਪਹਿਲੀ ਦੂਜੀ ਸਦੀ ਈਸਵੀ ਦੇ ਹਨ। ਪਲੇਟ ਨੰ: XXXV ਵਿਚ ਪੰਜਾਂ ਇੱਟਾਂ ਪੁਰ ਦੇ ਅੱਖਰ ਅਤੇ ਕੁਝ ਇੱਟਾਂ ਦੇ ਨਕਸ਼ੇ ਦਿਤੇ ਹਨ, ਅਤੇ ਖਿਲ ੧ ਵਿੱਚ ਇਹਨਾਂ ਅੱਖਰਾਂ ਬਾਬਤ ਇਕ ਨੋਟ, ਆਰਕਯੋਲੋਜੀਕਲ ਰੀਪੋਰਟ ਵਿਚੋਂ ਖੁਲਾਸਾ ਕਰਕੇ, ਦਿੱਤਾ ਹੈ।

ਮੁਲਤਾਨ ਤੇ 'ਉੱਚ' ਪੁਰਾਣੇ ਦੋ ਸ਼ਹਿਰ ਹਨ, ਪਰ ਓਹ ਤੇਹਰਵੀਂ ਸਦੀ ਈਸਵੀ ਤੋਂ ਮੁਸਲਮਾਣ ਪੀਰਾਂ ਦੇ ਪਾਕ ਅਸਥਾਨ ਬਣੇ ਹਨ। ਓਹਨਾਂ ਦੀਆਂ ਮਸਜਦਾਂ ਮਕਬਰਿਆਂ ਵਿੱਚ ਕਿਸੇ ਹਿੰਦੀ ਜਾਂ ਨਾਗਰੀ ਅੱਖਰਾਂ ਵਿੱਚ ਲੇਖ ਕਿਉਂ ਹੋਣ ਲਗੇ। 'ਉੱਚ' ਦੇ ਪੁਰਾਣੇ ਅੱਖਰ ਅਸੀਂ ਪਲੇਟ ਨੰ: XVII, XVIII ਵਿੱਚ ਦਿੱਤੇ ਹਨ। ਇਹ ਅੱਖਰ ਗੁਰਮੁਖੀ ਨਾਲ ਬਹੁਤ ਮਿਲਦੇ ਹਨ, ਕੋਈ ਅਜਿਹਾ ਫਰਕ ਨਹੀਂ।

ਫਾ-ਸ਼ੀਨ (Fa Hsien) ਚੀਨੀ ਬੋਧ ਯਾਤਰੀ ਵਖਤ ਭਾਗਦਾ ਸੰਨ ੪੦੧ ਈਸਵੀ ਦੇ ਕਰੀਬ ਭਾਰਤਵਰਸ਼ ਵਿੱਚ ਆਇਆ ਸੀ, ਏਸ ਲਈ, ਜੁ ਬੁੱਧ ਧਰਮ ਦੀਆਂ ਕਿਤਾਬਾਂ ਪ੍ਰਾਪਤ ਕਰਕੇ ਚੀਨ ਲੈ ਜਾਏ। ਉਸ ਨੇ ਮੱਧ-ਏਸ਼ੀਆ ਵਿਚ ਤਾਂ ਪੁਸਤਕ ਦੇਖੇ ਜੋ ਸੰਸਕ੍ਰਿਤ ਵਿਚ ਸਨ, ਤੇ



Sri Satguru Jagjit Singh Ji Elibrary NamdhariElibrary@gmail.com

ਭਿਖੂ ਲੋਕ ਸੰਸਕ੍ਰਿਤ ਵਿੱਚ ਹੀ ਪੜ੍ਹਦੇ ਸਨ। ਪਰ ਪੰਜਾਬ ਵੜਦਿਆਂ ਹੀ ਉਸ ਨੂੰ ਸੁੰਜ ਨਜ਼ਰ ਆਈ। ਜਦ ਤਕ ਓਹ ਅਗੇ ਮੱਧ ਦੇਸ ਵਿੱਚ ਨਹੀਂ ਗਿਆ, ਉਸ ਨੂੰ ਕੋਈ ਕਿਤਾਬਾਂ, ਢੂੰਡਣ ਤੇ ਵੀ, ਨਹੀਂ ਮਿਲੀਆਂ, ਹਾਲਾਂ ਕਿ ਪੰਜਾਬ ਦੇਸ ਮਗਧ ਤੋਂ ਬਾਹਰ, ਬੁਧ ਧਰਮ ਦਾ ਦੂਜਾ 'ਆਪਣਾ ਘਰ' ਸੀ, ਅਤੇ ਥਾਂ ਥਾਂ ਵੱਡੀਆਂ ਵਿਹਾਰਾਂ ਹੁੰਦੀਆਂ ਸੀ, ਜਿਨ੍ਹਾਂ ਵਿੱਚ ਹਜ਼ਾਰਾਂ ਭਿਖੂ ਰਿਹਾ ਕਰਦੇ ਸਨ।

"Fa-Hsien notes that in Shen-Shen, a central Asian kingdom, with her Buddhist king, Buddhism was studied in the Original Sanskrit. He traversed North-India without succeeding in his quest of books, for there the teaching was transmitted orally. It was not until he reached Central India, that he found what he wanted. There in a monastery of the Mahayana school of thought, he settled down for three years to study Sanskrit and copy out the books."

ਸੰਸਕ੍ਰਿਤ ਦੀਆਂ ਕਿਤਾਬਾਂ, ਪੰਜਾਬ ਦੇ ਪੁਰਾਣੇ ਅੱਖਰਾਂ ਵਿੱਚ ਲਿਖੀਆਂ ਹੋਈਆਂ, ਜਿਨ੍ਹਾਂ ਦਾ ਜ਼ਿਕਰ ਪੰਡਤ ਗੌਰੀ ਸ਼ੰਕਰ ਜੀ ਨੇ ਕੀਤਾ ਹੈ, ਮੈਨੂੰ ਨਾ ਤਾਂ ਕਿਸੇ ਲਾਇਬਰੇਰੀ ਜਾਂ ਮੰਦਰ ਜਾਂ ਘਰ ਵਿੱਚ ਹੋਣ ਦਾ ਪਤਾ ਹੈ, ਅਤੇ ਨਾ ਮੈਂ ਕਿਸੇ ਦੇ ਪਾਸ ਕੋਈ ਵੇਖੀ ਸੁਣੀ ਹੈ। ਫੇਰ ਇਤਨੇ ਚਿਰ ਦੀਆਂ ਕਿਤਾਬਾਂ ਨੇ ਹੁਣ ਤਕ ਰਹਿਣਾ ਵੀ ਨਹੀਂ ਸੀ। ਮੁਸਲਮਾਨਾਂ ਦੇ ਆਉਣ ਪਿੱਛੋਂ ਸੰਸਕ੍ਰਿਤ ਦੀਆਂ ਕਿਤਾਬਾਂ ਕਿਸੇ ਹਿੰਦੂ ਨੇ ਕੀ ਲਿਖਣੀਆਂ ਸਨ? ਜੋਗੀ ਨਾਥਾਂ ਦੀ ਰਚਨਾ, ਜੋ ਅਪਭ੍ਰੰਸ਼ ਜਾਂ ਟੁੱਟੀ ਭੱਜੀ ਬੋਲੀ ਵਿੱਚ ਹੁੰਦੀ ਸੀ, ਬੰਦ ਹੋ ਚੁਕੀ ਸੀ ਅਤੇ ਪੜ੍ਹੇ ਲਿਖੇ ਬ੍ਰਾਹਮਣ ਦੂਰ ਹਿੰਦੁਸਤਾਨ ਦੇ ਸ਼ਹਿਰਾਂ ਵਿੱਚ ਜਾ ਵੱਸੇ ਸਨ। ਵਪਾਰੀ ਦਮ ਘੁਟਕੇ ਵਖਤ ਦੇ ਦਿਨ ਕਟ ਰਹੇ ਸਨ। ਪੱਛੋਂ ਦੇ ਹਮਲਾ-ਆਵਰਾਂ ਲਈ ਪੰਜਾਬ ਬੂਹੇ ਤੇ ਸੀ, ਲੁਟ ਮਾਰ ਸਾੜ ਫੂਕ ਸਦਾ ਲੱਗੀ ਹੀ ਰਹਿੰਦੀ ਸੀ। ਗੁਰਮੁਖੀ ਅੱਖਰਾਂ ਵਿੱਚ ਵੀ ਸਭ ਤੋਂ ਪੁਰਾਣੀ ਇਕ ਪੋਥੀ ਗੁਰੂ ਅਮਰਦਾਸ ਜੀ ਦੇ ਵੇਲੇ ਦੀ ਸੁਣੀਂਦੀ ਹੈ; ਜੇ ਇਹ ਗਲ ਸੱਚ ਵੀ ਹੋਵੇ, ਤਾਂ ਵੀ ਅਕਬਰ ਦੇ ਅਹਿਦ ਦੇ ਪਿਛਲੇ ਅੱਧ ਦੀ ਗੱਲ ਹੋਈ, ਅਤੇ ਗੁਰੂ ਗ੍ਰੰਥ ਸਾਹਿਬ ਤੋਂ ਕੁਲ ਦਸ ਕੁ ਵਰ੍ਹੇ ਪਹਿਲੋਂ ਦੀ। ਉਸ ਤੋਂ ਪਹਿਲੇ ਦਾ ਕੁਝ ਨਹੀਂ। ਗੁਰੂ ਨਾਨਕ ਸਾਹਿਬ ਦੇ ਪਿਛੋਂ ਪੌਣੀ ਸਦੀ ਤਕ ਦੇ ਕੋਈ ਲੇਖ, ਕਿਤਾਬਾਂ ਵਿੱਚ ਜਾਂ ਕੰਧਾਂ ਆਦਿ ਉਤੇ ਲਿਖੇ ਹੋਏ ਨਹੀਂ ਮਿਲਦੇ।

ਪੰਜਾਬ ਵਿੱਚ ਕਿਸੇ ਸਾਹਿੱਤ ਜਾਂ ਲਿਟ੍ਰੇਚਰ ਦੇ ਨਾ ਹੋਣ ਅਤੇ ਪੰਜਾਬੀਆਂ ਵਿੱਚ ਹਰ ਤਰ੍ਹਾਂ ਦੇ ਸੂਖਮ ਹੁਨਰਾਂ ਦੀ ਅਣਹੋਂਦ ਦੇ ਕਾਰਨ, ਇਕ ਵਿਦਵਾਨ ਦੇ ਲਫ਼ਜ਼ਾਂ ਵਿੱਚ, ਇਹ ਸਨ :—

The cultivation of learning and of thought and fine arts, requires an atmosphere of peace and leisure. Courtly manners and refined arts and crafts grow up only in the cool shadows of luxury and patronage, provided by the royalty and nobility. All these opportunities were denied to the Punjab. Being at the gateway of India, it has always been

the arena of fights and factions—a turbulent province, an aggregate of tribal territories, and small factious principalities, annexed now to Kabul and Ghanzi, now to Delhi and Agra, left without kings, and with only agents or provincial satraps, whose one business was to rob the people and extract the last seer of grain from them. Foreign blows, and they were not few and far between, always fell on the head of poor Punjabis, whose whole time and attention was occupied either in defending their hearths and homes against the external foes, or internal neighbours, or in tilling the land and fight the soil to eke out a miserable livelihood from it. Architecture in the post-Buddhist age has been of the simplest type. Sculpture and Statuary work has been non-existing. Whatever temples and idols in them were there, have disappeared. Taken all in all the Punjabi has been left an unaesthetic being with a sort of impassive religion and saint-worship, social tolerance, an aptitude for an adaptation to each new influence, simple rustic life and an agglomerate and composite language ever adding to itself from foreign stocks. And these are the traits of character, which find expression in the literature of the country, such as has come down to us.

# ੨੧

# ਗੁਰਮੁਖੀ ਵਰਨਮਾਲਾ ਪੁਰਾਣੀ ਹੈ

ਅਕਬਰ ਦੇ ਨਾਲ ਅਮਨ ਚੈਨ ਦਾ ਸਮਾਂ ਆਇਆ ਅਤੇ ਪੰਜਾਬੀ ਬੋਲੀ ਦੀ ਲਿਟ੍ਰੇਚਰ ਵੀ ਸ਼ੁਰੂ ਹੋ ਗਈ। ਬਾਬਾ ਫ਼ਰੀਦ ਤੋਂ ਲੈ ਕੇ ਗੁਰੂ ਨਾਨਕ ਦੇਵ ਤਕ ਜੋ ਥੋੜ੍ਹੀ ਬਹੁਤੀ ਰਚਨਾਂ ਪੰਜਾਬ ਵਿੱਚ ਦੀਨ ਇਸਲਾਮ ਦੇ ਫੈਲਾਣ ਲਈ, ਅਤੇ ਨਵੇਂ ਬਣੇ ਮੁਸਲਮਾਣਾਂ ਦੀ ਦੀਨੀ ਸਿਖਿਆ ਲਈ, ਮੁਸਲਮਾਣ ਫ਼ਕੀਰਾਂ ਨੇ ਬਣਾਈ, ਓਹ ਪਿਛੋਂ ਸਿਖਾਂ ਦੀਆਂ ਬਣਾਈਆਂ ਜਨਮ-ਸਾਖੀਆਂ ਆਦਿ ਵਿੱਚ ਖਪ ਕੇ ਗੁੰਮ ਹੋ ਜਾਣ ਤੋਂ ਬਚ ਰਹੀ। ਪਰ ਇਸ ਨੂੰ ਵੇਖਦਿਆਂ ਹੋਇਆਂ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਗੁਰੂ ਨਾਨਕ ਸਾਹਿਬ ਤੋਂ ਪਹਿਲੇ ਪੰਜਾਬੀ ਬੋਲੀ ਤੇ ਉਸ ਵਿੱਚ ਮਾੜੀ ਮੋਟੀ ਲਿਟ੍ਰੇਚਰ ਹੈ ਹੀ ਨਹੀਂ ਸੀ। ਤਿਵੇਂ ਹੀ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ 'ਗੁਰਮੁਖੀ' ਅੱਖਰਾਂ ਦਾ ਜ਼ਿਕਰ ਗੁਰੂ ਅੰਗਦ ਦੇਵ ਦੇ ਨਾਮ ਨਾਲ ਜੁੜਨ ਤੋਂ ਪਹਿਲੇ ਇਹ ਅੱਖਰ ਹੈ ਹੀ ਨਹੀਂ ਸਨ। ਇਸ ਗੱਲ ਦਾ ਖੰਡਨ ਤਾਂ ਖ਼ੁਦ ਗੁਰਬਾਣੀ ਕਰ ਰਹੀ ਹੈ। ਕੋਈ ੩੫ ਅੱਖਰਾਂ ਦੀ ਵਰਣਮਾਲਾ ਗੁਰੂ ਨਾਨਕ ਸਾਹਿਬ ਦੇ ਬਚਪਨ ਵੇਲੇ ਮੌਜੂਦ ਸੀ, ਅਤੇ ਉਸ ਵਰਣਮਾਲਾ ਵਿੱਚ ਓਹੋ ਪੈਂਤੀ ਅੱਖਰ, ਓਸੇ ਤਰਤੀਬ ਵਿੱਚ ਸਨ, ਜੋ ਕਿ ਅਤੇ ਜਿਸ ਤਰਤੀਬ ਵਿੱਚ ਕਿ ਓਹ 'ਗੁਰਮੁਖੀ' ਵਰਣਮਾਲਾ ਵਿੱਚ ਹਨ। ਪੈਂਤੀ ਅੱਖਰਾਂ ਦੀ ਇਹ ਵਰਣਮਾਲਾ ਪਾਂਧੇ ਤੋਂ ਗੁਰੂ ਨਾਨਕ ਜੀ ਨੇ ਸਿਖੀ, ਅਤੇ ਏਸੇ ਨੂੰ ਮੁਖ ਰਖਕੇ 'ਪੱਟੀ' ਵਾਲੀ ਰਚਨਾ ਕੀਤੀ। ਇਹ ਵਰਣਮਾਲਾ ਹਿੰਦੂਆਂ ਦੀ ਸਿੱਖਿਆ ਪ੍ਰਣਾਲੀ ਦਾ ਮੁੱਢ ਸੀ। ਅਤੇ ਇਹੋ ਵਰਣਮਾਲਾ ਹੀ ਪਿਛੋਂ 'ਗੁਰਮੁਖੀ' ਅਖਵਾਣ ਵਾਲੀ ਹੋ ਸਕਦੀ ਹੈ, ਕਿਉਂ ਜੋ ਜੇ ਪੈੜੇ ਮੋਖੇ ਦੇ ਜਨਮ ਸਾਖੀ ਲਿਖਣ ਵਾਲੀ ਕਹਾਣੀ ਨੂੰ ਜਿਸ ਤਰ੍ਹਾਂ ਕਿ ਓਹ ਬਾਲੇ ਵਾਲੀ ਜਨਮ ਸਾਖੀ ਵਿੱਚ ਦਿੱਤੀ ਹੈ, ਸੱਚ ਮੰਨ ਲਈਏ, ਤਦ ਪ੍ਰਤੱਖ ਹੈ ਕਿ ਪੈੜੇ ਮੋਖੇ ਨੂੰ ਗੁਰਮੁਖੀ ਲਿਖਣੀ, ਗੁਰੂ ਅੰਗਦ ਜੀ ਨੂੰ ਮਿਲਣ ਤੋਂ ਪਹਿਲੇ ਹੀ ਚੰਗੀ ਤਰ੍ਹਾਂ ਆਉਂਦੀ ਸੀ, ਜਿਸ ਤੇ ਗੁਰੂ ਅੰਗਦ ਜੀ ਨੇ ਐਡਾ ਵੱਡਾ ਕੰਮ ਉਸ ਦੇ ਸੁਪੁਰਦ ਕੀਤਾ। ਅਤੇ ਇਹ ਗੁਰੂ ਅੰਗਦ ਜੀ ਦਾ ਗੁਰੂ ਗੱਦੀ ਪੁਰ ਬੈਠੇ ਦੂਜਾ ਵਰ੍ਹਾ ਜਾ ਰਿਹਾ ਸੀ। ਕਦੋਂ ਓਹਨਾਂ ਨੇ ਗੁਰਮੁਖੀ ਬਣਾਈ, ਅਤੇ ਕਦੋਂ ਉਹ ਲੋਕਾਂ ਵਿੱਚ ਫੈਲੀ ? ਕਿਉਂ ਜੁ ਝਟ ਹੀ ਬਾਅਦ ਕਿਤਨੇ ਹੀ ਗੁਰਮੁਖੀ ਦੇ ਲਿਖਾਰੀ (copyists, scribes), ਜਿਨ੍ਹਾਂ ਵਿੱਚ ਬੂੜਾ ਪਾਂਧਾ ਆਦਿ ਬ੍ਰਾਹਮਣ ਵੀ ਸਨ, ਆ ਮੌਜੂਦ ਹੋਏ। ਜਦਕਿ ਹੋਰ ਸੱਭ ਇਲਾਕਿਆਂ ਵਿੱਚ ਆਪੋ ਆਪਣੇ ਅੱਖਰ ਅਵੱਸ਼ ਤੇ ਕੁਦਰਤੀ ਤੌਰ ਪੁਰ ਪੈਦਾ ਹੋ ਚੁਕੇ ਸਨ, ਅਤੇ ਜਦ ਐਸੇ ਅੱਖਰ 'ਪੁਰਾਤਨ ਪੰਜਾਬੀ' ਮੌਜੂਦ ਸਨ, ਜੈਸਾ ਕਿ ਪੰਡਤ ਗੌਰੀ ਸ਼ੰਕਰ ਜੀ, ਅਤੇ ਅਲ-



Sri Satguru Jagjit Singh Ji Elibrary NamdhariElibrary@gmail.com

ਬੇਰੂਨੀ ਵਗੈਰਾ ਦਸਦੇ ਜਾਪਦੇ ਹਨ, ਤਦ ਕੋਈ ਕਾਰਨ ਨਹੀਂ ਦਿਸਦਾ ਕਿ ਕਿਉਂ ਗੁਰੂ ਅੰਗਦ ਜੀ ਓਹਨਾਂ ਨੂੰ ਛੱਡਕੇ ਇਕ ਨਵੀਂ ਲਿਪੀ ਬੇਲੋੜੀ ਬਣਾਂਦੇ। ਜਦ ਇਕ ਲਿਪੀ ਦੇਸ ਵਿੱਚ ਮੌਜੂਦ ਹੋਵੇ, ਭਾਵੇਂ ਉਸਦਾ ਰਵਾਜ ਘਟ ਗਿਆ ਹੋਵੇ, ਕੋਈ ਕਾਰਨ ਨਹੀਂ ਦਿਸਦਾ ਕਿ ਉਸ ਨੂੰ ਛੱਡਕੇ ਇਕ ਨਵੀਂ ਲਿਪੀ ਬਣਾਈ ਜਾਵੇ। ਫੇਰ ਜੇ ਇਕ ਨਵੀਂ ਲਿਪੀ ਕਿਸੀ ਨੇ ਬਣਾਈ ਮੰਨੀਏ ਵੀ, ਤਦ ਵੀ ਇਹ ਸਵਾਲ ਖੜਾ ਹੋਵੇਗਾ ਕਿ ਪੁਰਾਣੀ ਨਾਲੋਂ ਇਸ ਦਾ ਫ਼ਰਕ ਕੀ ਤੇ ਕਿੰਨਾ ਕੁ ਸੀ? ਅਤੇ ਇਹ ਫ਼ਰਕ ਸਹਿਜ ਸੁਭਾ ਸਮੇਂ ਨਾਲ ਆਪੇ ਪੈ ਗਿਆ ਸੀ? ਜਿਸ ਤਰ੍ਹਾਂ ਕਿ ਸੱਭ ਥਾਂ ਹੋਇਆ ਹੈ, ਅਤੇ ਖ਼ੁਦ 'ਗੁਰਮੁਖੀ' ਵਿੱਚ ਗੁਰੂ ਅਰਜਨ ਦੇਵ ਦੇ ਵੇਲੇ ਤੋਂ ਹੁਣ ਤਕ ਪੈ ਚੁਕਾ ਹੈ, ਜਾਂ ਕਿਸੇ ਨੇ ਜਾਣ ਬੁਝ ਕੇ ਪਾਇਆ ਸੀ? ਅਤੇ ਜੇ ਪਾਇਆ ਸੀ ਤਾਂ ਕਿਸ ਪ੍ਰਯੋਜਨ ਨਾਲ? ਅਤੇ ਕਿਤਨਾ ਕੁ? ਕੀ ਅੱਖਰਾਂ ਦੀਆਂ ਸ਼ਕਲਾਂ ਵਿੱਚ ਫ਼ਰਕ ਪਿਆ? ਜਾਂ ਅੱਖਰਾਂ ਦੀ ਵਰਣਮਾਲਾ ਅੰਦਰ ਤਰਤੀਬ ਬਦਲ ਗਈ? ਕੀ 'ਗੁਰਮੁਖੀ' ਵਰਣਮਾਲਾ ਵਿੱਚ ਬੇਲੋੜੇ ਅੱਖਰ, ਪੁਰਾਣੇ ਸਮੇਂ ਵਿੱਚ ਹੋ ਚੁਕੇ ਵਿਕਾਸ ਦੀ ਨਿਸ਼ਾਨੀ, ਮਨੁੱਖ ਦੇ ਸਰੀਰ ਵਿਚ vestigeal ਅੰਗਾਂ ਵਾਂਗ ਤਾਂ ਮੌਜੂਦ ਨਹੀਂ? ਫੇਰ ਜੇ 'ਗੁਰਮੁਖੀ' ਗੁਰੂ ਅੰਗਦ ਜੀ ਨੇ ਬਣਾਈ, ਤਦ ਗੁਰੂ ਨਾਨਕ ਦੇਵ ਨੇ ਆਪਣੀ ਰਚਨਾਂ ਕਿਹੜੇ ਅੱਖਰਾਂ ਵਿੱਚ ਲਿਖੀ? ਜੇਕਰ ਗੁਰਮੁਖੀ ਵਰਣਮਾਲਾ ਗੁਰੂ ਅੰਗਦ ਜੀ ਨੇ ਗੁਰੂ ਨਾਨਕ ਦੇਵ ਦੀ ਬਾਣੀ ਲਿਖਣ ਲਈ ਬਣਾਈ ਕਹੋ, ਤਦ ਜ਼ਰੂਰੀ ਸੀ ਕਿ ਗੁਰੂ ਬਾਣੀ ਵਿਚ ਆਈਆਂ ਸੱਭ ਆਵਾਜ਼ਾਂ ਲਈ ਕੁਝ ਚਿੰਨ੍ਹ ਹੁੰਦੇ, ਜੋ ਨਹੀਂ ਹਨ। ਗੁਰੂ ਨਾਨਕ ਜੀ ਦਾ ਵਾਕ ਹੈ:—

ਯਕ ਅਰਜ਼ ਗੁਫ਼ਤਮ ਪੇਸ਼ਿ ਤੋ, ਦਰ ਗੋਸ਼ ਕੁਨ ਕਰਤਾਰ॥
ਹੱਕਾ ਕਰੀਮ ਕਬੀਰ ਤੂ, ਬੇ ਐਬ ਪਰਵਰਦਗਾਰ॥

ਏਥੇ ਇਕ ਸ਼ਿਅਰ ਦੇ ਲਿਖਣ ਲਈ ਜੇ ਵਡੇ ਕਾਫ਼ ਤੇ ਐਨ ق ع ਵਾਸਤੇ ਵਖਰੇ ਚਿੰਨ੍ਹ ਨਾ ਵੀ ਹੋਣ, ਤਦ ਵੀ ਜ਼ੁਆਦ, ਫ਼ੇ ਅਤੇ ਸ਼ੀਨ ض ف ش ਅਤੇ ਇਜ਼ਾਫ਼ਤ ਦੀ ਜ਼ੇਰ ਵਾਸਤੇ ਤਾਂ ਚਿੰਨ੍ਹ ਹੋਣੇ ਚਾਹੀਦੇ ਸਨ। ਇਨ੍ਹਾਂ ਹਰਫ਼ਾਂ ਦੀ ਆਵਾਜ਼ ਅੱਡ ਹੈ, ਅਤੇ ਪੰਜਾਬੀ ਲੋਕ ਬੜੀ ਆਸਾਨੀ ਨਾਲ ਓਹਨਾਂ ਨੂੰ ਬੁਲਾ ਸਕਦੇ ਹਨ। ਗੁਰੂ ਸਾਹਿਬ ਦੇ ਵੇਲੇ ਤਕ ش ਵਾਲੇ ਅਨੇਕਾਂ ਲਫ਼ਜ਼ ਫ਼ਾਰਸੀ ਬੋਲੀ ਵਿਚੋਂ ਪੰਜਾਬੀ ਵਿੱਚ ਰਲ ਚੁਕੇ ਸਨ, ਦੇਸੀ ਲਫ਼ਜ਼ ਵੀ ਬਹੁਤੇਰੇ ਇਸ ਆਵਾਜ਼ ਵਾਲੇ ਵਰਤੇ ਜਾਂਦੇ ਸਨ, ਘਟ ਤੋਂ ਘਟ ਇਸ ਆਵਾਜ਼ ਲਈ ਤਾਂ ਵਖ ਚਿੰਨ੍ਹ ਚਾਹੀਦਾ ਸੀ।

ਦੂਜੇ ਪਾਸੇ ਗੁਰਮੁਖੀ ਵਰਣਮਾਲਾ ਵਿਚ ਕੁਝ ਅੱਖਰ ਬੇਲੋੜੇ ਵੀ ਹਨ। 'ਙ' ਅਤੇ 'ਞ' ਬਹੁਤ ਥੋੜੇ, ਲਫ਼ਜ਼ਾਂ, 'ਮਙਨੀ', 'ਜੰਞ' ਵਗ਼ੈਰਾ ਵਿੱਚ, ਜੋ ਲੋਕ ਗੁਣਗੁਣਾ ਕੇ ਨੱਕ ਵਿਚੋਂ ਬੋਲਦੇ ਹਨ, ਇਹ ਆਵਾਜ਼ਾਂ ਬੁਲਾਂਦੇ ਹਨ। ਸਾਰੇ ਗੁਰੂ ਗਰੰਥ ਸਾਹਿਬ ਵਿਚੋਂ ਇਹ ਅੱਖਰ ਇਕ ਹੱਥ ਦੀਆਂ ਉਂਗਲੀਆਂ ਤੇ ਗਿਣੇ ਜਾ ਸਕਦੇ ਹਨ, ਓਹ ਵੀ 'ਪੈਂਤੀਸ ਅਖਰੀ', 'ਬਾਵਨ ਅਖਰੀ', 'ਪੱਟੀ' ਆਦਿ ਬਾਣੀਆਂ ਵਿਚੋਂ, ਜਿਥੇ ਇਹਨਾਂ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ ਸੀ। ਗੁਰੂ ਅੰਗਦ ਦੇਵ ਜੀ ਵਰਣਮਾਲਾ ਬਣਾਣ ਵੇਲੇ ਇਹੋ ਹੀ ਛੱਡ ਦੇਂਦੇ। 'ਣ' ਭਾਵੇਂ ਬਹੁਤ ਵਰਤਿਆ ਹੈ, ਪਰ 'ਣ' ਅਤੇ 'ਨ' ਦੀ ਵਰਤੋਂ ਵਿੱਚ ਗੁਰਮੁਖੀ ਕਿਤਾਬਾਂ ਕਿਸੇ ਕਾਇਦੇ ਪੁਰ ਨਹੀਂ ਟੁਰਦੀਆਂ; ਇਸ ਅੱਖਰ ਦੇ ਰੱਖਣ ਦੀ ਵੀ ਕੋਈ ਲੋੜ ਨਹੀਂ ਸੀ। ਲੰਡਿਆਂ ਵਿਚ ਇਹ ਤਿੰਨੇ ਅਨੁਨਾਸਿਕ ਅੱਖਰ ਬਹੁਤਿਆਂ ਨੇ ਛੱਡ ਦਿੱਤੇ ਹਨ ਅਤੇ ਠੀਕ ਕੀਤਾ ਹੈ। 'ੜ' ਪੰਜਾਬੀ ਬੋਲੀ ਲਈ ਬੇਸ਼ੱਕ ਬੜਾ ਜ਼ਰੂਰੀ ਅੱਖਰ ਹੈ, ਅਤੇ ਨਾਗਰੀ, ਸਾਰਦਾ, ਟਾਕਰੀ ਵਿੱਚ ਮੌਜੂਦ ਨਹੀਂ। ਪਰ ਖ਼ੁਦ ਸੰਸਕ੍ਰਿਤ ਵਿੱਚ ਇਸ ਦੇ ਨਾਲ

ਮਿਲਦੀ ਆਵਾਜ਼ 'ਲ' ਤੇ 'ਡ' ਦੇ ਵਿਚਾਲੇ, ਤੇ ਕਦੇ 'ਲ' ਤੇ 'ਰ' ਦੇ ਵਿਚਾਲੇ, ਮੌਜੂਦ ਹੈ ਅਤੇ ਮਹਾਰਾਸ਼ਟਰੀ ਆਦਿ ਬੋਲੀਆਂ ਵਿੱਚ ਵੀ ਹੈ, ਅਤੇ ਇਸ ਦੇ ਵਾਸਤੇ ਇਕ ਖ਼ਾਸ ਚਿੰਨ੍ਹ ਵੀ 'ਲ' ਨਾਲ ਮਿਲਦਾ '      ' ਹੈ। ਗੁਰਮੁਖੀ ਦਾ 'ੜ' ਵੀ ਪੁਰਾਣੇ 'ਡ' ਦੀ ਸਕਲ ਤੋਂ ਬਣਿਆ ਪ੍ਰਤਖ ਦਿਸ ਰਿਹਾ ਹੈ।

ਠੀਕ ਠੀਕ ਤੇ ਅਕਲ ਸਮਝ ਨਾਲ ਬਣਾਈ ਗਈ ਵਰਣਮਾਲਾ ਓਹ ਹੁੰਦੀ ਹੈ, ਕਿ ਜਿਸ ਬੋਲੀ ਲਈ ਓਹ ਬਣਾਈ ਗਈ ਹੋਵੇ, ਉਸ ਵਿੱਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਆਵਾਜ਼ਾਂ ਲਈ ਅੱਡ ਅੱਡ ਚਿੰਨ੍ਹ ਹੋਣ; ਕਿਸੇ ਆਵਾਜ਼ ਦੇ ਲਿਖਣ ਲਈ ਦੋ ਚਿੰਨ੍ਹ ਨਾਂਹ ਹੋਣ; ਸਾਰੀਆਂ ਸਵਰ ਆਵਾਜ਼ਾਂ ਲਈ ਵੀ ਚਿੰਨ੍ਹ ਹੋਣ; ਕੋਈ ਚਿੰਨ੍ਹ ਫਾਲਤੂ ਤੇ ਬੇਲੋੜੇ ਨਾ ਹੋਣ। ਅੰਗਰੇਜ਼ੀ ਬੋਲੀ ਰੋਮਨ ਅੱਖਰਾਂ ਵਿੱਚ ਲਿਖੀ ਜਾਂਦੀ ਹੈ,ਇਹ ਵਰਣਮਾਲਾ ਇਸ ਮਤਲਬ ਲਈ ਨਾਕਸ ਹੈ, ਸੋ ਹੁਣ ਵਿਦਵਾਨਾਂ ਨੇ ੪੨ ਅੱਖਰਾਂ ਦੀ ਨਵੀਂ ਵਰਣਮਾਲਾ ਬਣਾਈ ਹੈ, ਜੋ ਓਹ ਸਾਇੰਸ ਆਦਿ ਦੀਆਂ ਕਿਤਾਬਾਂ ਵਿੱਚ ਵਰਤਣ ਲਗ ਪਏ ਹਨ।

'ਗੁਰਮੁਖੀ' ਵਰਣਮਾਲਾ ਇਸ ਕਸਵਟੀ ਪੁਰ ਪੂਰੀ ਨਹੀਂ ਨਿਕਲਦੀ। ਉਸ ਵਿੱਚ ਕੋਈ ਵਾਧਾ ਘਾਟਾ, ਕਿ ਤਰਤੀਬ ਦਾ ਅਦਲ ਬਦਲ, ਕਿਸੇ ਦਾ ਕੀਤਾ ਗਿਆ ਸਿੱਧ ਨਹੀਂ ਹੁੰਦਾ। ਤਿੰਨ ਸੁਰ ਅੱਖਰਾਂ ਦੇ ਪਿਛੇ 'ਸ' ਤੇ 'ਹ' ਨੂੰ ਥਾਂ ਮਿਲੀ ਹੈ, ਅਤੇ ਸੱਭ ਤੋਂ ਪਹਿਲਾਂ ਅੱਖਰ, ਨਾਗਰੀ ਵਾਂਗ 'ਅ' ਨਹੀਂ, ਸਗੋਂ 'ੳ' ਹੈ। ਪਰ ਪਹਿਲੇ ਵਰਗ ਵਿੱਚ ਇਹ ਤਰਤੀਬ 'ਮਹਾਜਨੀ' ਆਦਿ ਵਿੱਚ ਵੀ ਹੈ। ਮਲੂਮ ਹੁੰਦਾ ਹੈ ਕਿ ਮੁਢ ਵਿੱਚ 'ੳ' ਲਿਖਣ ਕਰਕੇ ਇਸ ਅੱਖਰ ਨੂੰ ਪੈਂਤੀ ਵਿੱਚ ਵੀ ਪਹਿਲੇ ਰਖ ਦਿੱਤਾ ਹੈ; ਸੰਸਕ੍ਰਿਤ ਵਿਆਕਰਣੀਆਂ ਦੀ ਤਰਤੀਬ, ਪਹਿਲੇ ਸੰਘ ਦਾ ਸਵਰ 'ਅ', ਫੇਰ ਤਾਲੂ ਦਾ 'ੲ', ਅਤੇ ਪਿਛੋਂ ਹੋਠਾਂ ਦਾ 'ੳ', ਤੋੜ ਦਿੱਤੀ ਹੈ। ਪਰ ਗੁਰਮੁਖੀ ਵਰਣਮਾਲਾ ਵਿੱਚ ਇਹ ਵੀ ਕੋਈ ਨਵੀਂ ਗੱਲ ਨਹੀਂ। ਪੁਰਾਣੀ 'ਪੰਜਾਬੀ ਲਿਪੀ' ਦੇ ਕੋਈ ਲੇਖ ਨਾਂਹ ਵੀ ਮੌਜੂਦ ਹੋਣ, ਤਦ ਵੀ ਅਸੀਂ, ਪਾਸ ਪੜੋਸ ਦੀਆਂ ਲਿਪੀਆਂ ਨਾਗਰੀ, ਟਾਕਰੀ, ਸਾਰਦਾ ਅਤੇ ਮਹਾਜਨੀ ਆਦਿ ਨਾਲ ਟਾਕਰਾ ਕਰਕੇ ਨਿਤਾਰਾ ਕਰ ਸਕਦੇ ਹਾਂ ਕਿ ਓਹ 'ਪੁਰਾਣੀ ਪੰਜਾਬੀ' ਲਿਪੀ ਕਿਹੋ ਜਿਹੀ ਸੀ, ਅਤੇ ਇਹ ਨਿਤਾਰਾ ਅਸੀਂ ਉਪਰ ਕਰ ਆਏ ਹਾਂ। ਰਾਏ ਫ਼ੀਰੋਜ਼ ਦੇ ਮਕਬਰੇ ਤੋਂ ਅਨੇਕਾਂ ਲੋਕਾਂ ਦੇ ਲਿਖੇ ਨਾਵਾਂ ਤੇ ਦਸਤਖ਼ਤਾਂ ਦੇ ਨਮੂਨੇ ਵੀ ਦੇ ਚੁਕੇ ਹਾਂ।

ਸਰਦਾਰ ਦਲਜੀਤ ਸਿੰਘ ਸਾਹਿਬ ਸੀ. ਐਸ. ਆਈ ਨੇ ੨੯ ਜੂਨ ਸੰਨ ੧੯੧੬ ਨੂੰ Indian Section of the Bengal Society of Arts ਦੇ ਸਾਮ੍ਹਣੇ ਸਿਖ ਮਜ਼੍ਹਬ ਸੰਬੰਧੀ ਇਕ ਲੇਖ ਪੜ੍ਹਿਆ ਸੀ, ਅਤੇ ਉਸ ਵਿਚ ਕਿਹਾ ਸੀ ਕਿ :—

"The religion owed to Guru Angad the invention of the Gurmukhi character."

ਲਾਲਾ ਸ਼ਿਵ ਦਯਾਲ ਸਾਹਿਬ ਸੇਠ ਐਮ. ਏ., ਇਨਸਪੈਕਟਰ ਆਫ਼ ਸਕੂਲਜ਼ ਨੇ ੩੧ ਜੁਲਾਈ ੧੯੧੬ ਦੀ ਅਖ਼ਬਾਰ ਟ੍ਰਿਬਿਊਨ, ਲਾਹੌਰ ਵਿੱਚ, ਇਸ ਦਾਅਵੇ ਦੀ ਤਰਦੀਦ ਕਰਦਿਆਂ ਹੋਇਆਂ ਇਹ ਕਿਹਾ ਕਿ ਗੁਰਮੁਖੀ ਅੱਖਰ ਗੁਰੂ ਨਾਨਕ ਸਾਹਿਬ ਤੋਂ ਪਹਿਲੇ ਮੌਜੂਦ ਸਨ। ਹੋਰ ਦਲੀਲਾਂ ਵਿਚੋਂ ਇੱਕ ਦਲੀਲ ਇਹ ਸੀ ਕਿ ਹਰਦਵਾਰ, ਗਿਆ, ਕਾਂਗੜਾ, ਦੂਨ ਦੇ ਮੰਦਰਾਂ, ਅਮਰ ਨਾਥ ਅਤੇ ਹੋਰ ਤੀਰਥਾਂ ਦੇ ਪਾਂਡਿਆਂ ਦੀਆਂ ਵਹੀਆਂ ਵਿੱਚ ਪੰਜਾਬੀ ਯਾਤਰੀਆਂ ਦੇ ਦਸਤਖ਼ਤ ਲੰਡਿਆਂ ਤੇ 'ਗੁਰਮੁਖੀ'

ਦੋਹਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਪਹਿਲੇ ਦੇ ਹਨ ।

ਇਕ 'ਪੁਰਾਣੀ ਪੰਜਾਬੀ ਲਿਪੀ' ਪੰਜਾਬ ਵਿਚ ਪਰਚੱਲਤ ਸੀ, ਜਿਸ ਵਿੱਚ ਸੰਸਕ੍ਰਿਤ ਦੀਆਂ ਕਿਤਾਬਾਂ ਲਿਖੀਆਂ ਜਾਂਦੀਆ ਸਨ । ਯਾਰ੍ਹਵੀਂ ਸਦੀ ਈਸਵੀ ਵਿੱਚ ਬੇਰੂਨੀ ਇਸ ਨੂੰ ਹੋਰ ਕਈ ਤਰ੍ਹਾਂ ਦੇ ਅੱਖਰਾਂ ਸਮੇਤ, ਜੋ ਭਾਟੀਜ ਦੇਸ ਤੇ ਸਿੰਧ ਦੇ ਉੱਤਰੀ ਹਿੱਸੇ ਵਿੱਚ ਲਿਖੇ ਜਾਂਦੇ ਸਨ, 'ਅਰਧ-ਨਾਗਰੀ' ਦੇ ਸਾਂਝੇ ਨਾਂ ਹੇਠਾਂ ਸ਼ਾਮਿਲ ਕਰਦਾ ਹੈ, ਅਤੇ ਇਸਨੂੰ ਕਸ਼ਮੀਰ ਦੀ 'ਸਿਧ-ਮਾਤ੍ਰਿਕਾ' ਅਤੇ ਮਾਲਵੇ ਜਾਂ ਉਜ਼ੈਨ ਦੀ ਉਸ ਵੇਲੇ ਦੀ 'ਨਾਗਰੀ' ਲਿਪੀਆਂ ਦੇ ਵਿਚਾਲੇ ਦਸਦਾ ਹੈ । ਜੋ ਲਿਪੀ ਰਾਏ ਫ਼ੀਰੋਜ਼ ਦੇ ਮਕਬਰੇ ਦੀਆਂ ਲਿਖਤਾਂ ਵਿੱਚ ਵਰਤੀ ਹੈ, ਓਹ ਓਹੋ ਹੈ ਜਿਸ ਨੂੰ ਅਜ ਅਸੀਂ 'ਗੁਰਮੁਖੀ' ਆਖਦੇ ਹਾਂ । ਇਸ ਲਿਪੀ ਦਾ ਨਾਂ, ਸਾਡੇ ਵੇਲੇ ਤਕ, ਭੱਟੀ ਰਾਜਪੂਤਾਂ ਦੇ ਇਲਾਕੇ ਵਿਚ 'ਭਟਛਰੀ' ਜਾ 'ਭਟਖਰੀ' ਚਲਾ ਆਇਆ ਹੈ; ਅਤੇ ਇਹ ਨਾਂ ਓਡਾ ਹੀ ਪੁਰਾਣਾ ਹੈ ਕਿ ਜਿੱਡਾ ਉੱਤਰੀ ਸਿੰਧ ਵਿੱਚ ਪਰਚੱਲਤ ਅੱਖਰਾਂ ਦਾ ਨਾਂ 'ਉੱਚੀ ਅੱਖਰ' ਹੈ । ਇਹ ਨਾਂ 'ਉੱਚੀ ਹਿੰਦਗੀ' ਜਾਂ 'ਉੱਚੀ ਅੱਖਰ', ਤੇਹਰਵੀਂ ਸਦੀ ਈਸਵੀ ਵਿੱਚ, ਜਦ ਸੱਯਦ ਕਲਾਲ ਬੁਖਾਰੀ ਏਥੇ ਆ.ਚ.ਆ, ਹੁੰਦਾ ਸੀ ।

ਸੋ ਅਸੀਂ ਕਹਿ ਸਕਦੇ ਹਾਂ, ਕਿ ਜਿਸ ਸੰਸਕ੍ਰਿਤ ਕਿਤਾਬਾਂ ਦੀ ਲਿਪੀ ਨੂੰ ਪੰਡਤ ਗੋਰੀ ਸੰਕਰ ਜੀ ਨੇ, ਹੋਰ ਕੋਈ ਨਾਂ ਮਲੂਮ ਨਾਂਹ ਹੋਣ ਕਰਕੇ, 'ਪੁਰਾਣੀ ਪੰਜਾਬੀ ਲਿਪੀ' ਦਾ ਨਾਂ ਦਿੱਤਾ ਹੈ. ਯਾਹਰਵੀਂ ਸਦੀ ਵਿੱਚ ਉਸ ਦਾ ਨਾਂ 'ਅਰਧ-ਨਾਗਰੀ' ਸੀ, ਤੇਹਰਵੀਂ ਸਦੀ ਵਿੱਚ ਉਸੇ ਨੂੰ ਭਾਟੀਜ ਦੇਸ ਦੇ ਲੋਕ 'ਭਟਛਰੀ' ਸਦਦੇ ਸਨ । ਇਹ ਨਾਂ ਕ਼ਰੀਬ ਕ਼ਰੀਬ ਸਾਡੇ ਵੇਲੇ ਤਕ ਥੋੜਾ ਬਹੁਤਾ ਸੀਨਾ-ਬ- ਸੀਨਾ ਚਲਦਾ ਆਇਆ । ਸਿੱਖਾਂ ਨੇ ਏਸੇ ਲਿਪੀ ਦਾ ਨਾਂ 'ਗੁਰਮੁਖੀ ਅੱਖਰ' ਰਖ ਦਿੱਤਾ । ਇਹ ਅਸੀਂ ਅੱਗੇ ਚਲਕੇ ਦਸਾਂਗੇ ਕਿ ਇਹ ਨਾਂ ਕਿਸ ਤਰ੍ਹਾਂ ਓਹਨਾਂ ਅੱਖਰਾਂ ਦਾ ਪੈ ਗਿਆ ।

———

ਸਵਾਲ ਹੋ ਸਕਦਾ ਹੈ ਕਿ ਜਦ ਸੰਸਕ੍ਰਿਤ ਪੁਸਤਕ ਪੁਰਾਣੀ ਪੰਜਾਬੀ ਵਿੱਚ ਲਿਖੇ ਜਾਂਦੇ ਸਨ, ਤਦ ਨਾਗਰੀ ਦੇ 'ਸ਼', 'ਸ਼' ਅਤੇ 'ਝ' ਦੇ ਟਾਕਰੇ ਤੇ ਭੀ ਕੋਈ ਚਿੰਨ੍ਹ ਜ਼ਰੂਰ ਹੁੰਦੇ ਹੋਣਗੇ; ਓਹ ਚਿੰਨ੍ਹ ਕੀ ਸਨ ? ਅਤੇ ਓਹ ਚਿੰਨ੍ਹ 'ਗੁਰਮੁਖੀ' ਵਿਚੋਂ ਕਿਥੇ ਗਏ ? ਜਾਚਣ ਨਾਲ ਇਹ ਉਤਰ ਸੁਝਦਾ ਹੈ ਕਿ ਓਹ 'ਸਾਰਦਾ' ਜਾ 'ਟਾਕਰੀ' ਨਾਲ ਮਿਲਦੇ ਹੋਣਗੇ, ਜਿਨ੍ਹਾਂ ਵਰਣਮਾਲਾਂ ਵਿੱਚ ਓਹ ਅੱਖਰ ਹੁਣ ਵੀ ਹਨ । ਪਰ 'ਸਾਰਦਾ' ਲਾਲ ਟਾਕਰਾ ਕੀਤਿਆਂ ਇਹ ਭੇਦ ਵੀ ਕੁਝ ਖੁਲ੍ਹ ਜਾਂਦਾ ਹੈ । 'ਸਾਰਦਾ' ਵਿੱਚ 'ਸ਼' ਦੇ ਬਰਾਬਰ ਤੇ 'ਸ' ਅਰ 'ਜ਼' ਦੇ ਲਈ 'ਮ' ਦਾ ਚਿੰਨ੍ਹ ਹੈ, ਜੋ ਗੁਰ-ਮੁਖੀ ਦੇ ਵੀ ਅਖਰ ਹਨ । ਏਸੇ ਤਰ੍ਹਾਂ 'ਸ਼' ਦੇ ਲਈ ਸਾਰਦਾ ਵਿੱਚ ਚਿੰਨ੍ਹ 'ਖ' ਹੈ, ਜੋ ਗੁਰਮੁਖੀ ਵਿਚ ਨਾਗਰੀ ਦੇ 'ਖ' ਦੀ ਥਾਂ ਹੈ; ਕਿਉਂ ਜੋ ਪੰਜਾਬੀ ਉਚਾਰੰਣ ਵਿੱਚ 'ਸ਼' ਦਾ ਉਚਾਰ ਸਦਾ 'ਖ' ਦਾ ਹੋ ਜਾਂਦਾ ਹੈ, ਜਿਸ ਤਰ੍ਹਾਂ 'ਝਸ਼ਿ' ਨੂੰ 'ਰਿਖੀ' ਪੜ੍ਹਣਗੇ । ਇਸ ਤੋਂ ਦਿਸਦਾ ਹੈ ਕਿ 'ਸ਼' ਅਰ 'ਸ਼' ਦਾ ਕੰਮ ਪੁਰਾਣੀ ਪੰਜਾਬੀ ਲਿਪੀ ਵਿੱਚ, ਸ਼ਾਇਦ 'ਸ' ਅਰ 'ਖ' ਹੇਠਾਂ ਬਿੰਦੀਆਂ ਪਾ ਕੇ ਤੇ 'ਸ਼' ਅਰ 'ਖ਼' ਬਣਾਕੇ, ਜਾਂ ਕੋਈ ਹੋਰ ਪਹਿਚਾਨ ਦਾ ਨਿਸ਼ਾਨ (Diacritical mark) ਦੇ ਕੇ,.

ਲੈ ਲਿਆ ਜਾਂਦਾ ਹੋਵੇਗਾ । ਅਰ ਇਹੋ ਹਾਲ 'ਙ' ਦਾ ਹੋ ਸਕਦਾ ਹੈ; 'ਅ' ਦੇ ਹੇਠਾਂ 'ਰ' ਦੀ ਟੰਗੀ ਲਗਾਕੇ ਇਸ ਸੁਰ ਦਾ ਕੰਮ ਲੈ ਲੈਂਦੇ ਹੋਣਗੇ । ਸੋ ਇਹ ਕੋਈ ਵੱਖਰੇ ਚਿੰਨ ਨਹੀਂ ਸਨ, ਇਸੇ ਕਰ ਕੇ ਗੁਰਮੁਖੀ ਵਿੱਚ ਨਹੀਂ ਆਏ । ਏਸੇ ਤਰ੍ਹਾਂ ਸੁਰਾਂ ਦੇ ਵੀ ਤਿੰਨ ਹੀ ਚਿੰਨ ਹਨ, ਕਿਉਂ ਜੁ ਬਾਕੀ ਸੱਭ ਸੁਰ ਲਗਾਂ ਲਾ ਕੇ ਬਣ ਜਾਂਦੇ ਹਨ । ਪਰ ਪੂਰੀ ਤਸੱਲੀ ਦੇਣ ਵਾਲਾ ਉਤਰ ਤਾਂ ਕੋਈ 'ਪੁਰਾਣੀ ਪੰਜਾਬੀ' ਵਿੱਚ ਲਿਖਿਆ ਲੇਖ ਜਾਂ ਪੁਸਤਕ ਹੀ ਦੇ ਸਕਦੀ ਹੈ, ਜੋ ਅਜ ਤਕ ਮੈਨੂੰ ਪ੍ਰਾਪਤ ਨਹੀਂ ਹੋ ਸਕੀ ।

## ੨੨

# ਗੁਰੂ ਅੰਗਦ ਦੇਵ ਜੀ ਦੇ ਗੁਰਮੁਖੀ ਬਣਾਨ ਦੀ ਰਵਾਇਤ ਕਿਵੇਂ ਟੁਰੀ ?

ਬੱਚਿਆਂ ਨੂੰ ਅੱਖਰ ਪੜ੍ਹਨਾ ਸਿਖਾਣ ਵੇਲੇ, ਜਾਂ ਪੱਟੀ ਲਿਖਾਣ ਸਮੇਂ, ਪਾਂਧੇ ਤੇ ਭਾਈ ਇੱਕ ਇੱਕ ਅੱਖਰ ਨੂੰ ਲੈਕੇ ਉਸ ਦੇ ਨਾਲ ਕੋਈ ਸਿਖ ਮਤ ਦੇਣ ਵਾਲਾ ਵਾਕ ਜੋੜਦੇ ਜਾਂਦੇ ਹਨ, ਅਤੇ ਬੱਚੇ ਉਸ ਨੂੰ, ਅੱਖਰ ਲਿਖਣ ਸਮੇਂ ਦੁਹਰਾਂਦੇ ਹਨ। ਰਵਾਇਤ ਹੈ ਕਿ ਗੁਰੂ ਅੰਗਦ ਜੀ ਨੇ ਆਪਣੇ ਪੁਤ੍ਰਾਂ ਨੂੰ ਪੈਂਤੀ ਪੜ੍ਹਾਣ ਲਈ ਇਕ 'ਬਾਲ-ਬੋਧ' ਲਿੱਖਿਆ। ਡਾਕਟਰ ਲਾਇਟਨਰ ਲਿਖਦੇ ਹਨ (ਵੇਖੋ ਸਫ਼ਾ ੩੪ History of Indigenous Education in the Punjab) :—

"Guru Angad, like Professor Huxley, did not consider it beneath his dignity to write primers for children, and he accordingly composed a number of mottos and moral maxims which accompany the letters of the Alphabet, e. g.

ਦਦੈ—ਦੋਸੁ ਨ ਦੇਊ ਕਿਸੈ, ਦੋਸ ਕਰੰਮਾ ਆਪਣਿਆ ॥<br>
ਜਜੈ—ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ ॥<br>
ਝਝੈ—ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ ॥<br>
ਸਸੈ—ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥

(ਰਾਗ ਆਸਾ ਮਹਲਾ ੧ ਪਟੀ)

ਇਸੇ ਤਰ੍ਹਾਂ ਸ਼ੇਖ ਸਾਅਦੀ ਨੇ ਵੀ ਬੱਚਿਆਂ ਵਾਸਤੇ 'ਕਰੀਮਾ' ਲਿੱਖਿਆ, ਜਿਸ ਦਾ ਪਹਿਲਾ ਮਿਸਰਾ ਹੈ :

ਕਰੀਮਾ ! ਬ-ਬਖ਼ਸ਼ਾਇ ਬਰ ਹਾਲੇ ਮਾ।

ਅਮੀਰ ਖ਼ੁਸਰੋ ਨੇ ਵੀ ਬੱਚਿਆਂ ਨੂੰ ਓਹਨਾਂ ਦੀ ਆਪਣੀ ਬੋਲੀ ਰਾਹੀਂ ਫ਼ਾਰਸੀ ਸਿਖਾਣ ਲਈ 'ਵਾਹਿਦ ਬਾਰੀ' ਲਿਖੀ ਸੀ, ਪਹਿਲਾ ਮਿਸਰਾ ਹੈ :—

'ਵਾਹਿਦ ਬਾਰੀ, ਇੱਕੋ ਸਾਂਈ'

ਪਾਂਧੇ ਮੁਸਲਮਾਣ ਵੀ ਹੁੰਦੇ ਹਨ, ਕੁਝ ਤਾਂ ਹਿੰਦੂਓਂ ਮਸਲਮਾਣ ਕਰ ਲਏ ਗਏ ਤੇ ਕੁਝ ਆਪੇ ਮੁਸਲਮਾਣ ਹੋ ਗਏ। ਇਨ੍ਹਾਂ ਨੇ ਵੀ ਫ਼ਾਰਸੀ ਦੀ ਵਰਣਮਾਲਾ ਨਾਲ ਇਹੋ ਜਿਹੇ ਫ਼ਿਕਰੇ ਜੋੜ ਲਏ :—



Sri Satguru Jagjit Singh Ji Elibrary NamdhariElibrary@gmail.com

ਅਲਫ਼-ਅੱਲਹ ਨੂੰ ਯਾਦ ਕਰ, ਅੱਲਹ ਪਾਤਸ਼ਾਹ ਨਬੀ ਰਸੂਲ ਹੈ ਜੀ ।
ਬੇ-ਬੈਠ ਤੂੰ ਕੁੰਜ ਗੋਸ਼ੇ, ਕਰ ਯਾਦ ਉਸ ਰੱਬ ਤਾਂਈ ।

ਅਤੇ ਇਹ ਤਰੀਕਾ ਕੁਝ ਨਵਾਂ ਵੀ ਨਹੀਂ, ਤੱਤ ਪਿਛੇ ਬੌਧ ਭਿਖੂਆਂ ਦੇ ਸਮੇਂ ਤਕ ਜਾਂਦਾ ਹੈ, ਜਿਨ੍ਹਾਂ ਨੇ ਵਰਣਮਾਲਾ ਸਿਖਾਣ ਲਈ ਇਹੋ ਜਿਹੇ ਟੱਪੇ ਬਣਾਏ ਹੋਏ ਸਨ । ਅੰਗਰੇਜ਼ੀ ਵਿੱਚ ਜੋ ਤਰੀਕਾ ਹੈ B—Box; C—Cat; ਓਹ ਵੀ ਅਸਲ ਵਿੱਚ ਇਹੋ ਹੈ । ਏਸੇ ਤਰੀਕੇ ਤੋਂ ਅੱਗੇ ਵੱਧ ਕੇ ਵੱਡੇ ਲੋਕਾਂ ਲਈ 'ਸੀ ਹਰਫ਼ੀਆਂ', 'ਪੈਂਤੀ-ਅੱਖਰੀਆਂ', 'ਬਾਵਨ-ਅੱਖਰੀਆਂ', ਆਦਿ ਲਿਖਣ ਦਾ ਰਵਾਜ ਪਿਆ ।

ਹੋ ਸਕਦਾ ਹੈ, ਕਿ ਗੁਰੂ ਅੰਗਦ ਦੇਵ ਜੀ ਨੇ ਕੋਈ 'ਬਾਲ-ਬੋਧ' ਲਿਖਿਆ ਹੋਵੇ, ਕਿਉਂਕਿ ਉਸ ਸਮੇਂ ਕੋਈ ਛਪੀਆਂ ਹੋਈਆਂ ਕਿਤਾਬਾਂ ਨਹੀਂ ਹੁੰਦੀਆਂ ਸਨ । ਤਦ ਪਹਿਲਾ ਸਵਾਲ ਤਾਂ ਇਹ ਉਠਦਾ ਹੈ ਕਿ ਕੀ ਓਹ ਗੁਰਮੁਖੀ ਅੱਖਰ ਸਨ ਜਾਂ ਲੰਡੇ, ਜਿਨ੍ਹਾਂ ਦੀ ਲੋੜ ਹੱਟੀ ਵਾਲਿਆਂ ਨੂੰ ਵਧੀਕ ਹੁੰਦੀ ਹੈ । ਭਲਾ ਜੇ ਓਹ ਗੁਰਮੁਖੀ ਅੱਖਰ ਹੀ ਹੋਣ, ਤਦ 'ਗੁਰਮੁਖੀ ਅੱਖਰ ਬਣਾਣ ਜਾਂ ਈਜਾਦ ਕਰਨ'. ਦਾ ਇਹ ਕੋਈ ਸਬੂਤ ਨਹੀਂ । ਪਰ ਪਿੱਛੋਂ ਸ਼ਰਧਾਲੂਆਂ ਨੇ ਇਹ ਰਵਾਇਤ ਚਲਾ ਦੇਣੀ ਕਿ ਗੁਰੂ ਅੰਗਦ ਦੇਵ ਜੀ ਨੇ 'ਗੁਰਮੁਖੀ ਬਣਾਈ', ਇਕ ਸਹਿਜ ਗੱਲ ਸੀ । ਇਸ ਗੱਲ ਨਾਲ ਇਕ ਹੋਰ ਗੱਲ ਰਲ ਕੇ ਏਸ ਵਰਣਮਾਲਾ ਦਾ ਨਾਮ 'ਗੁਰਮੁਖੀ' ਹੋ ਗਿਆ ।

Sri Satguru Jagjit Singh Ji Elibrary NamdhariElibrary@gmail.com

## ੨੩

# ਵਰਣਮਾਲਾ ਦਾ ਨਾਂ ਗੁਰਮੁਖੀ ਕਿਵੇਂ ਤੇ ਕਦੋਂ ਪਿਆ ?

ਗੁਰਮੁਖੀ ਵਿੱਚ ਇੱਕ ਰਚਨਾ 'ਬਾਣੀ ਬਿਹੰਗ' ਨਾਮ ਦੀ ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਦੀ ਰਚੀ ਹੋਈ ਦੱਸਿਆ ਜਾਂਦਾ ਹੈ। ਇਹ ਇਕ ਅਲੰਕਾਰਕ ਰਚਨਾ (Allegory) ਹੈ, ਜਿਸ ਵਿੱਚ ਗੁਰੂ ਨਾਨਕ ਸਾਹਿਬ ਨੂੰ ਇਕ ਬਿਹੰਗ ਜਾਂ ਪੰਖੀ ਦੇ ਰੂਪ ਵਿੱਚ ਨਿਰੰਕਾਰ ਦੇ ਦਰਬਾਰ ਵਿੱਚ ਜਾਂਦੇ ਅਤੇ ਸ੍ਰਿਸ਼ਟੀ ਰਚਨਾ ਬਾਰੇ ਨਿਰੰਕਾਰ ਨਾਲ ਵਾਰਤਾਲਾਪ ਕਰਦੇ ਵਿਖਾਇਆ ਹੈ। ਨਿਰੰਕਾਰ ਮਹਾ-ਪ੍ਰਲਯ ਦੇ ਸਮੇਂ ਆਪਣੇ 'ਏਕੰ-ਕਾਰ' ਰੂਪ ਵਿੱਚ ਜਾਂ '੧' 'ਅਲਿਫ਼' ਹੁੰਦਾ ਹੈ। ਜਦ ਸ੍ਰਿਸ਼ਟੀ ਹੋਣ ਦਾ ਵੇਲਾ ਆਉਂਦਾ ਹੈ, ਤਦ ਓਹ 'ਓਂਕਾਰ' ਰੂਪ ਧਾਰਦਾ ਹੈ,* ਅਤੇ ਬ੍ਰਹਮਾ, ਬਿਸ਼ਨ, ਮਹੇਸ਼, ਤਿੰਨ ਦੇਵਤੇ ਵਜੂਦ ਵਿੱਚ ਆਉਂਦੇ ਹਨ। ਬਿਸ਼ਨੁ ਸਮੁੰਦਰ (Chaos) ਉਤੇ ਸ਼ੇਸ਼ਨਾਗ (Infinity) ਦੀ ਸੇਜਾ ਬਣਾ ਕੇ ਲੇਟਦਾ ਹੈ, ਉਸ ਦੀ ਸੱਤਾ, ਲਛਮੀ, ਉਸ ਦੇ ਪੈਰ ਝਸ ਰਹੀ ਹੁੰਦੀ ਹੈ। ਬਿਸ਼ਨੂ ਦੀ ਧੁਨੀ ਜਾਂ ਨਾਭੀ ਵਿਚੋਂ ਇਕ ਕੌਲ ਫੁੱਲ (Spiral, Nebula) ਪੈਦਾ ਹੁੰਦਾ ਹੈ। ਇਸ ਕੌਲ ਫੁੱਲ ਵਿਚੋਂ ਬ੍ਰਹਮਾਂ ਨਿਕਲਦਾ ਹੈ, ਜੋ ਅਗੋਂ ਸ੍ਰਿਸ਼ਟੀ ਕਰਦਾ ਹੈ। ਸ੍ਰਿਸ਼ਟੀ ਕਰਨ ਲਈ ਬ੍ਰਹਮਾ ੪੨ ਯੁਗ ਪ੍ਰਯੰਤ ਮਹਾਂ ਤਪ ਕਰਦਾ ਹੈ। ਓਹ ਤਪ ਇਸ ਪ੍ਰਕਾਰ ਹੈ ਕਿ ਵਾਸੁਦੇਵ ਨਾਮ ਦੇ ਪਹਿਲੇ ਅੱਖਰ 'ਵ' ਦਾ ਜਾਪ, 'ਵਾ ਵਾ ਵਾ ਵਾ' ਕਹਿਕੇ ਨੌ ਯੁਗ ਪ੍ਰਯੰਤ ਬ੍ਰਹਮਾ ਕਰਦਾ ਹੈ। ਉਸ ਦੇ ਪਿੱਛੋਂ ਉਸੇ ਤਰ੍ਹਾਂ 'ਹਰਿ' ਨਾਮ ਦੇ 'ਹ' ਅੱਖਰ ਦਾ ਜਾਪ, 'ਹਾ ਹਾ ਹਾ ਹਾ' ਕਹਿ ਕੇ ਗਿਆਰਾਂ ਯੁਗ ਤਪ ਕਰਦਾ ਹੈ। ਪਿੱਛੋਂ 'ਗੋਬਿੰਦ' ਨਾਮ ਦੇ 'ਗ' ਦਾ ਜਾਪ 'ਗਾ, ਗਾ ਗਾ ਗਾ' ਕਰ ਕੇ ਤੇਰਾਂ ਯੁਗ ਤਪ ਹੁੰਦਾ ਹੈ। ਅਤੇ ਛੇਕੜ ਤੇ 'ਰਾਮ' ਨਾਮ ਦੇ 'ਰ' ਦਾ ਜਾਪ 'ਰ ਰ ਰ ਰ...' ਕਰ ਕੇ ਨੌ ਯੁਗ ਕਰਦਾ ਹੈ। ਇਤਨੇ ਮਹਾਂ ਤਪ ਦੇ ਪਿਛੋਂ 'ਬ੍ਰਹਮਾ' ਤੋਂ ਇਕ 'ਆਂਡਾ' ਨਿਕਲਦਾ ਹੈ, ਜੋ 'ਬ੍ਰਹਮਾਂਡ' (ਬ੍ਰਹਮਾ+ਆਂਡ) ਹੈ, ਕਹੋ ਕਿ (Macrocosm) ਜਾਂ Gaseous Spheroid ਬਣਦਾ ਹੈ†। ਯੁਗਾਂ ਦਾ ਜੋੜ ੯+੧੧+੧੩+੯=੪੨ ਦੇ ਕੇ ਅਤੇ ਚਾਰੇ ਹਰਫ਼ 'ਵ, ਹ, ਗ, ਰ' ਗਿਣ ਕੇ ਅੰਤ ਪੁਰ ਕਿਹਾ ਹੈ ਕਿ:

*ਇਹ ਹਨ '੧ਓ' ਦੇ ਅਰਥ।

†ਇਸ 'ਬ੍ਰਹਮਾਂਡ' ਵਿਚੋਂ ਅੱਗੋਂ ਸਾਡੀ ਧਰਤੀ ਅਸਮਾਨ ਤੇ ਜੋ ਕੁਝ ਓਹਨਾਂ ਦੇ ਵਿਚਾਲੇ ਹੈ, ਓਹ ਕਕੁਰ ਬਣਦੇ ਹਨ, ਉਸ ਨੂੰ ਇਕ ਹੋਰ ਪੁਰਾਣਕ ਕਥਾ 'ਸਮੁੰਦਰ ਮਥਨ' ਦੀ ਵਿੱਚ ਦੱਸਿਆ ਹੈ। ਚੌਦਾਂ ਰੱਤਨ ਜੋ ਨਿਕਲਦੇ ਹਨ, ਓਹਨਾਂ ਵਿੱਚ ਇਕ 'ਇਸਤਰੀ' ਵੀ ਹੈ, ਜੋ ਉਸੇ ਵੇਲੇ ਦੇਵਾਂ ਤੇ ਅਸੁਰਾਂ ਵਿੱਚ ਲੜਾਈ ਦਾ ਮੂਲ ਬਣ ਜਾਂਦੀ ਹੈ।



Sri Satguru Jagjit Singh Ji Elibrary NamdhariElibrary@gmail.com

## 'ਇਹ ਅੱਖਰ ਗੁਰਮੁਖੀ ਹਨ'

ਇਹ ਪਹਿਲੀ ਵਾਰੀ ਹੈ ਕਿ ਸਿੱਖਾਂ ਦੀਆਂ ਕਿਤਾਬਾਂ ਵਿੱਚ ਨਾਮ 'ਗੁਰਮੁਖੀ' ਕੁਝ ਅੱਖਰਾਂ ਨੂੰ ਦਿੱਤਾ ਗਿਆ ਹੈ। ਮਤਲਬ ਇਹ ਕਹਿਣ ਤੋਂ ਸੀ ਕਿ 'ਵਾਹਿਗੁਰੂ' ਨਾਮ ਦੇ ਇਹ ਚਾਰ ਅੱਖਰ, ਵ, ਹ, ਗ, ਰ, ਹਨ, ਇਸ ਕਰ ਕੇ ਪਵਿੱਤ੍ਰ ਹਨ ਅਤੇ ਗੁਰਮੁਖਾਂ ਦੇ ਜਪਣ-ਜੋਗ ਹਨ। ਕਿਸੇ ਵਰਣਮਾਲਾ, ਜਾਂ ਇਹਨਾਂ ਚਾਰ ਹਰਫਾਂ ਦੀਆਂ ਸ਼ਕਲਾਂ ਦਾ ਵੀ ਖ਼ਿਆਲ ਲਿਖਣ ਵਾਲੇ ਦੇ ਮਨ ਵਿੱਚ ਮੂਲੋਂ ਨਹੀਂ ਸੀ। ਪਰ ਪਿੱਛੋਂ ਪੜ੍ਹਨ ਵਾਲੇ ਕਿਸੇ ਸਿਖ ਨੇ ਡੂੰਘੀ ਗੱਲ ਨੂੰ ਨਾ ਸਮਝ ਕੇ ਲੇਖਕ ਦੇ ਮਤਲਬ ਦੇ ਉਲਟ 'ਗੁਰਮੁਖੀ' ਨਾਮ ਇਕ ਵਰਣਮਾਲਾ ਨੂੰ ਦੇ ਦਿੱਤਾ। ਅਤੇ ਇਸ ਕਰ ਕੇ ਜੋ ਗੁਰੂ ਅੰਗਦ ਜੀ ਦੇ 'ਬਾਲਬੋਧ' ਲਿਖਣ ਦੀ ਰਵਾਇਤ ਚਲੀ ਆਉਂਦੀ ਸੀ, ਗੁਰਮੁਖੀ ਨਾਮ ਉਸ ਬਾਲਬੋਧ ਵਾਲੇ ਅੱਖਰਾਂ ਨਾਲ ਜੁੜ ਕੇ, ਉਸ ਵਿੱਚ ਦਿੱਤੀ ਪੈਂਤੀ ਦਾ ਨਾਮ 'ਗੁਰਮੁਖੀ ਪੈਂਤੀ' ਬਣ ਗਿਆ ਅਤੇ 'ਗੁਰਮੁਖੀ ਅੱਖਰ' ਬਣਾਨ ਵਾਲੇ ਗੁਰੂ ਅੰਗਦ ਦੇਵ ਜੀ ਬਣ ਗਏ।

'ਵਾਹਿਗੁਰੂ' ਨਾਮ ਨਿਰੰਕਾਰ ਵਾਸਤੇ ਗੁਰੂ ਨਾਨਕ ਸਾਹਿਬ ਨੇ ਨਹੀਂ ਵਰਤਿਆ, ਗੁਰੂ ਅੰਗਦ ਦੇਵ ਜੀ ਨੇ ਨਹੀਂ ਵਰਤਿਆ, ਅਤੇ ਨਾ ਗੁਰੂ ਅਮਰਦਾਸ ਜੀ ਨੇ ਹੀ ਵਰਤਿਆ ਹੈ। ਗੁਰੂ ਰਾਮਦਾਸ ਜੀ ਦੇ ਇਕ ਸ਼ਬਦ ਵਿੱਚ ਇਹ ਨਾਮ ਪਹਿਲੀ ਵਾਰ ਆਇਆ ਹੈ। ਗੁਰੂ ਗਰੰਥ ਸਾਹਿਬ ਵਿੱਚ 'ਵਾਹਿਗੁਰੂ' ਲਫ਼ਜ਼ ਦੀ ਵਰਤੋਂ ਬਹੁਤ ਘੱਟ, ਸ਼ਾਇਦ ਹੀ ਕਿਤੇ ਹੋਰਥੇ ਵਰਤਿਆ ਹੋਇਆ ਹੋਵੇ। ਕਿਹਾ ਜਾਂਦਾ ਹੈ ਕਿ ਗੁਰੂ ਗਰੰਥ ਸਾਹਿਬ ਦੀ ਬੀੜ ਬੱਝ ਚੁਕਣ ਪਿੱਛੋਂ ਪਾਹੁਲ ਦੇਣ ਸਮੇਂ ਏਸੇ ਨਾਮ ਦਾ 'ਗੁਰ ਮੰਤਰ' ਕੰਨਾਂ ਵਿੱਚ ਦਿੱਤਾ ਜਾਂਦਾ ਸੀ, ਅਤੇ ਗੁਪਤ ਜਾਪ ਸਿੱਖ ਏਸੇ ਲਫ਼ਜ਼ ਦਾ ਕਰਦੇ ਸਨ। ਮਾਨੋਂ ਇਹ ਸਿੱਖਾਂ ਦਾ 'ਇਸਮੇ ਆਜ਼ਮ' ਸੀ। ਦਸਮ ਗਰੰਥ ਵਿੱਚ 'ਵਾਹਿਗੁਰੂ' ਨਾਮ ਦੀ ਵਰਤੋਂ ਆਮ ਹੈ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸੇ ਦੇ ਬੋਲਾਂ ਵਿੱਚ ਸ਼ਾਮਿਲ ਕਰ ਕੇ ਏਸ ਨਾਮ ਨੂੰ ਹੋਰ ਸਾਰੇ ਨਾਮਾਂ ਵਿੱਚੋਂ ਸ਼ਰੋਮਣੀ ਬਣਾ ਦਿੱਤਾ ਹੈ।

ਗੁਰਮੁਖੀ ਨਾਮ ਅੱਖਰਾਂ ਦਾ ਕਦੋਂ ਪਿਆ? 'ਜੁਗਾਵਲੀ' ਨਾਮ ਦੀ ਇਕ ਸਾਖੀ ਹੈ ਜੋ ਉਸ ਜਨਮ ਸਾਖੀ ਵਿੱਚ ਦਰਜ ਹੈ, ਜਿਸ ਨੂੰ 'ਪੁਰਾਤਨ' ਕਿਹਾ ਜਾਂਦਾ ਹੈ। ਉਸ ਸਾਖੀ ਵਿੱਚ 'ਜੁਗਾਵਲੀ' ਨੂੰ ਗੁਰੂ ਨਾਨਕ ਦੇਵ ਦੀ ਰਚੀ ਅਤੇ ਇਕ 'ਉਦਾਸੀ' ਸਿਖ ਝੰਡੇ ਬਾਢੀ ਦੀ ਲਿਖੀ ਕਿਹਾ ਹੈ, ਜੋ ਬਸ਼ਹਿਰ ਦਾ ਰਹਿਣ ਵਾਲਾ ਸੀ। ਇਸ ਵਿੱਚ 'ਬਾਣੀ ਬਿਹੰਗਮ' ਵਾਲਾ ਉੱਪਰ ਦਿੱਤਾ ਮਜ਼ਮੂਨ ਦੁਹਰਾਇਆ ਹੈ। ਪਰ ਸਾਖੀ ਲਿਖਣ ਵਾਲੇ ਨੇ ਭੁਲ-ਭੁਲੇਖੇ ਇਸ ਦੇ ਅੰਦਰ ਹੀ ਇਸ ਦੇ ਲਿਖੇ ਜਾਣ ਦਾ 'ਕਲਜੁਗੀ ਸੰਮਤ' ੪੭੩੫ ਦੇ ਦਿੱਤਾ ਹੈ, ਜਿਸ ਵਿਚੋਂ ੩੦੪੪ ਵਰ੍ਹੇ ਕੱਢਿਆਂ ਸੁਖੈਨ ਹੀ 'ਵਿਕ੍ਰਮੀ ਸੰਮਤ' ਬਣ ਜਾਂਦਾ ਹੈ। ਇਹ ਸੰਮਤ ੧੬੯੧ ਗੁਰੂ ਹਰਿ ਗੋਬਿੰਦ ਸਾਹਿਬ ਦੇ ਦੇਸ ਛੱਡ ਕੀਰਤ ਪੁਰ ਜਾ ਵੱਸਣ ਤੋਂ ਪਿੱਛੋਂ ਪੈਂਦਾ ਹੈ।

ਤਾਂ ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਅੰਗਦ ਦੇਵ ਜੀ ਦੇ 'ਗੁਰਮੁਖੀ ਅੱਖਰ ਬਣਾਣ ਦੀ ਰਵਾਇਤ ਇਸ ਤੋਂ ਕੁਝ ਪਹਿਲੇ ਆਖੋ ਗੁਰੂ ਅਰਜਨ ਦੇਵ ਜੀ ਦੇ ਛੇਕੜਲੇ ਵੇਲੇ ਟੁਰ ਪਈ ਸੀ।

# ੨੪

# ਗੁਰ-ਉਪਕਾਰ

ਸ਼ ਭਾਵੇਂ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਵਰਣਮਾਲਾ ਤਾਂ ਨਹੀਂ ਬਣਾਈ, ਅਤੇ ਨਾ ਉਸ ਵਿੱਚ ਕੋਈ ਵਾਧਾ ਘਾਟਾ ਕੀਤਾ, ਨਾ ਕਿਸੇ ਅੱਖਰ ਦੀ ਸ਼ਕਲ ਜਾਂ ਵਰਣਮਾਲਾ ਵਿੱਚ ਕਿਸੇ ਅੱਖਰ ਦੀ ਤਰਤੀਬ ਬਦਲੀ, ਅਤੇ ਨਾ ਇਸ ਵਰਣਮਾਲਾ ਨੂੰ 'ਗੁਰਮੁਖੀ' ਨਾਮ ਹੀ ਦਿੱਤਾ, ਪਰ ਇਕ ਗੱਲ ਗੁਰੂ ਸਾਹਿਬਾਨ ਨੇ ਇਸ ਲਿਪੀ ਵਾਸਤੇ ਜ਼ਰੂਰ ਕੀਤੀ। ਓਹ ਇਹ ਸੀ ਕਿ ਆਪਣੇ ਦੇਸ ਦੀ, ਆਪਣੀ ਕੌਮ ਦੀ, ਆਪਣੇ ਧਰਮ ਦੀ ਇਕ ਮਰਦੀ ਜਾਂਦੀ ਲਿਪੀ ਵਿੱਚ ਨਵੇਂ ਸਿਰੇ ਜਾਨ ਪਾ ਕੇ, ਉਸ ਨੂੰ ਦੂਜਾ ਜਨਮ ਦੇ ਕੇ ਮਰ ਜਾਣੋਂ ਬਚਾ ਲਿਆ। ਇਸ ਲਿਪੀ ਵਿੱਚ ਸੰਸਕ੍ਰਿਤ ਪੁਸਤਕ ਲਿਖੇ ਜਾਣੇ ਤਾਂ ਸਦੀਆਂ ਤੋਂ ਬੰਦ ਹੋ ਚੁਕੇ ਸਨ; ਮੁਸਲਮਾਨਾਂ ਦੇ ਆਉਣ ਪਿੱਛੋਂ ਸ਼ਾਇਦ ਹੀ ਕੋਈ ਨਵਾਂ ਸੰਸਕ੍ਰਿਤ ਪੁਸਤਕ ਇਸ ਲਿਪੀ ਵਿੱਚ ਲਿਖਿਆ ਗਿਆ ਹੋਵੇ, ਪਰ ਗੁਰੂ ਸਾਹਿਬਾਨ ਨੇ ਨਾ ਨਿਰਾ ਗੁਰਬਾਣੀ ਹੀ, ਸਗੋਂ ਹੋਰ ਸਾਧਾਂ ਸੰਤਾਂ, ਬਲਕਿ ਮੁਸਲਮਾਨ ਫ਼ਕੀਰਾਂ ਦੀ ਚੰਣਵੀਂ ਬਾਣੀ ਵੀ ਇਸ ਲਿਪੀ ਵਿੱਚ ਲਿਖ ਕੇ ਇਸ ਦੀ ਪੁਰਾਣੀ ਪਵਿੱਤਰਤਾ ਨੂੰ ਨਵੇਂ ਸਿਰੇ ਕਾਇਮ ਕਰ ਦਿੱਤਾ।

ਮੁਸਲਮਾਣ ਤਾਂ ਹਿੰਦੁਸਤਾਨ ਵਿੱਚ ਆਏ ਹੀ ਕੁਫ਼ਰ ਨੂੰ ਉਠਾਣ ਅਤੇ ਇਸਲਾਮ ਨੂੰ ਫੈਲਾਣ ਸਨ। ਹਿੰਦੂ ਧਰਮ, ਹਿੰਦੂ ਰਸਮ ਰਿਵਾਜ, ਹਿੰਦੂ ਸਭਿਅਤਾ, ਹਿੰਦੂ ਕਲਚਰ ਨੂੰ ਦੂਰ ਕਰਨਾ ਓਹਨਾਂ ਦਾ ਪ੍ਰਯੋਜਨ ਸੀ। ਹਰ ਫਿਰਕੇ ਦੇ ਫ਼ਕੀਰ, ਚਿਸ਼ਤੀ, ਸੁਹਰਾਵਰਦੀ, ਕਾਦਰੀ, ਕਲੰਦਰੀ, ਜੋ ਪੰਜਾਬ ਵਿੱਚ ਕੰਮ ਕਰ ਰਹੇ ਸਨ, ਸਭ ਆਪਣਾ ਪੂਰਾ ਪੂਰਾ ਜ਼ੋਰ ਹਿੰਦੂਆਂ ਨੂੰ ਮੁਸਲਮਾਣ ਬਣਾਣ ਲਈ ਲਗਾ ਰਹੇ ਸਨ ਅਤੇ ਹਰ ਤਰ੍ਹਾਂ ਦੇ ਤਰੀਕੇ ਤੇ ਢੰਗ ਆਪਣਾ ਮਤਲਬ ਹਾਸਿਲ ਕਰਨ ਲਈ ਵਰਤ ਰਹੇ ਸਨ। ਹਿੰਦੂਆਂ ਤੋਂ ਮੁਸਲਮਾਣ ਹੋਇਆਂ ਲਈ ਇਲਮ ਅਦਬ ਦੀ ਬੋਲੀ ਤਾਂ ਫ਼ਾਰਸੀ ਕਰਨੀ ਹੀ ਸੀ, ਆਮੀ ਦੀ ਬੋਲੀ ਓਹ ਛੁੜਾ ਜਾਂ ਬਦਲ ਨਹੀਂ ਸਨ ਸਕਦੇ, ਪਰ ਜੋ ਰਿਸਾਲੇ ਕਿਤਾਬਾਂ ਦੀਨ ਦੀ ਸਿੱਖਿਆ ਦੇਣ ਲਈ ਇਨ੍ਹਾਂ ਵਾਸਤੇ ਰਚੀਆਂ, ਉਨ੍ਹਾਂ ਨੂੰ ਫ਼ਾਰਸੀ ਹਰਫ਼ਾਂ ਵਿੱਚ ਲਿਖਿਆ। ਜਦ ਮੁਸਲਮਾਨ ਅਰਬਾਂ ਨੇ ਫ਼ਾਰਸ ਫ਼ਤਹ ਕੀਤਾ ਸੀ, ਤਦ ਵਿਸ਼ੇਸ਼ ਫ਼ਾਰਸੀ ਆਵਾਜ਼ਾਂ ਲਈ ਚਾਰ ਨਵੇਂ ਹਰਫ਼ ਆਪਣੀ ਅਰਬੀ ਵਰਣਮਾਲਾ ਵਿੱਚ ਵਧਾ ਦਿੱਤੇ ਸਨ। ਹੁਣ ਉਸੇ ਵਰਣਮਾਲਾ ਜਾਂ 'ਹਰੂਫ਼ ਤਹੱਜੀ' ਵਿੱਚ ਤਾਲੂ ਦੀਆਂ ਤਿੰਨ ਆਵਾਜ਼ਾਂ چ ژ پ ਲਈ,



Sri Satguru Jagjit Singh Ji Elibrary NamdhariElibrary@gmail.com

ਅਤੇ ਇਕ ਦੋ ਚਸ਼ਮੀ 'ਹੇ', ਇਹ ਚਾਰ ਹਰਫ਼* ਨਵੇਂ ਹਿੰਦੀ ਲਫ਼ਜ਼ਾਂ ਲਈ ਵਧਾਏ। ਜਿੱਥੇ ਕਿਤੇ ਜੋਗੀ ਸਾਧੂ ਦੀ ਪੂਜਾ ਦਾ ਸਥਾਨ ਸੀ ਅਤੇ ਲੋਕਾਂ ਤੋਂ ਉਥੇ ਪੂਜਾ ਦੀ ਗੱਲ ਛੁਡਾ ਨਾ ਸਕੇ, ਉਸ ਨੂੰ ਮੁਸਲਮਾਣੀ ਨਾਮ ਦੇ ਕੇ ਕਿਸੇ 'ਪੀਰ' ਦਾ ਸਥਾਨ ਬਣਾ ਦਿੱਤਾ। ਆਮੀ ਵਿੱਚ ਪ੍ਰਚੱਲਤ ਕਿੱਸੇ ਕਹਾਣੀਆਂ ਤਕ ਨੂੰ ਵੀ ਬਦਲ ਕੇ ਮੁਸਲਮਾਣੀ ਨਾਮ ਤੇ ਸ਼ਕਲ ਦੇ ਦਿੱਤੀ। ਅਤੇ ਇਹ ਸਭ ਕਿੱਸੇ ਕਹਾਣੀਆ ਵੀ ਫ਼ਾਰਸੀ ਹਰਫ਼ਾਂ ਵਿੱਚ ਲਿਖੇ ਗਏ। 'ਹਿੰਦੀ' ਅੱਖਰਾਂ ਦਾ ਪੜ੍ਹਨਾ ਲਿਖਣਾ ਅਸਲੋਂ ਬੰਦ ਹੋ ਗਿਆ ਐਥੋਂ ਤਕ ਕਿ ਖ਼ੁਦ ਹਿੰਦੂ ਸਿੱਖ ਸਾਧੂਆਂ ਨੇ ਆਪਣੀ ਧਾਰਮਕ ਰਚਨਾਂ ਨੂੰ ਫ਼ਾਰਸੀ ਹਰਫ਼ਾਂ ਵਿੱਚ, ਜਿਨ੍ਹਾਂ ਨੂੰ ਓਹ 'ਤੋਰਕੀ' (ਮਤਲਬ 'ਤੁਰਕੀ' ਜਾਂ ਮੁਸਲਮਾਣੀ, 'ਹਿੰਦੀ' ਦੇ ਮੁਕਾਬਲੇ ਵਿੱਚ) ਆਖਦੇ ਸਨ, ਲਿਖਣਾ ਸ਼ੁਰੂ ਕਰ ਦਿੱਤਾ। ਇਕ ਬੜੀ ਪ੍ਰਸਿੱਧ ਰਚਨਾ, ਰਤਨਮਾਲਾ, ਗੁਰੂ ਗਰੰਥ ਸਾਹਿਬ ਦੇ ਪੁਰਾਣੇ ਕਲਮੀ ਨੁਸਖ਼ਿਆਂ ਦੇ ਪਿੱਛੇ ਲਿਖੀ ਹੋਈ ਮਿਲਦੀ ਹੈ। ਇਹ ਪਹਿਲੇ ਫ਼ਾਰਸੀ ਹਰਫ਼ਾਂ ਵਿੱਚ ਹੁੰਦੀ ਸੀ। ਇਸ 'ਰਤਨਮਾਲਾ' ਦੇ ਪਿੱਛੇ ਇਹ ਟੂਕ ਜਾਂ Colophon ਦਿੱਤੀ ਹੁੰਦੀ ਹੈ।

"ਸੁਧ ਉਤਾਰ ਕੀਤਾ ਰਤਨਮਾਲਾ ਕਾ, ਅੱਖਰੀਂ ਤੋਰਕੀ ਸੀ, ਭੀ ਅੱਖਰੀਂ ਗੁਰਮੁਖੀ ਲਿਖਿ।"

ਕਰਤਾਰਪੁਰ (ਜਾਲੰਧਰ) ਵਾਲੀ ਪ੍ਰਾਚੀਨ ਬੀੜ ਦੇ ਅੰਦਰ ਪੰਨੇ ੯੬੩ ਦੇ ਸਾਮ੍ਹਣੇ ਵਾਲੇ ਸਫ਼ੇ ਪੁਰ ਇਹ ਰਤਨਮਾਲਾ 'ਤੋਰਕੀ' ਅੱਖਰਾਂ ਵਿੱਚ ਹੀ ਦੇਣੀ ਚਾਹੀ ਸੀ, ਪਰ ਅਰੰਭ ਕਰ ਕੇ ਅਤੇ ਇਹ ਲਫ਼ਜ਼ ਲਿਖ ਕੇ : ਪ੍ਰਾਣ ਸੰਗਲੀ ਮਹਲਾ ੧

پران سنگلی محلہ ۱

ਫੇਰ ਛੱਡ ਦਿੱਤੀ ਹੈ ਅਤੇ ਵਰਕਾ ਕੋਰਾ ਹੀ ਰਹਿਣ ਦਿੱਤਾ ਹੈ। 'ਪ੍ਰਾਣ ਸੰਗਲੀ', ਇਕ ਵੱਡੇ ਸਾਰੇ ਗਰੰਥ, ਬਾਬਤ ਲਿਖਿਆ ਮਿਲਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਇਹ ਗਰੰਥ 'ਤੋਰਕੀ' ਅੱਖਰਾਂ ਵਿੱਚ ਹੀ ਲਿਖ ਕੇ ਸੰਗਲਾਦੀਪ ਦੇ ਰਾਜੇ ਸ਼ਿਵਨਾਭ ਪਾਸ ਛੱਡਿਆ। ਜਿਸਦਾ ਮਤਲਬ ਇਹ ਹੋਵੇਗਾ ਕਿ ਗੁਰੂ ਨਾਨਕ ਸਾਹਿਬ ਆਪਣੀ ਰਚਨਾ ਵੀ 'ਤੋਰਕੀ' ਵਿੱਚ ਲਿਖਿਆ ਕਰਦੇ ਸਨ। ਇਹ ਤਾਂ ਹੋ ਸਕਦਾ ਹੈ ਕਿ ਆਪਣੀ ਫ਼ਾਰਸੀ ਬੋਲੀ ਦੀ ਰਚਨਾ ਦੇ ਦੋ ਇਕ ਸ਼ਬਦ :

'ਯਕ ਅਰਜ ਗੁਫ਼ਤਮ ਪੇਸ਼ੇ ਤੋ...

ਉਨ੍ਹਾਂ ਨੇ ਪਹਿਲੇ ਤੋਰਕੀ ਭਾਵ ਫ਼ਾਰਸੀ ਅੱਖਰਾਂ ਵਿੱਚ ਹੀ ਲਿਖੇ ਹੋਣ, ਪਰ ਬਾਕੀ ਬਾਣੀ ਲਈ ਇਹ ਗੱਲ ਮੰਨਣੀ ਜ਼ਰਾ ਔਖੀ ਹੈ। ਉਨ੍ਹਾਂ ਨੇ ਆਪਣੇ ਵਾਕਾਂ ਵਿੱਚ ਇਸ ਗੱਲ ਦੀ ਪੁਰ ਜ਼ੋਰ ਤਰਦੀਦ ਕੀਤੀ ਹੈ। ਕਹਿੰਦੇ ਹਨ :—

"ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥"

(ਧਨਾਸਰੀ ਮਹਲਾ ੧)

ਪੰਜਾਬ ਵਿੱਚ ਪੜ੍ਹਿਆ ਲਿਖਿਆ ਹਿੰਦੂ ਤਬਕਾ ਇਨ੍ਹਾਂ ਖਤਰੀਆਂ ਦਾ ਹੀ ਸੀ, ਜਿਨ੍ਹਾਂ ਨੇ

* گ ژ چ پ ਫ਼ਾਰਸੀ ਹਰਫ਼ ਵਧਾਏ ਅਤੇ ھ ڑ ڈ ٹ ਹਿੰਦੀ ਹਰਫ਼ ਵਧਾਏ।

ਨੌਕਰੀਆਂ ਦੀ ਖ਼ਾਤਰ ਆਪਣਾ ਇਲਮ ਛੱਡ ਕੇ ਫ਼ਾਰਸੀ ਪੜ੍ਹਨੀ ਲਿਖਣੀ ਸ਼ੁਰੂ ਕਰ ਦਿੱਤੀ ਸੀ, ਜਿਵੇਂ ਕਸ਼ਮੀਰ ਵਿੱਚ ਕਸ਼ਮੀਰੀ 'ਪੰਡਤਾਂ' ਨੇ ਅਤੇ ਹਿੰਦੁਸਤਾਨ ਵਿੱਚ ਕਾਯਥਾਂ ਨੇ। ਗੁਰੂ ਨਾਨਕ ਸਾਹਿਬ ਇਹ ਮਾੜੀ ਗੱਲ ਕਰਨ ਲਈ ਆਪਣੇ **ਭਰਾਵਾਂ ਪੁਰ** ਧਿਰਕਾਰ ਪਾ ਰਹੇ ਹਨ। ਗੁਰੂ ਸਾਹਿਬ ਦਾ ਦੇਸ਼-ਹਿਤ, ਕੌਮ-ਹਿਤ, ਅਤੇ **ਧਰਮ-ਹਿਤ, ਜੋ ਉਨ੍ਹਾਂ** ਦੇ ਲਫ਼ਜ਼ ਲਫ਼ਜ਼ ਤੋਂ ਨਜ਼ਰ ਆ ਰਿਹਾ ਹੈ, ਕਦੋਂ ਇਸ ਗੱਲ ਦੀ ਇਜਾਜ਼ਤ **ਦੇ ਸਕਦੇ ਸਨ,** ਕਿ ਓਹ ਆਪਣੀ ਪਵਿੱਤਰ ਬਾਣੀ ਗੁਰਮੁਖੀ ਭਾਸ਼ਾ ਵਿੱਚ ਕੀਤੀ ਹੋਈ, ਅਤੇ ਆਮ ਹਿੰਦੂਆਂ ਲਈ ਕੀਤੀ ਹੋਈ, 'ਤੁਰਕੀ' ਜਾਂ ਮਲੇਛਾਂ ਦੇ ਅੱਖਰਾਂ ਵਿੱਚ ਲਿਖਦੇ ਅਤੇ ਆਪਣੇ ਪਵਿੱਤਰ ਅੱਖਰਾਂ ਨੂੰ ਜੋ ਕਦੀਮ ਤੋਂ ਚਲੇ ਆਉਂਦੇ ਸਨ, ਮਰਨ ਦੇਂਦੇ, ਅਤੇ ਆਪਣੇ ਦੇਸ ਦੀ ਸਭਿਆਤਾ, ਆਪਣੀ ਹਿੰਦੁਤਵ ਦੇ, ਜਿਸ ਵਿੱਚ ਜੰਮ ਪਲ ਕੇ ਵੱਡੇ ਹੋਏ ਸਨ, ਅਤੇ ਆਪਣੀ ਕਲਚਰ ਨੂੰ ਨਸ਼ਟ ਕਰਨ ਦੇ ਭਾਗੀ ਬਣਦੇ। ਗੁਰੂ ਸਾਹਿਬ ਦਾ ਵੱਡਾ ਉਪਕਾਰ ਤਾਂ ਇਹੋ ਹੈ ਕਿ ਆਪਣੀ ਸਭਿਅਤਾ, ਆਪਣੀ ਹਿੰਦੁਤਵ ਨੂੰ, ਜੋ ਢਾਹ ਚਾਰ ਪੰਜ ਸੌ ਜਾਂ ਵਧੀਕ ਵਰ੍ਹਿਆਂ ਤੋਂ ਲਗੀ ਹੋਈ ਸੀ, ਜੋ ਬਾਬਾ ਫ਼ਰੀਦ ਤੋਂ ਅਰੰਭ ਹੋਕੇ, ਪੀਰ ਰੁਕਨੁਦੀਨ, ਮੀਆਂ ਮਿੱਠਾ ਆਦਿ ਫ਼ਕੀਰਾਂ ਦੇ ਪਿੱਛੇ ਬਾਹੂ, ਬਜੀਦ, ਸ਼ਾਹ ਹੁਸੈਨ, ਬੁਲ੍ਹਾ ਵਗੈਰਾ ਨੇ ਜਾਰੀ ਰੱਖੀ ਸੀ, ਉਸ ਦਾ ਮੁਕਾਬਲਾ ਕਰ ਕੇ ਉਸ ਨੂੰ ਠਰ੍ਹਾ ਪਾ ਦਿੱਤਾ। ਨਹੀਂ ਤਾਂ ਖਤਰੀ ਬ੍ਰਾਹਮਣ ਤਾਂ ਉਸ ਨੂੰ ਛਡ ਹੀ ਚੁਕੇ ਸਨ। ਜੇ ਗੁਰੂ ਸਾਹਿਬ ਉਸ ਵੇਲੇ ਆਪਣੇ ਦੇਸੀ ਅੱਖਰਾਂ ਦੀ ਸੰਭਾਲਨਾ ਨਾ ਕਰਦੇ ਤਦ ਅਜ ਤਕ ਓਹ ਦੂਰ ਹੋ ਗਏ ਹੁੰਦੇ, ਜਿਕੁਰ ਲੁਧਿਆਣੇ ਦੇ ਜ਼ਿਲੇ ਵਗੈਰਾ ਥਾਵਾਂ ਵਿੱਚ 'ਭਟਛਰੀ' ਮਰ ਚੁਕੀ ਹੈ। **ਅਫ਼ਸੋਸ ਹੈ** ਕਿ ਗੁਰੂ ਨਾਨਕ ਸਾਹਿਬ ਦੇ ਆਪਣੇ ਹੱਥਾਂ ਦੀ ਕੋਈ ਲਿਖਤ ਮੌਜੂਦ ਨਹੀਂ।

Sri Satguru Jagjit Singh Ji Elibrary NamdhariElibrary@gmail.com

# ੨੫

# ਗੁਰਮੁਖੀ ਲਿਖਤ ਸਤਾਰ੍ਹਵੀਂ ਸਦੀ ਤੋਂ ਹੁਣ ਤਕ

ਗੁਰੂ ਗਰੰਥ ਸਾਹਿਬ ਦੀ ਬੀੜ ਬੱਝੀ ਨੂੰ ਕੁਲ ਸਾਢੇ ਤਿੰਨ ਸੌ ਵਰ੍ਹਾ ਹੋਇਆ ਹੈ। ਕਰਤਾਰਪੁਰ (ਜਾਲੰਧਰ)ਵਾਲੀ ਪ੍ਰਾਚੀਨ ਬੀੜ ਦੀ ਲਿਖਤ ਦਾ ਨਮੂਨਾ ਪਲੇਟ ਨੰ: XXXVI ਵਿੱਚ ਦਿੱਤਾ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਕਤ ਦੀਆਂ ਬਹੁਤ ਸਾਰੀਆਂ ਬੀੜਾਂ ਵੇਖਣ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਵਿੱਚ ਕੁਝ ਅੱਖਰਾਂ ਦੀਆਂ ਸ਼ਕਲਾਂ ਅਤੇ ਹਿੰਦਸਿਆਂ ਦੇ ਰੂਪ ਅਜ ਕਲ੍ਹ ਨਾਲੋਂ ਫ਼ਰਕ ਸਿਰ ਹੁੰਦੇ ਸਨ। ਪਲੇਟ ਨੰ: XXXVII ਵਿੱਚ ਇਹ ਫ਼ਰਕ ਵਿਖਾਏ ਗਏ ਹਨ। ਅਠ੍ਹਾਰਵੀਂ ਸਦੀ ਈਸਵੀ ਦੇ ਪਹਿਲੇ ਅੱਧ ਵਿੱਚ ਬਹੁਤ ਬੀੜਾਂ ਨਹੀਂ ਲਿਖੀਆਂ ਗਈਆਂ ਅਤੇ ਨਾ ਕੋਈ ਹੋਰ ਅਜਿਹੀਆਂ ਗੁਰਮੁਖੀ ਪੋਥੀਆਂ, ਪੁਸਤਕਾਂ ਹੀ। ਉਸ ਤੋਂ ਪਿਛੋਂ ਦੀਆਂ ਲਿਖੀਆਂ ਗੁਰਮੁਖੀ ਦੀਆਂ ਕਿਤਾਬਾਂ ਵਿੱਚ, ਲਿਖਤ ਵਿੱਚ ਫ਼ਰਕ ਆ ਗਿਆ ਦਿਸਦਾ ਹੈ। ਜੋ ਲਿਖਤ ਉਸ ਵੇਲੇ ਵਰਤੀ ਗਈ, ਓਹੋ ਉਨ੍ਹੀਵੀਂ ਸਦੀ ਦੇ ਛੇਕੜਲੇ ਪਾਦ ਤਕ ਚਲੀ ਆਈ, ਜਦ ਕਿ ਪੱਥਰ ਦੇ ਛਾਪੇ ਖ਼ਾਨੇ ਚਲ ਪਏ।

ਟਾਈਪ ਦੇ ਛਾਪੇ ਖ਼ਾਨਿਆਂ ਦੇ ਆਉਣ ਨਾਲ ਲਿਖਤ ਵਿੱਚ ਫ਼ਰਕ ਫੇਰ ਪਿਆ। ਗੁਰਮੁਖੀ ਅੱਖਰਾਂ ਵਿੱਚ ਛਪੀਆਂ ਬਾਈਬਲਾਂ ਦਾ ਟਾਇਪ ਲਿਖਤ ਨਾਲੋਂ ਚੋਖਾ ਵੱਖਰਾ ਦਿਸਦਾ ਹੈ। ਉਸ ਤੋਂ ਪਿੱਛੋਂ ਟਾਈਪ ਵਿੱਚ ਵੀ ਫ਼ਰਕ ਪਿਆ ਅਤੇ ਅੱਖਰ ਨਵੀਂ ਸ਼ਕਲ ਵਿੱਚ ਡਾਢੇ ਸੁਡੌਲ ਤੇ ਸੁੰਦਰ ਬਣ ਗਏ। ਪਰ ਇਹ ਫ਼ਰਕ ਓਪਰੀ ਨਜ਼ਰੇ ਦਿਸਦੇ ਹਨ, ਕਿਸੇ ਅੱਖਰ ਦੇ ਚਿਹਨ-ਚੱਕਰ ਵਿੱਚ ਫ਼ਰਕ ਨਹੀਂ ਆਇਆ, ਕੇਵਲ ਬਾਹਰਲਾ ਭੇਖ ਬਦਲ ਗਿਆ ਹੈ। ਇਨ੍ਹਾਂ ਲਿਖਤਾਂ ਦੇ ਨਮੂਨੇ ਦੇਣ ਦਾ ਕੁਝ ਲਾਭ ਨਹੀਂ ਓਹ ਸਾਡੇ ਮਜ਼ਮੂਨ ਪੁਰ ਕੋਈ ਨਵਾਂ ਚਾਨਣ ਨਹੀਂ ਪਾਂਦੀਆਂ।



Sri Satguru Jagjit Singh Ji Elibrary NamdhariElibrary@gmail.com

# ੨੬

# ਗੁਰਮੁਖੀ ਵਰਣਮਾਲਾ ਦਾ ਉਧਾਰ

ਗੁਰੂ ਸਾਹਿਬਾਨ ਨੇ ਤਾਂ ਆਪਣੇ ਦੇਸ ਦੀ ਲਿਪੀ ਨੂੰ ਮਰਨ ਤੋਂ ਬਚਾ ਲਿਆ, ਪਰ ਇਹ ਅੱਖਰ ਓਹਨਾਂ ਦੇ ਵੇਲੇ ਦੀ ਹੀ ਦੇਸੀ ਬੋਲੀ ਦੇ ਲਿਖਣ ਲਈ ਕੰਮ ਦੇ ਸਕਦੇ ਸਨ। ਦੇਸੀ ਬੋਲੀ ਜਿਉਂਦੀ ਹੈ, ਦੇਸ ਵਿੱਚ ਬੋਲੀ ਜਾਂਦੀ ਹੈ, ਉਸ ਵਿੱਚ ਨਵੀਆਂ ਕਿਤਾਬਾਂ ਲਿਖੀਆਂ ਜਾਂਦੀਆਂ ਹਨ, ਉਸ ਵਿੱਚ ਕਾਰ-ਵਿਹਾਰ ਹੁੰਦਾ ਹੈ। ਇਸ ਲਈ ਓਹ ਵਧ ਰਹੀ ਹੈ, ਉਸ ਦਾ ਕੋਸ਼, ਖਫਣ ਵਿੱਚ ਸੀਤਾ ਨਹੀਂ ਗਿਆ; ਉਸ ਵਿੱਚ ਅਨੇਕਾਂ ਨਵੇਂ ਨਵੇਂ ਸ਼ਬਦ ਕਈ ਬੋਲੀਆਂ ਅਤੇ ਪਾਸਿਆਂ ਤੋਂ ਆ ਕੇ ਉਸ ਦਾ ਭੰਡਾਰ ਭਰਪੂਰ ਹੁੰਦਾ ਜਾਂਦਾ ਹੈ। ਇਸ ਨਵੀਨ ਪੰਜਾਬੀ ਬੋਲੀ ਲਈ ਗੁਰਮੁਖੀ ਵਰਣਮਾਲਾ ਵਿੱਚ ਕੁਝ ਅੱਖਰ ਤੇ ਸਵਰ-ਚਿੰਨ੍ਹ ਵਧਾਣ ਦੀ ਲੋੜ ਭਾਸ ਰਹੀ ਹੈ; ਅਤੇ ਜੇਕਰ ਇਹ ਲਿਪੀ ਪੰਜਾਬ ਵਿੱਚ ਹਿੰਦੀ ਭਾਸ਼ਾ ਅਤੇ ਸੰਸਕ੍ਰਿਤ ਦੇ ਲਿਖਣ ਲਈ ਵਰਤਣੀ ਹੋਵੇ ਤਾਂ ਇਹ ਲੋੜ ਹੋਰ ਵੀ ਵਧ ਜਾਂਦੀ ਹੈ। ਅਸੀਂ ਉੱਪਰ ਇਹਨਾਂ ਗੱਲਾਂ ਵਲ ਇਸ਼ਾਰੇ ਕਰਦੇ ਆਏ ਹਾਂ। ਕੋਈ ਭੀ ਵਰਣਮਾਲਾ, ਭਾਵੇਂ ਕਿਸੇ ਬੋਲੀ ਲਈ ਬਣਾਈ ਗਈ ਹੋਵੇ, ਜੇਕਰ ਬੋਲੀ ਜਿੰਦਾ ਹੈ, ਤਦ ਬਹੁਤ ਚਿਰ ਤਕ ਬਿਨਾਂ ਵਧਾਏ ਘਟਾਏ ਦੇ ਪੂਰੀ ਤਰ੍ਹਾਂ ਕੰਮ ਨਹੀਂ ਦੇ ਸਕਦੀ।

ਗੁਰਮੁਖੀ ਅੱਖਰ, ਜਿਵੇਂ ਕਿ ਉਹ ਚਲੇ ਆਉਂਦੇ ਹਨ, ਪੁਰਾਣੇ ਸਮੇਂ ਦੀ ਪੰਜਾਬੀ ਲਿਖਣ ਲਈ ਬਹੁਤ ਮੁਨਾਸਿਬ ਸਨ, ਕਿਉਂਕਿ ਇਸ ਬੋਲੀ ਦੇ ਲਿਖਣ ਲਈ ਢਾਲ ਲਏ ਗਏ ਸਨ। ਇਹ ਅੱਖਰ, ਲਿਖਣ ਵਿੱਚ ਨਾਗਰੀ ਅੱਖਰਾਂ ਨਾਲੋਂ ਜਲਦੀ ਲਿਖੇ ਜਾਣ ਵਾਲੇ ਹਨ, ਅਤੇ ਐਸੇ ਹਨ ਕਿ ਲਿਖੇ ਹੋਏ ਅੱਖਰਾਂ ਦੇ ਪੜ੍ਹਨ ਵਿੱਚ ਭੁਲੇਖਾ ਘਟ ਪੈਂਦਾ ਹੈ। ਇਕ ਵੇਦ-ਮੰਤਰ ਵਿੱਚ ਲਫ਼ਜ਼ 'ਅਗ੍ਰੇ' ਨੂੰ अग्रे ਪੜ੍ਹ ਕੇ ਵਿਧਵਾ ਦੇ ਮ੍ਰਿਤ ਪਤੀ ਨਾਲ ਚਿਤਾ ਉੱਤੇ ਸੜ ਮਰਨ ਦੀ ਰੀਤ ਚਲਾਈ ਗਈ ਸੀ। ਗੁਰਮੁਖੀ ਦੇ ੧੪ ਅੱਖਰ ਕਲਮ ਨੂੰ ਚੁੱਕੇ ਬਿਨਾਂ ਲਿਖੇ ਜਾਂਦੇ ਹਨ; ੧੩ ਦੇ ਲਿਖਣ ਵਿੱਚ ਕਲਮ ਇਕ ਵਾਰੀ ਚੁੱਕਣੀ ਹੁੰਦੀ ਹੈ। ਇਕ 'ਲ' ਅੱਖਰ ਹੈ, ਜਿਸ ਦੇ ਲਿਖਣ ਵਿੱਚ ਕਲਮ ਕਈ ਵਾਰ ਚੁੱਕਣੀ ਪੈਂਦੀ ਹੈ, ਇਸ ਦੀ ਪੁਰਾਣੀ ਸ਼ਕਲ ਵਧੀਕ ਜਲਦੀ ਲਿਖੀ ਜਾ ਸਕਦੀ ਸੀ। ਰੋਮਨ ਅੱਖਰਾਂ ਨੂੰ ਇਤਨਾ ਸੁਖੇਨ ਬਣਾ ਲਿਆ ਗਿਆ ਹੈ ਕਿ ਸਾਰਾ ਲਫ਼ਜ਼ ਕਲਮ ਚੁੱਕੇ ਬਿਨਾਂ ਲਿਖਦੇ ਹਨ। 'ਹੁਕਮਨਾਮਿਆਂ' ਤੇ 'ਨੀਸਾਣਾਂ' ਤੋਂ ਦਿਸਦਾ ਹੈ ਕਿ ਛੇਤੀ ਨਾਲ ਲਿਖਣ ਵਾਸਤੇ ਇਨ੍ਹਾਂ ਅੱਖਰਾਂ ਨੂੰ ਹੋਰ ਵੀ ਸਰਲ ਕਰ ਲਿਆ ਜਾਂਦਾ ਸੀ, ਅਤੇ 'ਮ', 'ਸ' ਤੇ 'ਹ' ਦੇ ਲਿਖਣ ਲਈ ਇਨ੍ਹਾਂ ਅੱਖਰਾਂ ਦੀਆਂ ਪੁਰਾਣੀਆਂ ਸ਼ਕਲਾਂ ਵਰਤ ਲਈਆਂ ਜਾਂਦੀਆਂ ਸਨ।



Sri Satguru Jagjit Singh Ji Elibrary NamdhariElibrary@gmail.com

'ਹਿੰਦੀ' ਤੇ ਸੰਸਕ੍ਰਿਤ ਦੀਆਂ ਆਵਾਜ਼ਾਂ, ਜੋ ਨਾਗਰੀ ਦੇ 'ਥ'; 'ਝ' (ਨ੍ਹ); 'ਫ'; 'ਥ'; 'ਸ' ਅੱਖਰਾਂ ਨਾਲ ਵਿਖਾਈਆਂ ਜਾਂਦੀਆਂ ਹਨ, ਓਨ੍ਹਾਂ ਲਈ ਕੋਈ ਚਿੰਨ੍ਹ ਬਣਾਣੇ ਪੈਣਗੇ, ਕਿਉਂ ਜੁ ਗੁਰਮੁਖੀ ਦੇ ਘ, ਝ, ਢ, ਧ, ਤੇ ਭ, ਹੋਰ ਆਵਾਜ਼ਾਂ ਲਈ ਮੁਕਰਰ ਹੋ ਚੁਕੇ ਹਨ, ਜੋ ਹਿੰਦੀ ਤੇ ਸੰਸਕ੍ਰਿਤ ਵਾਲੇ ਬੁਲਾ ਵੀ ਨਹੀਂ ਸਕਦੇ। ਗੁਰਮੁਖੀ ਅੱਖਰਾਂ ਦਾ ਉਚਾਰਣ, ਟਾਕਰੇ ਦੇ ਨਾਗਰੀ ਅੱਖਰਾਂ ਨਾਲੋਂ ਨਰਮ ਹੈ।

ਸੰਸਕ੍ਰਿਤ ਲਈ ਸ਼, ਥ, ਕਸ਼, ਸ਼, ਚਿੰਨ੍ਹ ਬਣਾਣੇ ਵੀ ਜ਼ਰੂਰੀ ਹਨ, ਜਾਂ ਇਹੋ ਰੱਖੇ ਜਾ ਸਕਦੇ ਹਨ।

ਕਿਸੇ ਵਿਅੰਜਨ ਅੱਖਰ ਦੇ ਪਹਿਲੇ ਤੇ ਪਿੱਛੇ 'ਹ', 'ਰ', ਤੇ 'ਯ', ਸੰਜੁਕਤ ਕਰਨ (ligature) ਲਈ ਚਿੰਨ੍ਹਾਂ ਦੀ ਵੀ ਲੋੜ ਹੈ, ਜੋ ਨਾਗਰੀ ਵਾਲੇ ਹੀ ਹੋ ਸਕਦੇ ਹਨ। ਦੋ ਵਿਅੰਜਨਾਂ ਨੂੰ ਜੋੜਨ ਲਈ ਉਨ੍ਹਾਂ ਦੇ ਉੱਪਰ ਕੋਈ ਚਿੰਨ੍ਹ ਬ੍ਰੈਕਟ ਦਾ, ਜਿਵੇਂ ਕ-ਖ ( =ਕਖ ) ਨੀਯਤ ਕਰਨਾ ਹੋਵੇਗਾ, ਕਿਉਂ ਜੋ ਗੁਰਮੁਖੀ ਅੱਖਰ ਇਸ ਕੰਮ ਜੋਗੇ ਠੀਕ ਨਹੀਂ। ਇਸ ਲਿਗੇਚਰ ਜਾਂ ਆਖੋ ਗੰਢ ਦੀ ਲੋੜ ਇਸ ਕਰ ਕੇ ਪਈ ਹੈ ਕਿ ਹਿੰਦ ਦੀਆਂ ਲਿਪੀਆਂ ਵਿੱਚ ਯੂਨਾਨੀ ਜਾਂ ਅੰਗਰੇਜ਼ੀ ਵਾਂਗ ਵੱਖਰੇ ਸਵਰ ਅੱਖਰ ਨਹੀਂ ਹਨ। ਙ, ਞ, ਣ, ਅਨੁਨਾਸਿਕ ਅੱਖਰ, ਜੋ ਪੰਜਾਬੀ ਲਈ ਛੱਡੇ ਜਾ ਸਕਦੇ ਸਨ, ਹਿੰਦੀ ਤੇ ਸੰਸਕ੍ਰਿਤ ਦੇ ਲਿਖਣ ਲਈ ਰੱਖਣੇ ਪੈਣਗੇ।

ਫ਼ਾਰਸੀ ਅਰਬੀ ਦੇ ਲਫ਼ਜ਼ਾਂ ਦੇ ਲਿਖਣ ਲਈ ਇਨ੍ਹਾਂ ਹਰਫ਼ਾਂ ਵਾਸਤੇ ਤਾਂ :—

خ - ز - غ - ف - ک

ਚਿੰਨ ਜ਼ਰੂਰ ਹੀ ਬਣਾਣੇ ਪੈਣਗੇ, ਅਤੇ ਉੱਚੀ ਵਿੱਦਿਆ ਤੇ ਵਿਗਿਆਨਕ ਪੁਸਤਕਾਂ ਵਾਸਤੇ, ਅਸੀਂ ਇਹਨਾਂ ਹਰਫ਼ਾਂ :—

ث - ح - ذ - ص - ض - ط - ظ - ق - ع

ਦੇ ਮੁਕਾਬਲੇ ਦੇ ਚਿੰਨ੍ਹ ਬਣਾਣੇ ਵੀ ਨਹੀਂ ਛੁਟ ਸਕਦੇ। ਇਜ਼ਾਫ਼ਤ ਦੇ ਕਸਰੇ ਲਈ ਵੀ ਕੋਈ ਚਿੰਨ੍ਹ ਚਾਹੀਏ, ਕਿਉਂ ਜੋ ਸਿਆਰੀ ' ਿ' ਜਾਂ ਲਾਂ ' ੇ' ਕਾਫ਼ੀ ਨਹੀਂ।

ਅੰਗਰੇਜ਼ੀ ਦੇ ਲਫ਼ਜ਼ਾਂ ਲਈ ਵਿਅੰਜਨ ਅੱਖਰ ਤਾਂ ਕਾਫ਼ੀ ਹਨ, ਪਰ ਇਹ ਸਵਰ ਚਿੰਨ੍ਹ ਚਾਹੀਦੇ ਹਨ :—

All; met; mare; mere; mire; mure; boy; not; ਵਿਸਰਾਮ ਆਦਿ ਚਿੰਨ੍ਹ (punctuation) ਸਾਰੇ ਦਾ ਸਾਰਾ ਅੰਗਰੇਜ਼ੀ ਕਿਤਾਬਾਂ ਤੋਂ ਲੈ ਲੈਣਾ ਹੋਵੇਗਾ।

ਸ਼ਾਇਦ ਕੁਝ ਹੋਰ ਚਿੰਨ੍ਹ ਵੀ ਸੁਝਾਏ ਜਾ ਸਕਣ। ਪਰ ਇਹ ਤਾਂ ਉਸ ਵੇਲੇ ਹੋਵੇਗਾ, ਜਦ ਕੋਈ ਵਿਦਵਾਨਾਂ ਦੀ ਸਭਾ ਗੁਰਮੁਖੀ ਵਰਣਮਾਲਾ ਦੇ ਉਧਾਰ ਦਾ ਕੰਮ ਆਪਣੇ ਹੱਥ ਲਵੇਗੀ।

Sri Satguru Jagjit Singh Ji Elibrary NamdhariElibrary@gmail.com

# ਖਿਲ ੧

## ਸ਼ੋਰਕੋਟ ਦੀਆਂ ਅੱਖਰਾਂ ਵਾਲੀਆਂ ਇੱਟਾਂ ਅਤੇ ਰਾਜਾ ਦੇਵਜਾਰੀਤ ਦਾ ਸਿੱਕਾ

ਪੰਜਾਬ ਵਿੱਚ ਸਭ ਤੋਂ ਉੱਚਾ ਥੇਹ ਸ਼ੋਰਕੋਟ ਦਾ ਹੈ, ਜੋ ਦੁਆਲੇ ਦੇ ਖੇਤਾਂ ਨਾਲੋਂ ਸੌ ਫੁਟ ਤੋਂ ਵਧੀਕ ਉੱਚਾ ਹੈ। ਥੇਹ ਦੀ ਏਡੀ ਉਚਾਈ ਦਸਦੀ ਹੈ ਕਿ ਇਹ ਸ਼ਹਿਰ ਬਹੁਤ ਹੀ ਪੁਰਾਣਾ ਹੈ। ਝਨਾਂ ਦੇ ਕੰਢੇ ਹਿੰਦੂ ਸਮਿਆਂ ਦੇ ਦੋ ਹੀ ਪੁਰਾਣੇ ਸ਼ਹਿਰ ਹਨ; ਚਨਿਓਟ ਤੇ ਸ਼ੋਰਕੋਟ। ਸ਼ੋਰਕੋਟ ਚਨਿਓਟ ਨਾਲੋਂ ਵੀ ਪੁਰਾਣਾ ਹੈ। ਸ਼ੋਰਕੋਟ ਕਈ ਵਾਰੀ ਉਜੜਿਆ ਤੇ ਫੇਰ ਵਸਿਆ। ਥੇਹ ਦੇ ਸਿਰ ਪੁਰ ਵੱਡੇ ਕੋਟ ਦੇ ਖੰਡਰ ਹਨ। ਜੈਨਰਲ ਕਨਿੰਘਮ ਏਥੇ ਪਹਿਲੀ ਵਾਰ ਸੰਨ ੧੮੫੩ ਵਿੱਚ ਆਏ ਸੀ। ਹੁਣ ਤਾਈਂ ਇਸ ਥੇਹ ਵਿੱਚ ਪੰਜਾਹ ਕੁ ਫੁਟ ਦੀ ਡੂੰਘਾਈ ਤਕ ਟੋਆ ਪੁਟਿਆ ਗਿਆ ਹੈ। ਪੁਰਾਣੇ ਬਾਦਸ਼ਾਹਾਂ ਦੇ ਸਿੱਕੇ ਅਤੇ ਅੱਖਰਾਂ ਵਾਲੀਆਂ ਖਾਸ ਸ਼ਕਲ ਦੀਆਂ ਵੱਡੀਆਂ ਇੱਟਾਂ, ਜਿਨ੍ਹਾਂ ਦਾ ਅਸੀਂ ਹੇਠਾਂ ਜ਼ਿਕਰ ਕਰਦੇ ਹਾਂ. ਉਪਰਲੇ ਥਰ ਜਾਂ ਸਤਹ ਵਿੱਚੋਂ ਹੀ ਮਿਲ ਗਈਆਂ ਸਨ।

ਪਲੇਟ ਨੰ: **XXXV** ਵਿੱਚ ਦੋ ਇੱਟਾਂ ਦੇ ਨਕਸ਼ੇ ਤੇ ਤਿੰਨ ਹੋਰ ਇੱਟਾਂ ਪੁਰ ਦੇ ਅੱਖਰ ਨਕਲ ਕੀਤੇ ਹਨ। ਇਨ੍ਹਾਂ ਅੱਖਰਾਂ ਵਿੱਚ ਤਾਰੀਖ਼ੀ ਮਸਾਲਾ ਤਾਂ ਕੁਝ ਨਹੀਂ, ਖ਼ਾਲੀ ਦੱਸਿਆ ਹੈ ਕਿ ਇੱਟ ਕਿੱਥੇ ਲਗਣੀ ਹੈ। ਪਰ ਅੱਖਰਾਂ ਦਾ ਹੋਣਾ ਇਨ੍ਹਾਂ ਇੱਟਾਂ ਦੀ ਗੌਰਵਤਾ ਸਾਡੇ ਲਈ ਬਹੁਤ ਵਧਾ ਦੇਂਦਾ ਹੈ। ਅੱਖਰਾਂ ਦੀ ਬਣਾਵਟ ਸੰਨ ੭੯ ਈਸਵੀ ਤੋਂ ਸੰਨ ੩੧੯ ਤਕ ਦੇ ਸਿਲਾ-ਲੇਖਾਂ ਵਰਗੀ ਹੈ।

ਪੰਜਾਂ ਇੱਟਾਂ ਦਾ ਵੇਰਵਾ ਇਸ ਤਰ੍ਹਾਂ ਪੁਰ ਹੈ :—

(ੳ)—ਇਹ ਇਕ ਵੱਡੀ ਇੱਟ, ਜਿਸ ਦੀ ਇਕ ਨੁੱਕਰ ਕੱਟੀ ਹੋਈ ਹੈ, ਸਾਢੇ ਤੇਰਾਂ ਇੰਚ ਲੰਮੀ, ਪੌਣੇ ਯਾਰ੍ਹਾਂ ਇੰਚ ਚੌੜੀ ਤੇ ਢਾਈ ਇੰਚ ਮੋਟੀ ਹੈ। ਲਿਖਤ ਤਿੰਨ ਪਾਲਾਂ ਵਿੱਚ ਇਉਂ ਹੈ :—

ਪਲ ੮ ਅ: ਚਤੁ

ਰਦਸਮਿਕਾ

ਅਰਥਾਤ, ਅੱਠਵੇਂ ਪਲ ਜਾਂ pan:l ਦੀ ਚੌਦਵੀਂ ਇੱਟ ਜਾਂ ਰਦਾਹ। 'ਪਲ' ਦਾ ਮਤਲਬ 'ਪਾਲ' ਜਾਂ ਰਦਾਹ ਵੀ ਹੋ ਸਕਦਾ ਹੈ।

(ਅ)—ਦੋ ਪਾਲਾਂ ਵਿੱਚ ਲਿਖਿਆ ਹੈ :—

ਦਕਸ਼ਿਨ ਪਸਚਿਮ ਕੂੰਡਲ



Sri Satguru Jagjit Singh Ji Elibrary NamdhariElibrary@gmail.com

ਵਡਕਾ ਚਤੁਰਥਿਕਮ

'ਵਡਕ' ਦਾ ਮਤਲਬ 'ਵੱਟ' ਤੋਂ ਹੈ, ਜਿਸ ਨੂੰ ਅਜ ਕਲ੍ਹ 'ਬੰਦ' ਆਖਦੇ ਹਨ । ਇਹ ਦੱਖਣ-ਪੱਛਮ ਦੀ ਨੁੱਕਰ ਦੇ ਬੁਰਜ ਦੀ ਇਕ ਇੱਟ ਸੀ ।

(ਦ)—ਇਹ ਇੱਟ, ਸਾਢੇ ਦਸ ਇੰਚ ਲੰਮੀ ਤੇ ਉਤਨੀ ਹੀ ਚੌੜੀ ਅਤੇ ਸਾਢੇ ਤਿੰਨ ਇੰਚ ਮੋਟੀ ਹੈ । ਤਿੰਨ ਪਾਲਾਂ ਵਿੱਚ ਇਹ ਲਿਖਿਆ ਹੈ :—

ਈਸ਼ਰੀ ਮਲਸਯ
ਕੁੰਡਲੇਕਾ
ਵਟਾ

ਅਰਥਾਤ, ਈਸ਼ਰੀ ਮਲ ਦੇ ਗੋਲ ਬੁਰਜ ਦੀ ਵੱਟ (ਲਈ ਇੱਟ)

(ਸ)—ਇਹ ਵੀ ਉੱਪਰਲੀ ਇੱਟ ਜਿੱਡੀ ਹੀ ਲੰਮੀ, ਚੌੜੀ ਤੇ ਮੋਟੀ ਹੈ । ਦੂਜੀ ਪਾਲ ਦੇ ਅੱਖਰ ਬਹੁਤ ਕੁਝ ਝਰੀਟੇ ਹੋਏ ਹਨ, ਪਰ ਪੰਜਵੀਂ ਇੱਟ ਨਾਲ ਮੁਕਾਬਲਾ ਕੀਤਿਆਂ ਪੜ੍ਹੇ ਜਾ ਸਕਦੇ ਹਨ । ਦੋ ਪਾਲਾਂ ਵਿੱਚ ਲਿਖਿਆ ਹੈ :—

ਅ: ਪਮ ਦੂ
ਸਪਤਤਿਕਾ

(ਹ)—ਇਹ ਵੀ ਇਕ ਵੱਡੀ ਇੱਟ ਹੈ, ਅਤੇ ਦੋ ਪਾਲਾਂ ਵਿੱਚ ਲਿਖਿਆ ਹੈ :

ਏ ਪਮ=ਦੂ
ਸਪਤਤਿਕਾ

ਅਰਥਾਤ ਬਹੱਤਰਵੀਂ ਪਮ ਅ: ਤੇ ਬਹੱਤਰਵੀਂ ਪਮ ਏ ।

'ਪਮ' ਕਿਸ ਨੂੰ ਆਖਦੇ ਸਨ, ਨਹੀਂ ਕਹਿ ਸਕਦੇ । ਸ਼ਾਇਦ ਕੋਈ ਕਾਰੀਗਰ ਰਾਜ ਦੱਸ ਸਕੇ ।

ਹਰਫ਼ਾਂ ਤੇ ਹਿੰਦਸਿਆਂ ਦੀਆਂ ਸ਼ਕਲਾਂ ਓਹ ਹਨ ਜੋ ਪਛੇਤਰੇ ਸਾਕਾਂ (Indo-Scythians) ਦੇ ਅਤੇ ਮੁੱਢਲੇ ਗੁਪਤ ਰਾਜਿਆਂ ਦੇ ਸਿਲਾ-ਲੇਖਾਂ ਵਿੱਚ ਵਰਤੀਆਂ ਗਈਆਂ ਹਨ, ਸੋ ਇਨ੍ਹਾਂ ਇੱਟਾਂ ਨੂੰ ਬਿਨਾਂ ਸੰਕੋਚ ਦੇ ਉਸੇ ਸਮੇਂ ਦੀਆਂ ਅਰਥਾਤ ੫੦ ਤੋਂ ੧੫੦ ਈਸਵੀ ਦੇ ਵਿੱਚ ਦੀਆਂ ਕਹਿ ਸਕਦੇ ਹਾਂ ।

ਏਸੇ ਤਰ੍ਹਾਂ ਕੱਲਰ ਕਹਾਰ ਤੋਂ ਤਿੰਨ ਮੀਲ ਲਹਿੰਦੇ ਵਲ ਪਿੰਡ ਮੋੜਾ ਵਿੱਚ ਇਕ ਚੌਨੁਕਰੀ ਬਾਉਲੀ ਹੈ, ਜਿਸ ਦੀਆਂ ਉੱਤਰ-ਚੜ੍ਹਦੇ ਤੇ ਲਹਿੰਦੇ ਦੀਆਂ ਮਣਾਂ ਪੁਰ ਸੰਮਤ ੫੮ ਦਾ ਲੇਖ ਹੈ, ਜਿਸ ਵਿੱਚ ਇਹ ਨਾਮ ਪੜ੍ਹੇ ਜਾ ਸਕਦੇ ਹਨ :—

ਸੁਪੂਛ, ਧੈਨਵਦਾਸ, ਅਪਦਲੋਚ ਅਤੇ ਨਨਯਪਾਲ ।

ਇਹਨਾਂ ਲੇਖਾਂ ਤੋਂ ਵੀ ਗੁਰਮੁਖੀ ਦੇ ਜਨਮ ਬਾਬਤ ਸਾਨੂੰ ਕੋਈ ਮਦਦ ਨਹੀਂ ਮਿਲਦੀ, ਕਿਉਂ ਜੁ ਇਹ ਬਹੁਤ ਪੁਰਾਣੇ ਹਨ ਅਤੇ ਪਿੱਛੇ ਗੁਪਤ ਲਿਪੀ ਤਕ ਅਪੜ ਜਾਂਦੇ ਹਨ ।


---

ਦਰਿਆ ਸਿੰਧ ਤੇ ਦਰਿਆ ਜੇਹਲਮ ਦੇ ਵਿਚਾਲੇ ਜੋ ਉੱਚੀ ਧਰਤੀ ਜਾਂ ਟੇਬਲ-ਲੈਂਡ ਹੈ, ਉਸ ਵਿੱਚ ਅੰਬ, ਮਲੋਟ, ਕਟਾਸ, ਜੋਗੀ ਟਿੱਲਾ, ਬਾਗਾਂ ਵਾਲਾ, ਪਿੰਡਾਂ ਵਿੱਚ ਪੁਰਾਣੇ ਹਿੰਦੂ ਮੰਦਰ ਬ੍ਰਾਹਮਣੀ ਮਤ ਦੇ ਹਨ । ਇਹ ਅਕਸਰ ਕਸ਼ਮੀਰੀ ਵਿਉਂਤ ਦੇ ਹਨ, ਕਿਉਂ ਜੋ ਇਹ ਦੇਸ, ਜਿਸ

ਨੂੰ 'ਟੱਕਾ' ਦੇਸ ਸੱਦਿਆ ਜਾਂਦਾ ਸੀ, ਛੇਵੀਂ ਸਦੀ ਤੋਂ ਨੌਵੀਂ ਦੇ ਅੰਤ ਤਕ ਕਸ਼ਮੀਰ ਦੇ ਮਾਤਹਿਤ ਸੀ। ਨਾਗ ਕੌਮ ਦੇ ਕਰਕੋਟਕ (ਕਰ੍ਕੋਟਕੋ ਨਾਮ ਨਾਗ) ਖ਼ਾਨਦਾਨ ਦਾ ਰਾਜ ਏਥੇ ਬਹੁਤ ਚਿਰ ਰਿਹਾ। 'ਟੱਕਾ' ਦੇ ਅਰਥ ਵੀ ਨਾਗ ਦੇ ਹਨ; 'ਤਕਸ਼' ਤੋਂ 'ਤੱਕ' ਅਤੇ 'ਤੱਕ' ਤੋਂ 'ਟੱਕ' ਜਾਂ 'ਟੱਕਾ' ਬਣਿਆ ਹੈ। ਇਨ੍ਹਾਂ ਮੰਦਰਾਂ ਵਿਚ ਜੋ ਵਿਰਲੀਆਂ ਲਿਖਤਾਂ ਹਨ, ਉਨ੍ਹਾਂ ਦੇ ਅੱਖਰ ਜੋ ਸਾਰਦਾ ਜਾਂ ਸਿਧ-ਮਾਤ੍ਰਿਕਾ ਦੇ ਹਨ, ਜਿਸ ਕਰ ਕੇ ਗੁਰਮੁਖੀ ਦੇ ਜਨਮ ਪੁਰ ਕੋਈ ਵਿਸ਼ੇਸ਼ ਚਾਨਣ ਨਹੀਂ ਪਾ ਸਕਦੇ।

———

ਪਰ ਪਲੇਟ ਨੰ: ੨੦ ਵਿੱਚ, ਸਿਰੇ ਤੇ ਅਸਾਂ ਇੱਕ ਸਿੱਕੇ ਦੀ ਸ਼ਕਲ ਅਤੇ ਉਸ ਦੇ ਉੱਪਰ ਉੱਕਰੀ (legend) ਜਾਂ ਲਿਖਤ ਵੱਖਰੀ ਕਰ ਕੇ ਦਿੱਤੀ ਹੈ। ਓਹ ਡਾਢੀ ਬਾਰੀਕ ਹੋਣ ਕਰਕੇ ਚੰਗੀ ਤਰ੍ਹਾਂ ਹਰੇਕ ਕੋਲੋਂ ਪੜ੍ਹੀ ਨਹੀਂ ਜਾ ਸਕਦੀ। ਉਸ ਨੂੰ ਮੋਟਾ ਕਰ ਕੇ ਅਸੀਂ ਹੇਠਾਂ ਦੇਂਦੇ ਹਾਂ। ਇਹ ਸਿੱਕਾ ਮੁਲਤਾਨ ਤੋਂ ਮਿਲਿਆ ਸੀ ਅਤੇ ਕੁਝ ਨੌਂੜੇ ਦੇ ਸਮੇਂ ਦਾ ਹੈ।



ਗੁਰਮੁਖੀ ਅੱਖਰਾਂ ਵਿੱਚ ਇਹ ਇਬਾਰਤ ਇਉਂ ਹੋਵੇਗੀ :—

ਸ੍ਰੀ ਹਿੰਦਿ ਚ ਏਰਣ ਚ ਪਰਮੇਸ੍ਵਰ
ਸ੍ਰੀ ਸ਼ਾਹਿ ਤਿਗਿਨ ਦੇਵਜਾਰੀਤਾਃ

(The fortunate king of Hind and Iran, Sri Shahi tigin Debjaritah.)

ਜਦ ਸਤਵੀਂ ਸਦੀ ਈਸਵੀ ਵਿੱਚ ਅਰਬਾਂ ਨੇ ਸੀਸਤਾਨ, ਖ਼ੁਰਾਸਾਨ ਅਤੇ ਤੁਰਕਿਸਤਾਨ ਫ਼ਤਹ ਕੀਤੇ ਹਨ ਤਦ ਹਿੰਦੁਸਤਾਨ ਦੇ ਪੱਛਮ ਵਿੱਚ ਤਿੰਨ ਹਿੰਦੂ ਰਾਜ ਸਨ, ਕਾਬੁਲਿਸਤਾਨ ਤੇ ਜਾਬੁਲਿਸਤਾਨ ਅਤੇ ਸਿੰਧ (ਤੇ ਕਰਮਾਨ)। ਕਾਬੁਲਿਸਤਾਨ ਤੇ ਜਾਬੁਲਿਸਤਾਨ ਦੇ ਰਾਜੇ ਇੱਕੋ ਖ਼ਾਨ-ਦਾਨ ਦੇ ਸਨ, ਜੋ ਕਨਿਸ਼ਕ ਦੀ ਔਲਾਦ ਵਿੱਚੋਂ ਹੋਣ ਦਾ ਦਾਅਵਾ ਰਖਦੇ ਸਨ। ਇਸ ਖ਼ਾਨਦਾਨ ਦਾ ਨਾਮ 'ਸ਼ਾਹੀ' ਸੀ। ਲਫ਼ਜ਼ ਸ਼ਾਹੀ ਦੇ ਹਿੱਜੇ ਛਾਹਿ (ਛਾਹਿ) ਜਾਂ '' ਕੀਤੇ ਹਨ। ਇਕ ਸ਼ਾਖ਼ ਇਸ ਖ਼ਾਨਦਾਨ ਦੀ ਅਟਕ ਦਰਿਆ ਦੇ ਕਿਨਾਰੇ ਉਸ ਥਾਂ ਰਹਿੰਦੀ ਸੀ, ਜਿੱਥੇ ਦਰਿਆ ਦੱਖਣ ਨੂੰ ਮੋੜਾ ਖਾਂਦਾ ਹੈ। ਇਸ ਦੇਸ ਨੂੰ 'ਛੱਚ' ਆਖਦੇ ਸਨ। ਹੋ ਸਕਦਾ ਹੈ ਕਿ ਲਫ਼ਜ਼ 'ਸਾਹਿ'* ਅਸਲ ਵਿੱਚ 'ਛਾਹਿ' ਹੋਵੇ ਅਰਥਾਤ 'ਛਾਹਿ', 'ਛਾਚੀ' ਦੀ ਹੀ ਦੂਜੀ ਸ਼ਕਲ ਹੈ। ਰਾਜ ਖ਼ਾਨਦਾਨ ਦੇ ਹੋਣ ਕਰ ਕੇ ਹੋਰ ਰਾਜਿਆਂ ਨਾਲ ਸਾਕ ਨਾਤੇ ਹੁੰਦੇ ਹੀ ਸਨ, ਸੋ ਨੇੜੇ ਤੇੜੇ ਦੀਆਂ ਰਿਆਸਤਾਂ ਬਜੌਰ, ਸਵਾਤ, ਬੁਨੇਰ, ਕਸ਼ਮੀਰ ਵਿੱਚ ਜਦ ਕੋਈ ਰਾਜਾ ਲਾਵਾਰਸ ਮਰ ਜਾਂਦਾ ਸੀ, ਤਦ ਏਸ

---

*ਖਤਰੀਆਂ ਦੀ ਜ਼ਾਤ ਵੀ ਸ਼ਾਹੀ ਹੈ, ਜੋ ਉੱਚੀਆਂ ਜ਼ਾਤਾਂ ਵਾਲੀ ਘਰਾਂ ਨਾਲ ਵਿਆਹ ਨਾਤੇ ਕਰਦੇ ਹਨ। ਲਾਹੌਰ ਵਿੱਚ ਓਹਨਾਂ ਦਾ ਆਪਣਾ ਹੀ ਵੱਖਰਾ ਮਹੱਲਾ ਸੀ। 'ਚੰਦੂ ਸ਼ਾਹੀ' ਵੀ ਸ਼ਾਇਦ ਏਸੇ ਜ਼ਾਤ ਦਾ ਸੀ।

Sri Satguru Jagjit Singh Ji Elibrary NamdhariElibrary@gmail.com

ਖ਼ਾਨਦਾਨ ਵਿੱਚੋਂ ਕੋਈ ਦਾਅਵੇਦਾਰ ਨਿਕਲ ਆਉਂਦਾ ਸੀ, ਜਿਸ ਨੂੰ ਰਿਆਸਤ ਦੀ ਰਈਅੱਤ ਬੁਲਾ ਲੈਂਦੀ ਸੀ। 'ਤਿਗਨ' ਤੁਰਕੀ ਦਾ ਲਫ਼ਜ਼ ਹੈ ਜੋ 'ਅਲਪ-ਤਿਗੀਨ', ਸੁਬੁਕ-ਤਿਗੀਨ' ਆਦਿ ਨਾਵਾਂ ਵਿੱਚ ਆਉਂਦਾ ਹੈ ਅਤੇ ਇਸ ਦੇ ਅਰਥ ਹਨ ਸਰਦਾਰ, ਬੇਗ, ਖ਼ਾਨ ਦੇ, ਭਾਵ ਮਾਲਿਕ ਜਾਂ Lord ਦੇ। ਕਾਬੁਲਿਸਤਾਨ ਤਾਂ ਹੁਣ ਵਾਲੇ ਅਫ਼ਗਾਨਿਸਤਾਨ ਦਾ ਪਹਾੜੀ ਇਲਾਕਾ ਸੀ, ਅਤੇ ਦੱਖਣ-ਪੱਛਮ ਦੀ ਨੁੱਕਰ ਮੈਦਾਨੀ ਇਲਾਕਾ ਹਲਮੰਦ, ਕੰਧਾਰ ਅਤੇ ਸਿੱਬੀ ਬੁਲਾਨ ਤੇ ਹੁਣ ਵਾਲੇ ਬਲੋਚਿਸਤਾਨ ਦਾ ਉੱਤਰੀ ਹਿੱਸਾ ਜ਼ਾਬੁਲਿਸਤਾਨ ਸੀ। ਇਨ੍ਹਾਂ ਦੋ ਰਾਜਾਂ ਨੇ ਮੁਸਲਮਾਨਾਂ ਨੂੰ ਹਿੰਦ ਵਿੱਚ ਅੱਗੇ ਵਧਣ ਤੋਂ ਤਿੰਨ ਸੌ ਵਰ੍ਹਾ, ਸਤਵੀਂ ਸਦੀ ਦੇ ਮੱਧ ਤੋਂ ਲੈਕੇ ਦਸਵੀਂ ਦੇ ਮੱਧ ਤਕ ਰੋਕੀ ਰਖਿਆ। ਪਰ ਸਿੰਧ ਰਾਜ ਵਿੱਚ ਇਹ ਨਾਂਹ ਹੋ ਸਕਿਆ। ਭਾਵੇਂ ਓਥੋਂ ਦੇ ਰਾਜੇ ਵੀ ਏਸੇ 'ਸ਼ਾਹੀ' ਖ਼ਾਨਦਾਨ ਦੇ ਸਨ ਅਤੇ ਸਿੰਧ ਰਾਜ ਬੜਾ ਤਾਕਤਵਰ ਸੀ। ਉੱਤਰ ਵਿੱਚ ਲਦੀਅਹ ਤਕ, ਅਤੇ ਚੜ੍ਹਦੇ ਵਲ ਰਾਵੀ ਤੇ ਸਤਲੁਜ ਵਿਚਾਲੇ ਦਾ ਸਾਰਾ ਦੇਸ, ਕਾਂਗੜਾ, ਦੂਨ ਵਿੱਚ ਬੈਜਨਾਥ ਜਾਂ ਕੀੜਾਗ੍ਰਾਮ, ਤੇ ਪਹਾੜੋ ਪਹਾੜ ਉੱਪਰ ਜੰਮੂ ਤਕ, ਸਾਰਾ ਸਿੰਧ ਦੇਸ ਤੇ ਪੱਛੋਂ ਵਿੱਚ ਦੱਖਣੀ ਬਲੋਚਿਸਤਾਨ ਤੇ ਕਰਮਾਨ ਦਾ ਸਮੁੰਦਰੀ ਕੰਢਾ ਇਸ ਰਾਜ ਵਿੱਚ ਸਨ। ਰਾਏ ਸਹਰਸ਼ ਦੂਜੇ ਦੇ ਵੇਲੇ ਪਾਰਸ ਦੇ ਸ਼ਾਹ ਖ਼ੁਸਰੋ ਪਰਵੇਜ਼ ਨੇ, ਈਰਾਨ ਦਾ ਓਹ ਹਿੱਸਾ ਜੋ ਈਰਾਨ ਦੀ ਦੱਖਣ-ਚੜ੍ਹਦੇ ਦੀ ਨੁੱਕਰ ਵਿੱਚ ਸੀ,ਅਤੇ ਬਹੁਤ ਚਿਰ ਤੋਂ ਸਿੰਧ ਰਾਜ ਵਿੱਚ ਸੀ ਅਤੇ ਇਸ'ਸ਼ਾਹੀ' ਖ਼ਾਨਦਾਨ ਦੇ ਕਬਜ਼ੇ ਵਿੱਚ ਚਲਾ ਆਉਂਦਾ ਸੀ, ਜਿੱਤ ਲਿਆ, ਪਰ ਰਾਏ ਸਾਹਸੀ ਨੇ ਥੋੜਾ ਚਿਰ ਪਿੱਛੋਂ ਹੀ ਜ਼ੋਰ ਪਾ ਕੇ ਆਪਣੇ ਰਾਜ ਵਿੱਚ ਮਿਲਾ ਲਿਆ। ਏਸੇ ਰਾਏ ਸਾਹਸੀ ਦੂਜੇ ਦੇ ਵੇਲੇ ਅਰਬਾਂ ਨੇ ਸਿੰਧ ਪੁਰ ਹਮਲਾ ਕੀਤਾ ਪਰ ਕਾਮਯਾਬੀ ਨਾਂਹ ਹੋਈ। ਰਾਏ ਸਾਹਸੀ ਦੂਜਾ ਇਸ ਖ਼ਾਨਦਾਨ ਦਾ ਸਿੰਧ ਦੇਸ ਦਾ ਹੇਕੜਲਾ ਰਾਜਾ ਸੀ। ਜਦ ਓਹ ਇਕ ਵਿਧਵਾ ਰਾਣੀ ਤੇ ਇਕ ਲੜਕੀ ਛੱਡ ਕੇ ਮਰ ਗਿਆ, ਤਦ ਉਸ ਦੇ ਵਜ਼ੀਰ ਤੇ ਸੈਨਾਪਤੀ 'ਚਚ' ਜਾਂ 'ਛਚ'* ਨੇ ਜੋ ਜ਼ਾਤ ਦਾ ਬ੍ਰਾਹਮਣ ਸੀ, ਰਾਜ ਪੁਰ ਕਬਜ਼ਾ ਕਰ ਲਿਆ ਤੇ ਵਿਧਵਾ ਰਾਣੀ, ਸ਼ੋਭੀ ਦੇਵੀ ਨੂੰ ਘਰ ਪਾ ਲਿਆ। ਰਾਏ ਸਾਹਸੀ ਦੇ ਭਾਈ ਨੇ, ਜੋ ਕਰਮਾਨ ਦਾ ਕਸ਼ਤ੍ਰਪ ਸੀ, ਅਤੇ ਜ਼ਾਬੁਲਿਸਤਾਨ ਦੇ ਰਾਜਾ ਨੇ, ਜੋ ਉਸ ਦਾ ਭਤੀਜਾ ਸੀ, ਛਚ ਦਾ ਮੁਕਾਬਲਾ ਕੀਤਾ, ਪਰ ਰਾਣੀ ਦੀ ਮਦਦ ਨਾਲ ਛਚ ਕਾਮਯਾਬ ਰਿਹਾ ਅਤੇ ਸਾਰੇ ਦਾਅਵੇਦਾਰਾਂ ਨੂੰ ਮਾਰ ਮੁਕਾਇਆ।

ਸਿੰਧ ਦੇ ਇਸ ਰਾਜ ਖ਼ਾਨਦਾਨ ਦੀ, ਜਿਸ ਦਾ ਨਾਸ ਚਚ ਨੇ ਕੀਤਾ, ਨੀਂਹ ਰੱਖਣ ਵਾਲਾ ਰਾਜਾ ਦੇਵਜਾਰਿਤ° ਸੀ, ਜਿਸ ਦਾ ਸਿੱਕਾ ਅਸਾਂ ਪਲੇਟ ਵਿੱਚ ਦਿੱਤਾ ਹੈ। ਇਸ ਖ਼ਾਨਦਾਨ ਦੇ ਪੰਜ ਰਾਜਿਆਂ ਨੇ ਕੁਲ ੧੩੭ ਵਰ੍ਹੇ ਰਾਜ ਕੀਤਾ ਸੀ। ਹਿਸਾਬ ਕੀਤਿਆਂ ਸਿੱਕੇ ਪੁਰ ਦੇ ਅੱਖਰ ਛੇਵੀਂ ਸਦੀ ਦੇ ਮੁੱਢ ਦੇ ਜਾ ਠਹਿਰਦੇ ਹਨ, ਅਰਥਾਤ ਗੁਰੂ ਨਾਨਕ ਦੇਵ ਜੀ ਨਾਲੋਂ ਹਜ਼ਾਰ ਵਰ੍ਹਾ ਪਹਿਲੇ

---

*ਕਾਬੁਲਿਸਤਾਨ ਦਾ ਰਾਜ ਵੀ ਕਮਜ਼ੋਰ ਹੋ ਚੁੱਕਾ ਸੀ। ਓਥੋਂ ਦੇ ਰਾਜਿਆਂ ਨੂੰ ਵੀ ਹਟਾ ਕੇ ਓਹਨਾਂ ਦੇ ਬ੍ਰਾਹਮਣ ਪਰੋਹਿਤ ਤੇ ਸੈਨਾਪਤੀ ਨੇ ਰਾਜ ਸੰਭਾਲ ਲਿਆ ਸੀ। ਏਸੇ ਧੋਹੀ ਦੇ ਖ਼ਾਨਦਾਨ ਵਿਚੋਂ ਜੈਪਾਲ, ਅਨੰਗਪਾਲ ਆਦਿ ਰਾਜੇ ਸਨ, ਜਿਨ੍ਹਾਂ ਨੂੰ ਮਹਿਮੂਦ ਗਜ਼ਨਵੀ ਨੇ ਤਬਾਹ ਕੀਤਾ। ਸਿੰਧ ਦਾ ਰਾਏ ਛਚ ਤੇ ਇਹ ਸਭ ਇਕ ਖ਼ਾਨਦਾਨ ਦੇ, ਧਰ ਤੋਂ ਆਏ ਸਨ।

°'ਦੇਵਿ ਜਾਰਿਤ' ਦੇ ਓਹੋ ਅਰਥ ਹਨ ਜੋ 'ਦੇਵ ਪ੍ਰਿਯ' (ਅਸ਼ੋਕ), 'ਦੇਵਸਮਯ' ਜਾਂ ਫ਼ਾਰਸੀ ਵਿੱਚ 'ਅੱਲਹ ਯਾਰ', 'ਖ਼ੁਦਾ ਯਾਰ' ਦੇ।

ਦੇ । ਪਰ ਵੇਖੋ ਇਹ ਅੱਖਰ ਗੁਰਮੁਖੀ ਅੱਖਰਾਂ ਦੇ ਕਿਤਨੇ ਨੇੜੇ ਅੱਪੜ ਢੁੱਕੇ ਹਨ । 'ਸ', 'ਹ' ਤੇ 'ਵ' ਅੱਖਰ ਤਾਂ ਨਾਗਰੀ ਨਾਲ ਵਧੀਕ ਮਿਲਦੇ ਹਨ, ਪਰ ਬਾਕੀ ਸਭ 'ਚ', 'ਣ', 'ਤ', '  ' (ਪੁਰਾਣਾ ਗੁਰਮੁਖੀ 'ਛ'), 'ਪ', 'ਮ', 'ਜ' ਗੁਰਮੁਖੀ ਨਾਲ ।

ਇਸ ਖ਼ਾਨਦਾਨ ਦੇ ਰਾਜ ਸਮੇਂ ਸਿੰਧ ਦੀ ਰਾਜਧਾਨੀ ਅਲੋਰ ਜਾਂ ਅਰੋਰ ਵਿੱਚ ਹੁੰਦੀ ਸੀ, ਜਿਸ ਨੂੰ ਪਿੱਛੋਂ ਦਰਿਆ ਸਿੰਧ ਛੱਡ ਗਿਆ । ਇਸ ਦੇ ਖੰਡਰ ਰੋਹੜੀ ਦੇ ਬਰਾਬਰ ਤੇ ਕੁਝ ਮੀਲ ਦੇ ਫ਼ਾਸਲੇ ਪੁਰ ਹਨ । 'ਉੱਚ' ਜੋ ਏਸੇ ਰਾਜ ਵਿੱਚ ਸੀ, ਓਥੇ ਰਾਏ ਸਾਹਸੀ ਨੇ ਇਕ ਕਿਲ੍ਹਾ ਬਣਾਇਆ ਸੀ । ਪਿੱਛੋਂ ਆ ਕੇ ਤੇਹਰਵੀਂ ਸਦੀ ਵਿੱਚ ਇਸ ਕਿਲ੍ਹੇ ਤੇ ਇਕ ਦੇਵ ਰਾਜ ਜਾਂ ਦੇਵਾ ਸਿੰਘ ਦਾ ਕਬਜ਼ਾ ਸੀ ਜਿਸ ਕਰਕੇ ਇਸ ਨਗਰ ਨੂੰ ਦੇਵ ਗੜ੍ਹ ਆਖਦੇ ਸਨ, ਜਿਸ ਤਰ੍ਹਾਂ ਕਿ ਕਿਤਾਬ ਵਿੱਚ ਅਸੀਂ ਉੱਪਰ ਦੱਸ ਆਏ ਹਾਂ ।

# ਖਿਲ ੨
## ਕਾਗਜ਼, ਸਿਆਹੀ ਤੇ ਛਾਪਾ

ਇਨ੍ਹਾਂ ਤਿੰਨਾਂ ਚੀਜ਼ਾਂ ਦੀ ਕਾਢ ਚੀਨ ਦੀ ਹੈ। ਕੁਝ ਵਰ੍ਹੇ ਹੋਏ ਹਨ ਕਿ ਚੀਨ ਦੀ ਵੱਡੀ ਦੀਵਾਰ ਦੇ ਇਕ ਬੁਰਜ ਵਿਚੋਂ ਕੁਝ ਚਿੱਠੀਆਂ ਮਿਲੀਆਂ ਸਨ, ਲੱਕੜ ਦੀਆਂ ਫੱਟੀਆਂ ਪੁਰ ਲਿਖੀਆਂ ਸਨ; ਇਕ ਚਿੱਠੀ ਰੇਸ਼ਮ ਦੀ ਟਾਕੀ ਉੱਤੇ ਸੀ, ਅਤੇ ਅੱਠ ਚਿੱਠੀਆਂ 'ਕਾਗਜ਼' ਪੁਰ ਸਨ। ਇਹ ਸੰਨ ੧੫੦ ਈਸਵੀ ਦੇ ਕਰੀਬ ਦੀਆਂ ਲਿਖੀਆਂ ਹੋਈਆਂ ਹਨ। ਦੁਨੀਆਂ ਵਿੱਚ ਸਭ ਤੋਂ ਪੁਰਾਣਾ ਕਾਗਜ਼ ਇਹੋ ਚਿੱਠੀਆਂ ਹਨ। 'ਕਾਗਜ਼' ਬਣਾਣ ਦਾ ਵੱਲ ਚੀਨੀਆਂ ਨੇ ਸੰਨ ੧੦੫ ਈਸਵੀ ਵਿੱਚ ਕੱਢਿਆ ਸੀ। ਪੁਰਾਣੀਆਂ ਟਾਕੀਆਂ ਟੱਲੀਆਂ ਤੇ ਮੱਛੀਆਂ ਫੜਨ ਦੇ ਜਾਲਾਂ ਨੂੰ ਉੱਖਲੀ ਵਿੱਚ ਕੁੱਟ ਕੇ ਇਹ ਕਾਗਜ਼ ਬਣਾਇਆ ਜਾਂਦਾ ਸੀ। ਚਿਰੂ ਪਿਛੋਂ ਇਸ ਤਰ੍ਹਾਂ ਬਣਾਏ ਕਾਗਜ਼ ਪੁਰ ਘੱਟਾ ਕਰ ਕੇ ਜਾਂ ਚਾਵਲਾਂ ਦੀ ਪਿੱਛ ਦਾ ਲੇਪਣ ਦੇ ਕੇ, ਘੋਟ ਕੇ, ਚੰਗੀ ਤਰ੍ਹਾਂ ਲਿਖਣ ਜੋਗਾ ਬਣਾ ਲੈਂਦੇ ਸਨ। ਸਹਿਜੇ ਸਹਿਜੇ ਕਈ ਚੀਜ਼ਾਂ ਤੋਂ ਤੇ ਕਈ ਤਰ੍ਹਾਂ ਦੇ ਕਾਗਜ਼ ਬਣਨੇ ਵੀ ਸ਼ੁਰੂ ਹੋ ਗਏ।

ਅਰਬਾਂ ਨੇ ਜਦ ਤੁਰਕਿਸਤਾਨ ਫ਼ਤਹ ਕੀਤਾ ਅਤੇ ਕੁਝ ਚੀਨੀ ਕੈਦ ਕੀਤੇ, ਤਦ ਉਨ੍ਹਾਂ ਕੈਦੀਆਂ ਤੋਂ ਇਹ ਹੁਨਰ ਅੱਠਵੀਂ ਸਦੀ ਵਿੱਚ ਸਿੱਖਿਆ। ਪਰ ਅਰਬੀਆਂ ਨੇ ਇਸ ਹੁਨਰ ਵਿੱਚ ਅੱਗੋਂ ਕੋਈ ਉੱਨਤੀ ਨਹੀਂ ਕੀਤੀ। ਤੇਰਹਵੀਂ ਸਦੀ ਵਿੱਚ ਇਹ ਹੁਨਰ ਅਰਬੀਆਂ ਤੋਂ ਸਪੇਨ ਅਤੇ ਇਟਲੀ ਦੇ ਲੋਕਾਂ ਨੇ ਸਿੱਖਿਆ। ਹਿੰਦੁਸਤਾਨ ਵਿੱਚ ਇਹ ਹੁਨਰ ਮੁਸਲਮਾਣਾਂ ਦੇ ਨਾਲ ਦੇਸੋ ਸਦੀ ਵਿੱਚ ਆਇਆ ਅਤੇ ਕਸ਼ਮੀਰ, ਸਿਆਲਕੋਟ, ਸੀਰੀ ਜਾਂ ਸੀਰਾਮਪੁਰ ਵਿੱਚ ਕਾਗਜ਼ ਬਣਨ ਲੱਗਾ। ਇਸ ਤੋਂ ਪਹਿਲੇ ਭੋਜ-ਪੱਤਰ ਵਰਤਿਆ ਜਾਂਦਾ ਸੀ।

ਚੀਨ ਵਿੱਚ ਲਿਖਣ ਦਾ ਹੁਨਰ ਤਸਵੀਰਾਂ ਬਣਾਣ ਤੋਂ ਨਿਕਲਿਆ ਹੈ ਅਤੇ ਹੁਣ ਤਕ ਉਸੇ ਢੰਗ ਪੁਰ ਚਲਿਆ ਆਉਂਦਾ ਹੈ। ਹਰ ਇਕ ਲਫ਼ਜ਼ ਦੀ ਤਸਵੀਰ ਵਾਲਾਂ ਦੇ ਬੁਰਸ਼ ਨਾਲ ਬਣਾਂਦੇ ਹਨ ਅਤੇ ਲਫ਼ਜ਼ ਦੀ ਤਸਵੀਰ ਬਣਾਣ ਸਮੇਂ ਬੁਰਸ਼ ਨੂੰ ਕਾਗਜ਼ ਜਾਂ ਕਪੜੇ ਉੱਤੇ ਸਿੱਧਾ ਖੜਾ ਰਖਦੇ ਹਨ, ਝੁਕਾਂਦੇ ਨਹੀਂ। ਲਿਖਣ ਦੀ ਸਿਆਹੀ ਬਣਾਣ ਲਈ ਕਾਲਖ ਨੂੰ ਗੂੰਦ ਵਿੱਚ ਘੋਲ ਕੇ ਸੁਕਾ ਲੈਣ ਤੇ ਲੰਮੀਆਂ ਲੰਮੀਆਂ ਸਲਾਖ਼ਾਂ ਬਣਾ ਲੈਣ ਦਾ ਖ਼ਿਆਲ ਵੀ ਛੇਤੀ ਹੀ ਸੁਝ ਗਿਆ। ਇਸ ਸਲਾਖ਼ ਦੇ ਸਿਰੇ ਨੂੰ ਲੋੜ ਵੇਲੇ ਪਾਣੀ ਨਾਲ ਸਿੱਪੀ ਵਗ਼ੈਰਾ ਵਿੱਚ ਰਗੜ ਲੈਂਦੇ ਹਨ। ਸਿਆਹੀ ਨਿੱਤ ਨਵੇਂ ਸਿਰੇ ਘਿਸਣੀ ਹੁੰਦੀ ਹੈ। ਪੁਰਾਣੇ ਸਮੇਂ ਲਿਖਣ ਵਾਸਤੇ ਬਾਂਸ ਦੀਆਂ ਫਿਚੜਾਂ ਵਰਤਦੇ ਸਨ, ਸੋ ਲਫ਼ਜ਼ਾਂ ਦੀਆਂ ਤਸਵੀਰਾਂ ਇਕ ਦੂਜੀ ਦੇ ਹੇਠਾਂ ਖੜੀਆਂ ਪਾਲਾਂ ਵਿੱਚ ਫਿਚੜ ਦੀ



Sri Satguru Jagjit Singh Ji Elibrary NamdhariElibrary@gmail.com

ਤੰਗ ਪੱਧਰ ਪੁਰ ਬਣਾਂਦੇ ਸਨ ।

ਛਾਪਣ ਦਾ ਹੁਨਰ ਵੀ ਚੀਨੀਆਂ ਅੰਦਰ ਕੁਦਰਤੀ ਢੰਗ ਪੁਰ ਪੈਦਾ ਹੋਇਆ । ਮਹਾਤਮਾ ਬੁੱਧ ਦੀਆਂ ਮੂਰਤਾਂ ਤੇ ਜਪ ਮੰਤਰ ਦੀਆਂ ਛਾਪਾਂ ਲੱਕੜ ਵਿੱਚੋਂ ਖੋਦ ਕੇ ਬਣਾਈਆਂ ਜਾਂਦੀਆਂ ਸਨ । ਹੌਲੀ ਹੌਲੀ ਇਹ ਠੱਪੇ ਵੱਡੇ ਹੁੰਦੇ ਗਏ, ਸੋ ਆਰਾਮ ਲਈ ਕਾਗਜ਼ ਹੇਠਾਂ ਰੱਖ ਕੇ ਉੱਪਰੋਂ ਠੱਪਾ ਲਗਾਣ ਦੀ ਥਾਂ, ਠੱਪੇ ਨੂੰ ਹੇਠਾਂ ਰੱਖ ਕੇ ਉਸ ਦੇ ਉੱਪਰ ਕਾਗਜ਼ ਦਬਾਣ ਦਾ ਖਿਆਲ ਸੁੱਝਾ । ਕਾਗਜ਼ ਨੂੰ ਸੁੱਕੇ ਬੁਰਸ਼ ਤੇ ਹੱਥ ਨਾਲ ਠੱਪੇ ਉੱਪਰ ਇੱਕੋ ਜਿਹਾ ਬਿਠਾ ਦੇਂਦੇ ਸਨ । ਠੱਪੇ ਲੱਗੇ ਕਾਗਜ਼ਾਂ ਨੂੰ ਜੋੜ ਕੇ ਲੰਮੀ ਕਤਾਰ ਨੂੰ ਗੋਲ ਮੋਲ ਲਪੇਟਕੇ ਕਿਤਾਬ ਬਣਾ ਲੈਂਦੇ ਸਨ, ਨਹੀਂ ਤਾਂ concertiva ਵਾਜੇ ਦੇ ਪਰਦੇ ਵਾਂਗ ਤਹਿ ਕਰ ਲੈਂਦੇ ਸਨ । ਪਿੱਛੋਂ ਦਸਵੀਂ ਯਾਰਹਵੀਂ ਸਦੀ ਵਿੱਚ ਦੋ ਦੋ ਸਫਿਆਂ ਦੇ ਛਾਪਣ ਲਈ ਬਲਾਕ ਜਾਂ ਠੱਪੇ ਬਣਨੇ ਸ਼ੁਰੂ ਹੋ ਗਏ, ਜਦ ਕਾਗਜ਼ ਦੇ ਤਖ਼ਤੇ ਨੂੰ ਵਿੱਚੋਂ ਭੰਨ ਪਾ ਕੇ ਅਜ ਕਲ ਦੀਆਂ ਕਿਤਾਬਾਂ ਵਾਂਗ ਇਕੱਠਾ ਸਿਉਂ ਲੈਂਦੇ ਸਨ ।

ਚੀਨੀ ਲਿਖਾਈ ਅੱਖਰਾਂ ਦੀ ਬਣੀ ਹੋਈ ਨਹੀਂ । ਲਫ਼ਜ਼ਾਂ ਦੀਆਂ ਪੇਚੀਦਾ ਤਸਵੀਰਾਂ ਬਣਾਂਦੇ ਹਨ । ਸੋ ਹਰਫ਼ਾਂ ਦੇ ਥੋੜ੍ਹੇ ਜਿਹੇ ਟਾਈਪ ਬਣਾ ਲੈਣ ਦਾ ਖ਼ਿਆਲ ਉਨ੍ਹਾਂ ਨੂੰ ਨਹੀਂ ਸੀ ਸੁੱਝ ਸਕਦਾ; ਅਤੇ ਲਫ਼ਜ਼, ਜਿਨ੍ਹਾਂ ਦੀਆਂ ਤਸਵੀਰਾਂ ਬਣਾਣੀਆਂ ਹੁੰਦੀਆਂ ਸਨ, ਬਹੁਤ ਸਨ, ਸੋ ਪੂਰੇ ਪੂਰੇ ਸਫ਼ੇ ਦੇ ਬਲਾਕ ਖੋਦ ਕੇ ਤਿਆਰ ਕੀਤੇ ਜਾਂਦੇ ਸਨ । ਪਰ ਲਿਖਣ ਸਮੇਂ ਕਈ ਲਫ਼ਜ਼ ਮੁੜ ਮੁੜ ਵੀ ਆਉਂਦੇ ਸਨ, ਸੋ ਇਨ੍ਹਾਂ ਲਫ਼ਜ਼ਾਂ ਲਈ ਅੱਡ ਅੱਡ ਠੱਪੇ ਜਾਂ ਬਲਾਕ ਬਣਾ ਰੱਖਣ ਦਾ ਖ਼ਿਆਲ ਵੀ ਆ ਚੁਕਾ ਸੀ । ਇੱਕ ਪੁਰਾਣੀ ਕਿਤਾਬ ਵਿੱਚ ਇੱਕ ਲਫ਼ਜ਼ ਦੀ ਛਾਪ ਪਾਸੇ ਪਰਨੇ ਲਗੀ ਮਿਲੀ ਹੈ ਜਿਸ ਤੋਂ ਸਾਫ਼ ਦਿਸਦਾ ਹੈ ਕਿ ਇਸ ਲਫ਼ਜ਼ ਦਾ ਠੱਪਾ ਅੱਡ ਬਣਿਆ ਹੋਇਆ ਸੀ । ਕਿਤਾਬ ਦਾ ਸਫ਼ਾ ਛਾਪਣ ਲਈ ਇਹ ਠੱਪਾ ਦੂਜਿਆਂ ਦੇ ਨਾਲ ਧਰ ਲਿਆ ਗਿਆ, ਪਰ ਗ਼ਲਤੀ ਨਾਲ ਪੁੱਠਾ ਲਗ ਗਿਆ । ਮਾਨੋਂ ਇਕ ਤਰ੍ਹਾਂ ਦਾ ਲਾਈਨੋ ਟਾਈਪ ਬਣ ਚੁੱਕਾ ਸੀ ।

ਕਿਤਾਬਾਂ ਛਾਪਣ ਦਾ ਹੁਨਰ ਸੰਨ ੭੫੦ ਈਸਵੀ ਤੋਂ ਪਹਿਲੇ ਨਿਕਲ ਚੁੱਕਾ ਸੀ, ਮਿੰਗ ਹੁਆਂਗ ਬਾਦਸ਼ਾਹ ਦੇ ਵੇਲੇ, ਜਿਸ ਦਾ ਰਾਜ ਸੰਨ ੭੧੨ ਤੋਂ ੭੫੬ ਤਕ ਰਿਹਾ, ਕਿਤਾਬਾਂ ਛਾਪਣ ਦਾ ਰਵਾਜ ਆਮ ਸੀ । ਸਭ ਤੋਂ ਪੁਰਾਣੀ ਛਪੀ ਹੋਈ ਕਿਤਾਬ 'ਮਣੀ ਸੂਤ੍ਰ' ਸੰਨ ੮੬੮ ਈਸਵੀ ਦੀ ਹੈ, ਜੋ ਸਾਡੀਆਂ ਜਨਮ ਪੱਤਰੀਆਂ ਵਾਂਗ ਲਪੇਟੀ ਹੋਈ ਹੈ ।

ਕਾਗਜ਼ ਦੇ ਡਾਢਾ ਪਤਲਾ ਹੋਣ ਕਰ ਕੇ ਛਾਪਾ ਇਕ ਪਾਸੇ ਹੀ ਲਗ ਸਕਦਾ ਸੀ ।

ਹਰ ਅੱਖਰ ਵਾਸਤੇ ਅੱਡ ਅੱਡ ਟਾਈਪ ਬਣਾਣ ਅਤੇ ਪਿੱਛੋਂ ਸਿੱਕੇ ਦੇ ਢਾਲ ਲੈਣ ਦਾ ਹੁਨਰ ਪਿੱਛੋਂ ਜਰਮਨੀ ਵਿੱਚ ਨਿਕਲਿਆ । ਤੇਹਰਵੀਂ ਸਦੀ ਵਿੱਚ ਜਦ ਛਾਪਣ ਦਾ ਕੰਮ ਯੂਰਪ ਵਿੱਚ ਸ਼ੁਰੂ ਹੋਇਆ ਤਦ ਮਜ਼ਬੀ ਜਮਾਤਾਂ ਤੇ ਹਕੂਮਤਾਂ ਨੇ ਉਸ ਦੀ ਸਖ਼ਤ ਮੁਖ਼ਾਲਫਤ ਕੀਤੀ । ਸੰਨ ੧੨੬੦ ਈਸਵੀ ਦਾ ਫ਼ਰਾਂਸ ਦੀ ਹਕੂਮਤ ਦਾ ਇਕ ਸਰਕਾਰੀ ਐਲਾਨ ਸੀ ਕਿ ਕੋਈ ਕਿਤਾਬ ਨਾ ਛਾਪੀ ਜਾਏ, ਕਿਤਾਬਾਂ ਦਾ ਅੱਖਰ ਅੱਖਰ ਹੱਥ ਨਾਲ ਲਿਖਣਾ ਚਾਹੀਏ । ਜੋ ਕਿਤਾਬ ਛਾਪੇਗਾ, ਸਜ਼ਾ ਪਾਵੇਗਾ । ਛਾਪਣ ਵਾਲੇ ਸਸਤੀਆਂ ਬਾਈਬਲਾਂ ਛਾਪਣਾ ਚਾਹੁੰਦੇ ਸਨ, ਸੋ ਚੌਧਵੀਂ ਸਦੀ ਵਿੱਚ ਲੱਕੜ ਦੇ ਠੱਪਿਆਂ ਤੋਂ ਬਾਈਬਲਾਂ ਛਪਣੀਆਂ ਸ਼ੁਰੂ ਹੋ ਗਈਆਂ । ਇਨ੍ਹਾਂ ਨੂੰ ਭਿਖ ਰੀਆਂ ਵਾਲੀ ਬਾਈਬਲ (Pauper's Bible) ਸੱਦਦੇ ਸਨ ।

# ਖਿਲ ੩

# ਸ਼ਬਦ-ਮੂਲਕ ਲਿਪੀ ਦੇ ਬਣਾਨ ਵਾਲੇ ਫ਼ਿਨੀਸ਼ਨ ਲੋਕ

ਇਨ੍ਹਾਂ ਲੋਕਾਂ ਦਾ ਸਭ ਤੋਂ ਪੁਰਾਣਾ ਜ਼ਿਕਰ ਬਾਈਬਲ ਵਿੱਚ ਆਉਂਦਾ ਹੈ, ਜਿੱਥੇ ਇਨ੍ਹਾਂ ਨੂੰ 'ਕਨਿਆਨੀ' ਜਾਂ ਮੁਲਕ ਕਨਿਆਨ ਦੇ ਰਹਿਣ ਵਾਲੇ ਕਿਹਾ ਹੈ। ਉਸ ਤੋਂ ਪਿੱਛੋਂ 'ਤਾਰੀਖ' ਦੇ ਬਾਬਾ ਆਦਮ, ਹਿਰੋਦੋਤਸ ਯੂਨਾਨੀ, ਨੇ ਇਨ੍ਹਾਂ ਦੀ ਤਾਰੀਖ਼ ਲਿਖੀ ਹੈ। ਯੂਨਾਨੀਆਂ ਨੇ ਇਨ੍ਹਾਂ ਨੂੰ ਫ਼ਿਨਿਕੀ ( phoenician ) ਦਾ ਨਾਮ ਦਿੱਤਾ ਸੀ ਅਤੇ ਇਨ੍ਹਾਂ ਦੇ ਦੇਸ ਨੂੰ, ਜੋ ਰੂਮ ਸਾਗਰ ਦੇ ਕੰਢੇ ਪੁਰ ਤੰਗ ਜਿਹੀ ਪਟੜੀ ਸੀ, ਫ਼ਿਨੀਸ਼ਿਆ ਆਖਦੇ ਸਨ। ਰੋਮਨ ਲੋਕਾਂ ਨੂੰ ਕਾਰਥੇਜ ਦੇ ਫ਼ਿਨੀਕੀਆਂ ਨਾਲ ਜੰਗ ਯੁੱਧ ਦਾ ਚੋਖਾ ਵਾਸਤਾ ਪਿਆ, ਓਹ ਕਾਰਥੇਜ ਦੇ ਲੋਕਾਂ, ਓਥੋਂ ਦੀ ਬੋਲੀ, ਓਥੋਂ ਦੀ ਲਿਖਤ ਆਦਿ ਸਭ ਨੂੰ Punic ਕਰ ਕੇ ਲਿਖਦੇ ਸਨ। Phoenic ਅਤੇ Punic, ਅਸਲ ਵਿਚ, ਦੋਵੇਂ ਇੱਕੋ ਹੀ ਲਫ਼ਜ਼ ਹਨ, ਜੋ Phoeni ਜਾਂ puni ਤੋਂ ਬਣਾਏ ਵਿਸ਼ੇਸ਼ਣ ਪਦ ਹਨ। ਇਸ ਧਾਤੂ ਦੇ ਕੁਝ ਅਰਥ ਨਹੀਂ, ਸਿਵਾਏ ਇਸਦੇ ਕਿ ਇਹ ਇਕ ਕੌਮ ਦਾ ਨਾਮ ਸੀ। 'ਲਾਲ' ਅਤੇ 'ਪੂਰਬੀ' ਨਾਮ ਇਨ੍ਹਾਂ ਲੋਕਾਂ ਦੀ ਰੰਗਤ ਅਤੇ ਉਨ੍ਹਾਂ ਦੇ ਅਸਲੀ ਵਤਨ ਦੇ ਪੂਰਬ ਵਿੱਚ ਹੋਣ ਕਰਕੇ ਦਿੱਤੇ ਜਾਂਦੇ ਸਨ। ਰਿਗ ਵੇਦ ਵਿਚ 'ਪਣਿ' ਨਾਮ ਇਕ ਕੌਮ ਦਾ ਆਇਆ ਹੈ। ਇਨ੍ਹਾਂ ਦਾਂ ਕੰਮ ਮਾਲ ਡੰਗਰ ਦੀ ਚੋਰੀ ਸੀ, ਜਿਸ ਤਰ੍ਹਾਂ ਕਿ ਹੁਣ ਤਕ ਬਾਰ ਦੇ ਪਚਾਧੇ ਸਾਡੇ ਦੇਸ ਵਿੱਚ ਕਰਦੇ ਚਲੇ ਆਏ ਹਨ। ਪਰ ਇਹ ਜ਼ਰੂਰੀ ਨਹੀਂ ਕਿ 'ਪਣਿ' 'ਪਣਿਕ' ਲੋਕ ਹਿੰਦੋਸਤਾਨ ਦੇ ਰਹਿਣ ਵਾਲੇ ਹੀ ਹੋਣ। ਹੋ ਸਕਦਾ ਹੈ ਕਿ ਵਪਾਰ ਦੀ ਖ਼ਾਤਰ ਬਾਹਰੋਂ ਏਥੇ ਆਉਂਦੇ ਹੋਣ। ਘੀ ਤੇ ਅੰਨ ਦਾਣਾ ਬਲਦਾਂ ਉੱਤੇ ਲੱਦ ਕੇ ਲੈ ਜਾਂਦੇ ਹੋਣ। ਅਤੇ ਦਾਉ ਫੱਬ ਜਾਏ ਤਾਂ ਗਊਆਂ, ਬਲਦ, ਵਗੈਰਾ ਵੀ ਚੁਰਾ ਲਿਜਾਂਦੇ ਹੋਣ ਅਤੇ ਦੂਰ ਦੇਸਾਂ ਵਿੱਚ ਲਿਜਾ ਕੇ ਵੇਚ ਦੇਂਦੇ ਹੋਣ। ਸਾਡੇ ਦੇਸੀ ਲਫ਼ਜ਼ ਬਣਿਕ 'ਬਣਿਕ-ਆਰੇ' ਜਾਂ 'ਬਣਿਜਾਰੇ' ਇਸੇ ਲਫ਼ਜ਼ 'ਪਣਿ' ਤੋਂ ਬਣੇ ਸਾਫ਼ ਦਿਸ ਰਹੇ ਹਨ। ਸੋ ਇਹ ਕਹਿਣਾ ਅਯੁਕਤ ਨਾਂਹ ਹੋਵੇਗਾ ਕਿ ਇਹ ਓਹੋ ਲੋਕ ਸਨ ਜਿਨ੍ਹਾਂ ਦੀ ਗਿਰੀ ਹੋਈ ਔਲਾਦ ਨੂੰ ਅੱਜ ਅਸੀਂ 'ਬੰਜਾਰੇ' ਜਾਂ 'ਲੁਬਾਣੇ' ਜਾਂ 'ਲੁਹਾਨੇ'; ਜਾਂ 'ਲੰਬਾੜੀ' ਆਖਦੇ ਹਾਂ। ਜਿਸ ਤਰ੍ਹਾਂ 'ਪਚਾਧੇ' ਦੇ ਅਰਥ ਸਾਡੀ ਬੋਲੀ ਵਿੱਚ'ਪੱਛੋਂ ਦੇ' ਹਨ, ਤਿਵੇਂ ਯੂਨਾਨੀ ਭਾਸ਼ਾ ਵਿੱਚ (Phoenic) ਦੇ ਅਰਥ 'ਪੂਰਬ ਦੇ' ਹਨ। ਇਨ੍ਹਾ ਲੋਕਾਂ ਦਾ ਅਸਲੀ ਵਤਨ ਰੂਮ ਸਾਗਰ ਦੇ ਕੰਢੇ ਜਾ ਵਸਣ ਤੋਂ ਪਹਿਲੇ ਫ਼ਾਰਸ ਖਾੜੀ ਦੇ ਉੱਤਰੀ ਕੰਢੇ ਕਰਮਾਨ ਅਤੇ ਲੂਰਿਸਤਾਨ ਸੀ, ਜਿਥੋਂ ਦੇ ਲੋਕੀਂ, ਲੂਰੀ ਪਵਿੰਦੇ ਤੇ ਬਲੋਚ, ਹੁਣ ਤਕ ਸਾਡੇ ਦੇਸ ਵਿੱਚ ਵੱਡੇ ਵੱਡੇ ਕਾਫ਼ਲੇ ਬਣਾ ਕੇ ਆਉਂਦੇ ਹਨ; ਵਪਾਰ ਤੇ ਜੋ ਕਰਦੇ ਹਨ ਸੋ ਕਰਦੇ ਹੀ ਹਨ, ਮੁੰਡੇ ਕੁੜੀਆਂ ਚੁਰਾ ਕੇ ਵੀ ਲੈ ਜਾਂਦੇ ਹਨ। ਜਿਵੇਂ ਚੜ੍ਹਦੇ ਵੱਲ



Sri Satguru Jagjit Singh Ji Elibrary NamdhariElibrary@gmail.com

ਹਿੰਦੁਸਤਾਨ ਵਿੱਚ ਆਉਂਦੇ ਸਨ, ਲਹਿੰਦੇ ਵੱਲ ਸ਼ਾਮੀ ਦੇਸਾਂ ਵਿੱਚ ਵੀ ਟਾਂਡੇ ਤੇ ਕਾਫ਼ਲੇ ਲੈ ਕੇ ਜਾਂਦੇ ਸਨ, ਅਤੇ ਜਿੱਥੇ ਜਾਂਦੇ ਸਨ ਛੋਟੀਆਂ ਮੋਟੀਆਂ ਆਪਣੀਆਂ ਬਸਤੀਆਂ ਜਾਂ ਟਾਂਡੇ ਬਣਾ ਲੈਂਦੇ ਸਨ। ਮਸੀਹ ਤੋਂ ੨੮੦੦ ( ਅਠਾਈ ਸੌ ) ਵਰ੍ਹਾ ਪਹਿਲੇ ਰੂਮ ਸਾਗਰ ਦੇ ਕੰਢੇ ਤੇ ਅੱਪੜ ਕੇ ਇਨ੍ਹਾਂ ਆਪਣਾ ਡੇਰਾ ਓਥੇ ਜਮਾ ਲਿਆ ਸੀ। ਉਸ ਨੂੰ ਆਪਣਾ ਦੂਜਾ ਵਤਨ ਬਣਾ ਲਿਆ ਸੀ।

ਇਹ ਲੋਕ ਸ਼ਾਮੀ* ਨਸਲ ਦੇ ਨਹੀਂ ਸਨ। ਉਨ੍ਹਾਂ ਵਾਂਗ ਖ਼ਤਨਾ ਨਹੀਂ ਕਰਾਂਦੇ ਸਨ। ਸੂਰ ਦਾ ਮਾਸ ਖਾ ਲੈਂਦੇ ਸਨ, ਸਗੋਂ ਇਕ ਛੋਟੀ ਜ਼ਾਤ ਦਾ ਕੁੱਤਾ, ਦੁੰਬੇ ਵਾਂਗ ਮੋਟਾ ਕਰ ਕੇ, ਮਾਰ ਕੇ ਖਾ ਜਾਂਦੇ ਸਨ। ਇਨ੍ਹਾਂ ਗੱਲਾਂ ਕਰ ਕੇ ਓਧਰ ਦੀਆਂ ਹੋਰ ਕੌਮਾਂ ਇਨ੍ਹਾਂ ਤੋਂ ਘ੍ਰਿਣਾ ਕਰਦੀਆਂ ਸਨ। ਅਤੇ ਇਨ੍ਹਾਂ ਨੂੰ 'ਬੜੇ ਝੂਠੇ' ਜਾਣਦੀਆਂ ਸਨ, ਜਿਵੇਂ ਅੱਜ ਕਲ ਵੀ ਅਰਬ ਆਦਿ ਲੋਕ ਸਾਰੇ ਹਿੰਦੀਆਂ ਨੂੰ 'ਹਿੰਦੀ ਬੱਤਾਲ' ਕਹਿੰਦੇ ਹਨ। ਇਨ੍ਹਾਂ ਦਾ ਹੁਲੀਆ ਇਨ੍ਹਾਂ ਦੇ ਸੁਭਾਉ ਤੇ ਇਨ੍ਹਾਂ ਦੀਆਂ ਆਦਤਾਂ ਬਾਬਤ ਇਉਂ ਲਿਖਿਆ ਮਿਲਦਾ ਹੈ :—

"ਇਹ ਲੋਕ ਕੱਦ ਦੇ ਸਮਧਰ, ਬਦਨ ਦੇ ਗਠੀਲੇ ਹੁੰਦੇ ਹਨ। ਨੱਕ ਇਨ੍ਹਾਂ ਦੇ ਤੋਤੇ ਦੀ ਚੁੰਝ ਵਾਂਗ, ਜਿਵੇਂ ਅਸਿਰੀਆ ਦੇ ਬੁੱਤਾਂ ਦੇ ਬਣਾਏ ਜਾਂਦੇ ਹਨ। ਪਰ ਇਨ੍ਹਾਂ ਵਿੱਚ ਕੁਝ ਅਜਿਹੇ ਲੋਕ ਹਨ, ਜਿਨ੍ਹਾਂ ਦੀਆਂ ਗੱਲ੍ਹ ਦੀਆਂ ਹੱਡੀਆਂ ਉੱਚੀਆਂ ਹੁੰਦੀਆਂ ਹਨ, ਤੇ ਕੱਦ ਦੇ ਚੰਗੇ ਅਤੇ ਪਤਲੇ ਲੰਮੇ ਪੈਰਾਂ ਵਾਲੇ ਹੁੰਦੇ ਹਨ, ਜਿਸ ਤਰ੍ਹਾਂ ਕਿ ਅਫ਼ਰੀਕਨ ਨਸਲ ਦੇ ਅਤੇ ਖ਼ਾਨਾਂ-ਬਦੋਸ਼ ਲੋਕਾਂ ਦੇ ਹੁੰਦੇ ਹਨ। ਜੋ ਦੁਕਾਨਾਂ ਤੇ ਬੈਠ ਕੇ ਵਹੀ ਖ਼ਾਤੇ ਵਿੱਚ ਰੁੱਝੇ ਰਹਿੰਦੇ ਹਨ, ਉਨ੍ਹਾਂ ਦਾ ਰੰਗ ਪੀਲਾ ਜਾਂ ਹਲਕਾ ਗੰਦਮੀ ਹੁੰਦਾ ਹੈ। ਦੂਜਿਆਂ ਪੁਰ ਜੰਗਲ ਦੀ ਜ਼ਿੰਦਗੀ ਨੇ ਆਪਣਾ ਅਸਰ ਛੱਡਿਆ ਹੁੰਦਾ ਹੈ, ਧੁੱਪਾਂ ਨਾਲ ਉਨ੍ਹਾਂ ਦੇ ਹੱਥ ਸਾਂਵਲੇ ਹੋ ਗਏ ਹੁੰਦੇ ਹਨ, ਭਾਵੇਂ ਹਰ ਉਂਗਲੀ ਤੇ ਮੁੰਦਰੀ ਛੱਲੇ ਚਮਕ ਰਹੇ ਹੁੰਦੇ ਹਨ। ਜੋ ਜਹਾਜ਼ਰਾਨੀ ਕਰਦੇ ਹਨ, ਓਹ ਆਪਣੀ ਟੋਰ ਤੋਂ ਹੀ ਪਛਾਣੇ ਜਾਂਦੇ ਹਨ। ਕਾਸ਼ਤਕਾਰਾਂ ਤੋਂ ਚਾਰੇ ਪੱਠੇ, ਸ਼ਰਾਬ ਦੀ ਭੱਟੀ ਤੇ ਲਾਹਨ ਦੀ ਬੂ, ਅਤੇ ਖੱਚਰਾਂ ਦੇ ਪਸੀਨੇ ਦੀ ਬਾਸ ਆਉਂਦੀ ਹੈ। ਕਿਤੇ ਪੁਰਾਣਾ ਜਹਾਜ਼ੀ ਡਾਕੂ ਹੈ ਜਿਸ ਦੇ ਲਹਿਲਾਂਦੇ ਖੇਤ ਦੂਰ ਦੂਰ ਤਕ ਫੈਲੇ ਹਨ, ਕਿਤੇ ਧਨ ਜੋੜਨ ਵਾਲਾ ਹੈ ਜਿਸ ਨੇ ਆਪਣੀ ਪੂੰਜੀ ਜਹਾਜ਼ਾਂ ਅਤੇ ਸਮੁੰਦਰੀ ਵਪਾਰ ਵਿੱਚ ਲਾ ਰੱਖੀ ਹੈ। ਹੋਰ ਕਾਰਖ਼ਾਨਿਆਂ ਵਾਲੇ ਹਨ, ਜਿਨ੍ਹਾਂ ਨੇ ਸੈਂਕੜੇ ਗੁਲਾਮ ਖ਼ਰੀਦ ਕੇ ਦਸਤਕਾਰੀ ਦੇ ਕੰਮਾਂ ਤੇ ਲਾਏ ਹੋਏ ਹਨ।

ਪਰ ਸਾਰੇ ਹੀ ਮੋਮਨ-ਸੂਰਤ, ਹੀਲੇ-ਬਾਜ਼, ਨਿਰਦੇਈ ਅਤੇ ਧਨੀ ਹਨ। ਫ਼ਿਕਰਾਂ ਦੇ ਮਾਰੇ ਹਨ, ਜਿਨ੍ਹਾਂ ਦੀਆਂ ਸ਼ੋਖ ਅੱਖਾਂ ਤੋਂ ਬੇ-ਇਤਬਾਰੀ ਦੀਆਂ ਕਿਰਨਾਂ ਨਿਕਲ ਰਹੀਆਂ ਹਨ, ਸਫ਼ਰਾਂ ਦੇ ਆਦੀ, ਝੂਠ ਦੇ ਵਾਦੀ, ਵਪਾਰ ਦੇ ਖੋਟੇ, ਧੌਂਸ ਨੂੰ ਝੋਟੇ, ਸ਼ਕਲ ਤੋਂ ਹੀ ਰੁੰਦੀ, ਮਕਰ, ਅਤੇ ਦਰਿੰਦਗੀ ਨਜ਼ਰ ਆ ਰਹੇ ਹਨ; ਭਾਵੇਂ ਇਹ ਗੁਣ ਦਬ

*ਇਨ੍ਹਾਂ ਦੇਸਾਂ ਦੀਆਂ ਪੁਰਾਤਨ ਕਹਾਣੀਆਂ ਅਨੁਸਾਰ ਹਜ਼ਰਤ ਨੂਹ ਦੇ ਪੁੱਤਰ ਸਾਮ ਤੇ ਹਾਮ ਸਨ। ਸਾਮ ਦੀ ਔਲਾਦ Semitics ਵਿੱਚ ਮਿਸਰੀ, ਯਹੂਦੀ, ਅਰਬੀ, ਵਗੈਰਾ ਸਨ ਅਤੇ ਹਾਮ ਦੀ ਔਲਾਦ ਵਿੱਚ ਹਬਸ਼ੀ ਵਗੈਰਾ ਅਫ਼ਰੀਕਾ ਦੇ ਲੋਕ।

Sri Satguru Jagjit Singh Ji Elibrary NamdhariElibrary@gmail.com

ਕੇ ਵੱਸ ਵਿੱਚ ਰੱਖੇ ਹੁੰਦੇ ਹਨ, ਪਰ ਝਟ ਫੁੱਟ ਨਿਕਲਣ ਨੂੰ ਸਤਹ ਤੇ ਹੀ ਹੁੰਦੇ ਹਨ।

ਖ਼ੁਦ-ਸਰ, ਖ਼ੁਦ-ਰਾਏ, ਕਮ-ਗੋ ਲੋਕਾਂ ਦੀ ਇਹ ਕੌਮ ਫ਼ਿਨਿਕੀ ਹੈ।"

ਇਨ੍ਹਾਂ ਦਾ ਧਰਮ ਕਾਮੀ ਪੁਰਖਾਂ ਵਾਲਾ ਸੀ। ਸੂਰਜ ਚੰਦ, ਤਾਰਿਆਂ ਨੂੰ ਦੇਵਤੇ ਮੰਨ ਕੇ, ਉਨ੍ਹਾਂ ਦੇ ਬੁਤ ਬਣਾ ਕੇ ਪੂਜਦੇ ਸਨ। ਵੱਡਾ ਦੇਵ, 'ਮਲਕ' (molock) 'ਬਾਅਲ' ਸੀ ਜੋ ਸੂਰਜ ਦੇਵ ਸੀ। ਤਾਅਨਿਤ (Taanit) ਚੰਦ ਦੀ ਦੇਵੀ ਸੀ। ਅਸਤਰਤੇ (Astarte) ਜਾਂ ਅਸ਼ਤੋਰਿਤ (Ashtoreth) ਜਗਤ-ਜਨਨੀ ਸੀ ਜਿਸ ਦੇ ਮੰਦਰ ਵਿੱਚ ਸੈਂਕੜੇ ਦੇਵ-ਦਾਸੀਆਂ ਜਾਂ ਰਾਮਜਨੀਆਂ ਹੁੰਦੀਆਂ ਸਨ, ਹਰਾਮਕਾਰੀ ਇਨ੍ਹਾਂ ਦਾ ਕੰਮ ਸੀ: ਮਜ਼੍ਹਬ ਦੇ ਨਾਮ ਤੇ ਹਰਾਮਕਾਰੀ (sacred prostitution) ਦਾ ਆਮ ਰਿਵਾਜ ਸੀ। ਕੋਈ ਤਅੱਜੁਬ ਨਹੀਂ ਕਿ ਤਰੀਮਤਾਂ ਦੀ ਵਿਕਰੀ (White-slave Traffic) ਇਨ੍ਹਾਂ ਦੇ ਵਪਾਰ ਦਾ ਵੱਡਾ ਹਿੱਸਾ ਸੀ। ਜਹਾਜ਼ਾਂ ਵਿੱਚ ਜਾ ਕੇ ਸਮੁੰਦਰ ਦੇ ਕੰਢੇ ਦੇ ਪਿੰਡਾਂ ਸ਼ਹਿਰਾਂ ਵਿੱਚ ਛਾਪੇ ਮਾਰਦੇ ਸਨ ਅਤੇ ਯਹੂਦਣਾਂ, ਯੂਨਾਨਣਾਂ ਤੇ ਹਰ ਕੌਮ ਦੀਆਂ ਇਸਤਰੀਆਂ ਫੜ ਲਿਆਉਂਦੇ ਸਨ ਅਤੇ ਦੂਰ ਦੂਰ ਦੇਸਾਂ ਵਿੱਚ ਲਿਜਾ ਕੇ ਵੇਚ ਦੇਂਦੇ ਸਨ। ਇਹ ਵਪਾਰ ਹਿੰਦੁਸਤਾਨ ਤਕ ਹੁੰਦਾ ਸੀ; ਰਾਜਿਆਂ ਦੇ ਮਹਿਲਾਂ ਵਿੱਚ ਜੋ 'ਯਵਨੀਆਂ' ਦਾਸੀਆਂ ਦੇ ਅੱਜੜ ਹੁੰਦੇ ਸਨ, ਓਹ ਏਸੇ ਮੰਡੀ ਵਿੱਚੋਂ ਖ਼ਰੀਦੇ ਜਾਂਦੇ ਸਨ। ਮੁਲਕ ਲਿਡੀਆ ਤੇ ਲਾਓ ਡਿਸ਼ੀਆ ਦੀਆਂ ਸ਼ਰਾਬਾਂ ਤੇ ਆਉਂਦੀਆਂ ਹੀ ਸਨ। 'ਮਲਕ' ਦੇ ਬੁੱਤ ਨੂੰ ਭੇਡਾਂ, ਬੱਕਰੀਆਂ, ਡੰਗਰਾਂ ਦੀ ਕੁਰਬਾਨੀ ਦੇਂਦੇ ਸਨ। ਮਨੁੱਖ ਦੇ ਬੱਚਿਆਂ ਦੀਆਂ ਬਲੀਆਂ ਵੀ ਆਮ ਸਨ, ਜਿਨ੍ਹਾਂ ਦੀ ਗਿਣਤੀ, ਵਰ੍ਹੇ ਦਿਨਾਂ ਦੇ ਦਿਨ ਤੇ ਹੋਰ ਤਿਹਾਰਾਂ ਪੁਰ, ਵਰ੍ਹੇ ਦੇ ੩੬੫ ਦਿਨਾਂ ਨਾਲੋਂ ਵੀ ਕਿਤੇ ਉੱਪਰ ਚਲੀ ਜਾਂਦੀ ਸੀ। ਇਹ ਸਨ ਫ਼ਿਨੀਸ਼ਨ ਲੋਕ।

ਅਜਿਹੇ 'ਪੈਸੇ ਦੇ ਪੀਰ', ਰਾਠ ਲੋਕਾਂ ਵਿੱਚ, ਕਿਸੇ ਉੱਚੇ ਫ਼ਲਸਫ਼ੇ, ਕਿਸੇ ਚੰਗੇ ਇਨਸਾਨੀਅਤ ਵਾਲੇ ਨਵੇਂ ਧਰਮ ਲਈ ਤੇ ਥਾਂ ਹੀ ਨਹੀਂ ਸੀ; ਉਨ੍ਹਾਂ ਕੋਈ ਸਾਹਿੱਤ ਵੀ ਪਿੱਛੇ ਨਹੀਂ ਛੱਡਿਆ। ਉਨ੍ਹਾਂ ਦੇ ਸਾਹਿੱਤ, ਵਪਾਰ ਦੇ ਹਿਸਾਬ ਕਿਤਾਬ ਤੇ ਵਹੀਆਂ ਖਾਤੇ ਹਨ ਜੋ ਪਿੱਛੇ ਰਹੇ ਹਨ। ਹਾਂ, ਇਕ ਰਿਸਾਲਾ ਖੇਤੀ ਬਾੜੀ ਦੇ ਹੁਨਰ ਤੋਂ ਵੀ ਹੈ। ਪਰ ਉਨ੍ਹਾਂ ਦੀ ਸਭ ਤੋਂ ਵੱਡੀ ਯਾਦਗਾਰ ਉਨ੍ਹਾ ਦੀ ਬਣਾਈ ਲਿਪੀ ਹੈ ਜੋ ਉਨ੍ਹਾਂ ਨੇ ਆਪਣੇ ਵਪਾਰ ਦੀ ਖ਼ਾਤਰ ਪੁਰਾਣੀ ਮਿਸਰੀ (Hieroglyphs) ਤੇ ਰੂਮ ਸਾਗਰ ਦੇ ਦੁਆਲੇ ਦੇ ਦੇਸ਼ਾਂ ਦੇ ਵਪਾਰੀਆਂ ਵਿੱਚ ਵਰਤੇ ਜਾਣ ਵਾਲੇ ਨਿਸ਼ਾਣਾਂ Mediterranean Signary ਤੋਂ ਤੇਰ੍ਹਵੀਂ ਸਦੀ ਬੀ. ਸੀ. ਵਿੱਚ ਬਣਾਈ ਅਤੇ ਆਪਣੇ ਵਪਾਰ ਦੇ ਨਾਲ ਹੀ ਸਾਰੀ ਦੁਨੀਆਂ ਵਿੱਚ ਫੈਲਾਈ।

ਇਨ੍ਹਾਂ ਨੇ ੬੦੦ ਪੂਰਬ ਈਸਾ ਦੇ ਕਰੀਬ ਸਾਰੇ ਅਫ਼ਰੀਕਾ ਦਾ ਗੇੜ ਲਾ ਲਿਆ ਸੀ, ਜਿਵੇਂ ਕਿ ਹਿਰੋਦੋਤਸ ਲਿਖਦਾ ਹੈ, ਅਤੇ ਇਨ੍ਹਾਂ ਦਾ ਵਪਾਰ ਇੰਗਲਿਸਤਾਨ ਤਕ ਚਲਦਾ ਸੀ, ਜਿੱਥੋਂ ਕਲੱਈ ਆਉਂਦੀ ਸੀ। ਹਿੰਦੁਸਤਾਨ ਵਿੱਚ ਕਿਹੜੀਆਂ ਚੀਜ਼ਾਂ ਬਾਹਰੋਂ ਆਉਂਦੀਆਂ ਸਨ, ਇਹ ਅਸਾਂ ਉੱਪਰ ਕਿਹਾ ਹੈ। ਹੋਰ ਮਾਲ ਮਿਸਰ ਦਾ ਬਣਿਆ ਸ਼ੀਸ਼ੇ ਅਤੇ ਚੀਨੀ (porcelain) ਦਾ ਸਾਮਾਨ, ਤੋਰ (Tyre) ਦੇ ਕਿਰਮਚੀ* ਰੰਗ ਦੇ ਰੰਗੇ ਊਨੀ ਕਪੜੇ ਅਤੇ

*ਇਹ ਰੰਗ ਇਕ ਨਿੱਕੀ ਮੱਛੀ ਤੋਂ ਬਣਦਾ ਸੀ ਜੋ ਫ਼ਿਨੀਸ਼ੀਆ ਦੇ ਕੰਢੇ ਆਮ ਸੀ।

ਅੰਬਰ (amber)* ਆਦਿ ਹੁੰਦਾ ਸੀ।

ਹਿੰਦੁਸਤਾਨ ਤੋਂ ਕਈ ਤਰ੍ਹਾਂ ਦੇ ਸੂਤੀ ਤੇ ਰੇਸ਼ਮੀ ਕੱਪੜੇ, ਦੱਖਣ-ਦੇਸ ਅਤੇ ਸ਼ਿੰਹਲ ਦੀਪ ਦੇ ਮਸਾਲੇ ਲੌਂਗ, ਇਲਾਇਚੀ, ਦਾਰਚੀਨੀ, ਕਾਲੀ ਮਿਰਚ† ਆਦਿ, ਅਤੇ ਉੱਤਰੀ ਹਿੰਦ ਤੋਂ ਅੰਨ ਦਾਣਾ, ਮਾਲ ਡੰਗਰ, ਤੋਤੇ, ਮੋਰ, ਬਾਂਦਰ, ਅਤੇ ਸਭ ਤੋਂ ਵਧ ਗੱਲ ਹੈ ਕਿ ਤੋੜ ਪੂਰਬੀ ਬੰਗਾਲ ਤੋਂ ਹਾਥੀ ਸਣੇ ਮਹਾਵਤਾਂ ਜਾਂਦੇ ਸਨ। ਮੈਗਨਾ ਦਰਿਆ ਦੀ ਵਾਦੀ ਦਾ ਮੈਗਨਾ ਹਾਥੀ ਜੰਗ ਦੇ ਕੰਮ ਲਈ ਬਹੁਤ ਚੰਗਾ ਸਮਝਿਆ ਜਾਂਦਾ ਸੀ। ਜਦ ਉਧਰ ਦੇ ਲੋਕ ਮਹਾਵਤ ਬਣਦੇ ਸਨ, ਤਦ ਉਨ੍ਹਾਂ ਨੂੰ ਵੀ ਹਿੰਦੂ ਮਹਾਵਤਾਂ ਵਾਲੀ ਪੋਸ਼ਾਕ ਪਹਿਨਣੀ ਹੁੰਦੀ ਸੀ, ਸਿਰ ਤੇ ਪਗੜੀ ਅਤੇ ਲੱਕ ਗੋਡਿਆਂ ਤਕ ਧੋਤੀ। ਕਾਰਥੇਜ ਦੇ ਸਭ ਫ਼ੌਜੀ ਸਰਦਾਰਾਂ (Suffete) ਦੇ ਘਰੀਂ ਜੰਗੀ ਹਾਥੀ ਹੁੰਦੇ ਸਨ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਇਕ ਮੈਕਨਾ ਜਾ ਮੈਗਨਾ ਹਾਥੀ ਦੋ ਮਹਾਵਤਾਂ ਸਮੇਤ ਢਾਕੇ ਦੀ ਹਜ਼ੂਰ-ਸੰਗਤ ਤੋਂ ਹੀ ਫ਼ਰਮਾਇਸ਼ ਕਰ ਕੇ ਮੰਗਵਾਇਆ ਸੀ। ਜਿਸ ਹੁਕਮਨਾਮੇ ਦੀ ਫੋਟੋ ਅਸਾਂ ਪਲੇਟ ਨੰ: ੧੪ ਵਿੱਚ ਦਿੱਤੀ ਹੈ, ਉਸ ਵਿੱਚ ਹਾਥੀ ਲਈ ਹੀ ਫ਼ਰਮਾਇਸ਼ ਕੀਤੀ ਹੋਈ ਹੈ।

ਹਿੰਦੂ ਲੋਕ ਫਿਨੀਸ਼ਨ ਦੀਆਂ ਫ਼ੌਜਾਂ ਵਿੱਚ ਵੀ ਜਾ ਭਰਤੀ ਹੁੰਦੇ ਸਨ, ਜਿਸ ਤਰ੍ਹਾਂ ਕਿ ਪਿੱਛੋਂ ਈਰਾਨ ਦੇ ਸ਼ਹਿਨਸ਼ਾਹ ਦਾਰਾ ਹਸਤਾਸਪ ਅਤੇ ਗੁਰਗੇਸ਼ ਦੀਆਂ ਫ਼ੌਜਾਂ ਵਿੱਚ।

---

*ਮੁਸ਼ਕ 'ਅੰਬਰ' ਐਡਰੀਆਟਿਕ ਸਾਗਰ ਦੇ ਉੱਤਰੀ ਸਿਰੇ ਤੋਂ ਆਉਂਦਾ ਸੀ; 'ਊਦ' ਭੀ ਓਧਰੋਂ ਹੀ ਆਉਂਦਾ ਸੀ।

†ਲਾਲ ਮਿਰਚ ਹਿੰਦੁਸਤਾਨ ਵਿੱਚ ਪੁਰਤਗੇਜ਼ ਦੱਖਣੀ ਅਮਰੀਕਾ ਤੋਂ ਅਠਾਰ੍ਹਵੀਂ ਸਦੀ ਵਿੱਚ ਲਿਆਏ ਸਨ। ਸਭ ਤੋਂ ਪਹਿਲੀ ਚੀਜ਼ ਜੋ ਓਹ ਲਿਆਏ ਓਹ (Cashewnut tree) ਕਾਜੂ ਦਾ ਬੂਟਾ ਸੀ। ਫੇਰ ਤਮਾਕੂ ਆਂਦਾ ਤੇ ਉਪ੍ਰੰਤ ਲਾਲ ਮਿਰਚ।

Sri Satguru Jagjit Singh Ji Elibrary NamdhariElibrary@gmail.com

# ਖਿਲ ੪
# ਗੁਰਮੁਖੀ ਦੀਆਂ ਪ੍ਰਾਚੀਨ ਲਿਖਤਾਂ

ਇਨ੍ਹਾਂ ਨੂੰ ਅਸੀਂ ਤਿੰਨ ਵਰਗਾਂ ਵਿੱਚ ਵੰਡ ਸਕਦੇ ਹਾਂ :—

(ੳ) ਗ੍ਰੰਥ, ਪੋਥੀਆਂ,

(ਅ) 'ਨੀਸਾਣ', ਅਤੇ

(ੲ) 'ਹੁਕਮਨਾਮੇ',

(ੳ) ਕੁਝ ਕੁ ਪੁਰਾਣੇ ਹੱਥ ਲਿਖੇ ਗੁਰੂ ਗ੍ਰੰਥ ਸਾਹਿਬ ਇਹ ਹਨ :—

ਸੰਮਤ ੧੬੪੮ (ਸੰਨ ੧੫੯੧ ਈਸਵੀ), ਬੰਹਤ; ੧੭੧੬ ਡੇਹਰਾਦੂਨ; ੧੭੧੮, ਕਾਨੂਗੜ੍ਹ ਪਟਿਆਲਾ),

ਹੋਰ ਪ੍ਰਾਚੀਨ ਬੀੜਾਂ ਹਨ :

੧੭੨੩ ਸੰਮਤ, ਪਿਸ਼ਾਵਰ ਮਹੱਲਾ ਕੱਕੜਾਂ; ੧੭੨੮ ਪਿੰਡ ਸਾਰਨਕੇ; ੧੭੩੨, ਪਿੰਡੀ ਲਾਲਾ; ੧੭੩੨, ਢਾਕਾ; ੧੭੩੯, ਛੋਟਾ ਮਿਰਜ਼ਾਪੁਰ; ੧੭੪੨, ਨਾਨਕ ਮਤਾ (ਪੀਲੀ ਭੀਤ); ੧੭੪੨ ਡੇਹਰਾਦੂਨ; ੧੭੪੫, ਬਣੀਗ੍ਰਾਮ (ਬੰਗਾਲ); ੧੭੪੩, ਲਖਨਊ (ਸੰਗਤ ਗੁਰੂ ਤੇਗ ਬਹਾਦਰ); ੧੭੪੮, ਤਖ਼ਤ ਪਟਨਾ; ੧੭੫੦, ਬਨਾਰਸ; ੧੭੫੦-੫੨, ਬੁਰਹਾਨਪੁਰ; circa ੧੭੬੯-੭੦, ਅਖਨੂਰ (ਜੰਮੂ); ੧੭੭੫, ਆਗਰਾ। ਗੁਰੂ ਗੋਬਿੰਦ ਸਿੰਘ ਸਾਹਿਬ ਸੰਮਤ ੧੭੬੫ ਜਾਂ ੧੭੬੬ ਵਿੱਚ ਸਮਾਏ ਉਸ ਤੋਂ ਪਿੱਛੋਂ ਤਿਆਰ ਹੋਈਆਂ ਬੀੜਾਂ ਦੱਸਣ ਦੀ ਲੋੜ ਨਹੀਂ।

ਪੋਥੀਆਂ ਵਿੱਚੋਂ ਸਭ ਤੋਂ ਪੁਰਾਣੀ, ਜੋ ਮੇਰੀ ਨਜ਼ਰੋਂ ਲੰਘੀ ਹੈ, ਓਹ ਹੈ 'ਸਿੰਭੂ ਨਾਥ ਬ੍ਰਾਹਮਨ' ਦੀ ਲਿਖੀ 'ਜਨਮ ਪਤ੍ਰੀ ਬਾਬੇ ਨਾਨਕ ਕੀ' ਜੋ ਉਸ ਨੇ 'ਪੋਥੀ ਲਿਖੀ ਸੰਮਤ ੧੭੫੮ ਪੋਹ ਸੁਦੀ ੧ ਵਾਰ ਸੁਕਰਵਾਰ ਲਿਖਤੰ ਸਿੰਭੂ ਨਾਥ ਬ੍ਰਾਹਮਣ ਗੁਰੂ ਬਾਬੇ ਜੀ ਕੀ ਸੰਗਤ ਕਾ ਦਾਸ...'.. ਇਹ ਗੁਰੂ ਗੋਬਿਦ ਸਿੰਘ ਜੀ ਦਾ ਵਕਤ ਸੀ, ਜਦ ਕਿ ਉਨ੍ਹਾਂ ਨੇ ਖ਼ਾਲਸਾ ਪੰਥ ਸਾਜਿਆ। ਹੋਰ ਕਲਮੀ ਜਨਮ ਸਾਖੀਆਂ ਜੋ ਮੈਂ ਵੇਖੀਆਂ ਹਨ ਅਤੇ ਜਿਨ੍ਹਾਂ ਪੁਰ ਸੰਮਤ ਦਿੱਤਾ ਹੋਇਆ ਹੈ ਓਹ ਹਨ ੧੭੭੦, ੧੭੮੧, ਅਤੇ ੧੮੦੩ ਦੀਆਂ। ਮਰਦਾਨ ਵਾਲੀ ਜਨਮ ਸਾਖੀ ਅਤੇ ਹੋਰ ਤਿੰਨ ਚਾਰ ਬਾ-ਤਸਵੀਰ ਜਨਮ ਸਾਖੀਆਂ ਹੱਥ ਦੀਆਂ ਲਿਖੀਆਂ ਵੀ ਵੇਖੀਆਂ ਹਨ ਪਰ ਉਨ੍ਹਾਂ ਉੱਪਰ ਉਤਾਰਾ ਕਰਨ ਦਾ ਸੰਮਤ ਨਹੀਂ ਸੀ ਦਿੱਤਾ ਹੋਇਆ। ਮਜ਼ਮੂਨ ਤੋਂ ਅੰਦਾਜ਼ਾ ਕਰ ਕੇ ਉਨ੍ਹਾਂ ਨੂੰ ਉੱਪਰਲੀਆਂ ਤੋਂ ਪਿੱਛੋਂ ਹੀ ਰੱਖਿਆ ਜਾ ਸਕਦਾ ਹੈ, ਘਟ ਤੋਂ ਘੱਟ ਗੁਰੂ ਗੋਬਿੰਦ ਸਿੰਘ ਜੀ ਦੇ ਵਕਤ ਤੋਂ ਪਹਿਲੇ ਨਹੀਂ।



Sri Satguru Jagjit Singh Ji Elibrary NamdhariElibrary@gmail.com

ਸੰਮਤ ੧੭੭੦ ਵਾਲੀ ਸਨਮ ਸਾਖੀ ਪ੩੦ ਦੇ ਪਤਰੇ ਛੋਟੇ ਹਨ ਅਤੇ ਲਿਖਿਆ ਹੋਇਆ ਭਾਗ ਪੌਣੇ ਪੰਜ ਇੰਚ × ਚਾਰ ਇੰਚ ਹੈ ਅਤੇ ੩੪੦ ਤਸਵੀਰਾਂ ਲਈ ਥਾਂ ਕੋਰੀ ਛੱਡੀ ਹੋਈ ਹੈ । ਲਿਖਾਈ ਦੀ ਉਜਰਤ ਪੋਥੀ ਦੇ ਅੰਤ ਪੁਰ ੩੩੦ ਰੁਪਏ ਦਿੱਤੀ ਹੋਈ ਹੈ, ਜਿਸ ਦਾ ਮਤਲਬ ਹੈ ਕਿ ਛੀ ਪੱਤਰਾ ਇਕ ਰੁਪਿਆ । ਪੱਤਰੇ ਪੁਰ ਜੇ ਪੂਰਾ ਲਿਖਿਆ ਹੋਵੇ ਤਦ ਵੀਹ ਸਤਰਾਂ ਤੇ ੩੬੦ ਅੱਖਰ ਹਨ । ੨੦੫ ਤਸਵੀਰਾਂ ਕਿਸੇ ਹੋਰ ਮੁਸੱਵਰ ਦੀਆਂ ਪੱਤਰੇ ਦੇ ਕਾਗਜ਼ ਪੁਰ ਬਣਾਈਆਂ ਹਨ, ਇਨ੍ਹਾਂ ਦਾ ਮੁੱਲ ਵੱਖਰਾ ਦਿੱਤਾ ਹੋਵੇਗਾ । ਤਸਵੀਰਾਂ ਲਈ ਹਾਲੀ ੧੩੫ ਜਗ੍ਹਾਂ ਕੋਰੀਆਂ ਪਈਆਂ ਹੋਈਆਂ ਹਨ, ਜੇ ਇਹ ਵੀ ਬਣ ਜਾਂਦੀਆਂ ਤਾਂ ਅਸੀਂ ਅੰਦਾਜ਼ਨ ਕਹਿ ਸਕਦੇ ਹਾਂ ਕਿ ਇਕ ਨਿੱਕੀ ਜਿਹੀ ਪੋਥੀ ਦੀ ਲਾਗਤ ਅੱਠ ਸੌ ਰੁਪਏ ਦੇ ਕਰੀਬ ਜਾ ਰਹੀ । ਤਸਵੀਰਾਂ ਲਾਣ ਦਾ ਇਕ ਹੋਰ ਢੰਗ ਇਹ ਸੀ ਕਿ ਜਿਸ ਸਫ਼ੇ ਉੱਤੇ ਤਸਵੀਰ ਬਣਾਈ ਹੁੰਦੀ ਸੀ, ਉਸ ਨੂੰ ਵਿੱਚ ਵਾਰ ਅੱਧਾ ਕੋਰਾ ਛੱਡ ਦਿੱਤਾ ਜਾਂਦਾ ਸੀ ਅਤੇ ਉਸ ਦੇ ਮੁਕਾਬਲੇ ਦੇ ਸਫ਼ੇ ਉੱਤੇ ਵੀ ਉਤਨੀ ਹੀ ਜਗ੍ਹਾ ਕੋਰੀ ਰੱਖੀ ਜਾਂਦੀ ਸੀ । ਪਿੱਛੋਂ ਮੁਸੱਵਰ ਤੋਂ ਅੱਡ ਕਾਗਜ਼ ਪੁਰ ਤਸਵੀਰਾਂ ਬਣਵਾ ਕੇ ਲੇਵੀ ਨਾਲ ਜੋੜ ਦਿੱਤੀਆਂ ਜਾਂਦੀਆਂ ਸਨ । ਇਹੋ ਜਿਹੀਆਂ ਵੀ ਤਿੰਨ ਜਨਮ ਸਾਖੀਆਂ ਮੈਂ ਵੇਖੀਆਂ ਹਨ । ਏਸ ਤਰ੍ਹਾਂ ਕੀਤੀਆਂ ਤਸਵੀਰਾਂ ਕੁਝ ਚੰਗੇਰੀਆਂ ਬਣ ਸਕਦੀਆਂ ਸਨ ।

ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਕਿ ਕਿਤਨਾਂ ਕੁ ਪ੍ਰਚਾਰ ਇਨ੍ਹਾਂ ਗਰੰਥਾਂ ਪੋਥੀਆਂ ਦਾ ਗ਼ਰੀਬ ਸਿੱਖਾਂ ਵਿੱਚ ਹੋ ਸਕਦਾ ਸੀ । ਬਾਵਜੂਦ ਇਤਨੀ ਲਾਗਤ ਦੇ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਪੋਥੀਆਂ ਖ਼ੁਸ਼ਖ਼ਤ ਲਿਖੀਆ ਹੋਈਆਂ ਹਨ ।

ਮਤਨ ਜਾਂ ਟੈਕਸਟ ਗੁਰੂ ਗਰੰਥ ਸਾਹਿਬਾਂ ਵਾਂਗ ਪੂਰੀਆਂ ਸਤਰਾਂ ਵਿੱਚ ਲਿਖਿਆ ਹੋਇਆ ਹੈ; ਲਫ਼ਜ਼ ਬਹੁਤ ਘੱਟ ਇਕ ਦੂਜੇ ਤੋਂ ਨਿਖੇੜੇ ਗਏ ਹਨ । ਪਦ-ਰਚਨਾ ਦੀ ਇੱਕ ਇੱਕ ਤੁਕ ਅੱਡ ਅੱਡ ਪਾਲ ਵਿੱਚ ਤਾਂ ਕੀਹ ਲਿਖਣੀ ਸੀ, ਕਾਗਜ਼ ਦਾ ਸਰਫ਼ਾ ਪਹਿਲਾ ਵਿਚਾਰ ਸੀ । ਫ਼ਾਰਸੀ ਨੁਸਖ਼ਿਆਂ ਦੀ ਨਕਲ ਤੇ ਮੁੱਢ ਦੇ ਅੱਖਰ ਕਿਸੇ ਕਿਸੇ ਬੀੜ ਜਾਂ ਪੋਥੀ ਵਿੱਚ ਲਾਲ ਰੰਗ ਨਾਲ ਦਿੱਤੇ ਹਨ । ਕਿਤੇ ਕਿਤੇ ਨੀਲਾ ਤੇ ਸੁਨਹਿਰੀ ਰੰਗ ਵੀ ਵਰਤਿਆ ਹੈ । ਕੋਈ ਜ਼ੇਬਾਇਸ਼ੀ ਸ਼ਕਲਾਂ ਦੇ ਅੱਖਰ ਸਿਰਨਾਵਿਆਂ ਲਈ ਨਹੀਂ ਵਰਤਦੇ । ਪੋਥੀ ਆਦਿ ਦੇ ਸ਼ੁਰੂ ਵਿੱਚ ਲਫ਼ਜ਼ 'ਅਥ' ਅਤੇ ਛੇਕੜ ਪੁਰ 'ਇਤਿ', ਜਾਂ 'ਸੁਭੰ ਅਸਤੁ' ਨੂੰ ਵਿਗਾੜ ਕੇ 'ਮਸਤ ਸੁਭ ਮਸਤ' ਕਿਤੇ ਕਿਤੇ ਲਿਖਿਆ ਵੇਖਿਆ ਗਿਆ ਹੈ । ਕੋਈ ਨਵਾਂ ਧਿਆਇ ਜਾਂ ਨਵੀਂ ਸਾਖੀ ਆਦਿ ਦੇ ਸ਼ੁਰੂ ਕਰਣ ਲਈ ਫ਼ਾਰਸੀ ਕਿਤਾਬਾਂ ਦੀ ਨਕਲ ਵਿੱਚ 'ਦੀਗਰ' ਤੇ 'ਅਫ਼ਜ਼ੂੰ افزون' ਦੇ ਲਫ਼ਜ਼ ਵੀ ਵਰਤੇ ਹਨ, ਜਿਸ ਨੂੰ ਫ਼ਾਰਸੀ ਨਾਂਹ ਜਾਣਨ ਵਾਲੇ ਪਾਠਕ 'ਅਫ਼ਜ਼ੂ' افزو । ਹੀ ਪੜ੍ਹਦੇ ਹਨ ।

ਗਰੰਥ ਸਾਹਿਬਾਂ ਵਿੱਚ ਲਿਖਾਈ ਮੁੱਕਣ ਦਾ ਸੰਮਤ ਅਕਸਰ ਕਰ ਕੇ ਦਿੱਤਾ ਹੈ । ਅਤੇ ਚੂੰਕਿ 'ਤਤਕਰਾ' ਪਿਛੋਂ ਨਕਲ ਕੀਤਾ ਜਾਂਦਾ ਸੀ, ਇਹ ਸੰਮਤ ਤੇ ਥਿੱਤ ਵਾਰ ਤਤਕਰੇ ਦੇ ਮੁੱਢ ਜਾਂ ਅੰਤ ਵਿੱਚ ਲਿਖਦੇ ਸਨ ਤੇ ਕਦੇ ਕਦੇ ਗੁਰੂ ਗਰੰਥ ਸਾਹਿਬ ਦੇ ਛੇਕੜ ਪਰ । ਕੇਵਲ ਇਕ ਗੁਰੂ ਗਰੰਥ ਸਾਹਿਬ ਵਿੱਚ ਜਿੱਥੇ ਨਕਲ ਕਰਨੀ ਤਤਕਰੇ ਤੋਂ ਸ਼ੁਰੂ ਕੀਤੀ ਸੀ, 'ਆਰੰਭ ਸੰਮਤ' ਦਿੱਤਾ ਹੋਇਆ ਹੈ ।

(ਅ) 'ਨੀਸ਼ਾਣ' ਤੋਂ ਮਤਲਬ ਹੈ, ਗੁਰੂ ਗਰੰਥ ਸਾਹਿਬਾਂ ਵਿੱਚ ਗੁਰੂ ਸਾਹਿਬਾਨ ਦੇ ਹਸਤਾਖਰ (autograph) । ਇਹ 'ਨੀਸ਼ਾਣ' ਗੁਰੂ ਅਰਜਨ ਦੇਵ, ਗੁਰੂ ਹਰਿਰਾਇ ਸਾਹਿਬ, ਬਾਬਾ ਰਾਮ ਰਾਇ

ਅਤੇ ਸਭ ਤੋਂ ਵਧ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹਨ । ਅਤੇ ਇਕ ਅੱਧ ਜਗ੍ਹਾ ਗੁਰੂ ਹਰਿ ਗੋਬਿੰਦ ਸਾਹਿਬ ਦਾ ਵੀ ਦਸਤਖ਼ਤ ਹੈ, ਅਰਥਾਤ ਉਨ੍ਹਾਂ ਦੇ ਹੱਥ ਦੇ ਲਿਖੇ ਅੱਖਰ ਮੌਜੂਦ ਹਨ ।


(ੲ) 'ਹੁਕਮਨਾਮੇ' ਓਹ ਚਿੱਠੀਆਂ ਹਨ ਜੋ ਗੁਰੂ ਸਾਹਿਬਾਨ ਨੇ ਸੰਗਤਾਂ ਜਾਂ ਖ਼ਾਸ ਸਿੱਖਾਂ ਵੱਲ ਲਿਖੀਆਂ । ਇਹ ਕੇਵਲ ਗੁਰੂ ਤੇਗ਼ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹਨ । ਇਹ ਤਿੰਨ ਤਰ੍ਹਾਂ ਦੇ ਹਨ : ਇੱਕ ਤਾਂ ਗੁਰੂ ਸਾਹਿਬ ਦੇ ਆਪਣੇ ਹੱਥ ਦੀ ਲਿਖੀ ਚਿੱਠੀ, ਦੂਜੇ ਉਨ੍ਹਾਂ ਦੇ ਆਗਿਆ ਕਰਨ ਪੁਰ ਲਿਖਾਰੀ ਦੀ ਲਿਖੀ, ਤੇ ਤੀਜੀ ਪਹਿਲੇ ਗੁਰੂ ਸਾਹਿਬ ਦੀ ਲਿਖੀ ਅਤੇ ਉਸੇ ਕਾਗਜ਼ ਪੁਰ ਕੁਝ ਵਧਾਕੇ ਲਿਖਾਰੀ ਦੀ ਲਿਖੀ । ਇਨ੍ਹਾਂ ਤੋਂ ਸਿਵਾਏ ਅੱਠ ਇਹੋ ਜਿਹੀਆਂ ਚਿੱਠੀਆਂ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵੀ ਜੀ ਦੀਆਂ ਵੀ ਪਟਨੇ ਹਰਿਮੰਦਰ ਵਿੱਚ ਮੌਜੂਦ ਹਨ, ਜੋ ਸਾਰੀਆਂ ਲਿਖਾਰੀਆਂ ਦੇ ਹੱਥਾਂ ਦੀਆਂ ਲਿਖੀਆਂ ਹੋਈਆਂ ਹਨ । ਇਨ੍ਹਾਂ ਚਿੱਠੀਆਂ ਵਿੱਚ ਲਿਖਣ ਵਾਲੇ ਦਾ ਨਾਮ, ਲਿਖਣ ਦਾ ਥਾਂ ਅਤੇ ਹੇਠਾਂ ਲਿਖਣ ਵਾਲੇ ਦਾ ਨਾਮ ਦੇ ਕੇ ਦਸਤਖਤ (Signature) ਕਿਸੇ ਵਿੱਚ ਵੀ ਨਹੀਂ । ਮਜ਼ਮੂਨ ਤੋਂ ਹੀ ਅੰਦਾਜ਼ਾ ਲਾਣਾ ਹੁੰਦਾ ਹੈ ਜਾਂ ਸੰਮਤ, ਥਿੱਤ ਆਦਿ ਤੋਂ,ਜੋ ਬਹੁਤੀਆਂ ਚਿੱਠੀਆਂ ਵਿੱਚ ਜੋ ਲਿਖਾਰੀ ਦੀਆਂ ਲਿਖੀਆਂ ਹੁੰਦੀਆਂ ਹਨ, ਦਿੱਤਾ ਹੁੰਦਾ ਹੈ । ਤਾਰੀਖ਼ ਦੇ ਨਾਲ ਚਿੱਠੀ ਦੀਆਂ ਸਤਰਾਂ ਦੀ ਗਿਣਤੀ ਵੀ ਕਦੇ ਕਦੇ ਦਿੱਤੀ ਹੁੰਦੀ ਹੈ । ਗੁਰੂ ਤੇਗ਼ ਬਹਾਦਰ ਸਾਹਿਬ ਦਾ ਇਕ ਹੁਕਮਨਾਮਾ ਢਾਕੇ, ਅਤੇ ਦਸ ਪਟਨੇ ਮੌਜੂਦ ਹਨ । ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪੰਜ ਹੁਕਮਨਾਮੇ ਢਾਕੇ, ਨੌਂ ਪਟਨੇ, ਇਕ ਆਪਣੇ ਹਸਤਾਂਖਰ ਵਿੱਚ ਪਿਸ਼ਾਵਰ; ਇਕ ਮਾਂਗਟ ਭਾਈ ਅਤੇ ਦੋ ਚਾਰ ਹੋਰ ਲੋਕਾਂ ਪਾਸ ਹੋਰਥੇ ਅਜ ਤਕ ਮਿਲੇ ਹਨ । ਇਨ੍ਹਾਂ ਹੁਕਮਨਾਮਿਆਂ ਦੀ ਲਿਖਤ ਸ਼ਿਕਸਤਾ ਗੁਰਮੁਖੀ ਵਿੱਚ ਹੈ, ਜਿੱਥੇ ਬਹੁਤੇ ਅੱਖਰਾਂ ਦੀ ਖੜੀ ਲੀਕ ਨੂੰ ਸਮਲੇ ਦੀ ਸ਼ਕਲ ਦਿੱਤੀ ਗਈ ਹੈ ਅਤੇ ਸੁਹੱਪਣ ਪੈਦਾ ਕਰ ਲਿਆ ਹੈ ।

(ਸ) ਗੁਰਦਵਾਰਿਆਂ ਵਿੱਚ ਕੰਧਾਂ ਉੱਤੇ ਵੀ ਕੁਝ ਗੁਰਮੁਖੀ ਦੇ ਲੇਖ ਮਿਲਦੇ ਹਨ, ਪਰ ਉਨ੍ਹਾਂ ਦੀ ਤਾਰੀਖ਼ ਬਾਬਤ ਕੋਈ ਯਕੀਨ ਨਹੀਂ ਹੋ ਸਕਦਾ ।

Sri Satguru Jagjit Singh Ji Elibrary NamdhariElibrary@gmail.com

# ਪਲੇਟਾਂ


Sri Satguru Jagjit Singh Ji Elibrary NamdhariElibrary@gmail.com




ਪਲੇਟ ਨੰ: I


ਮੋਹਨ-ਜੋ-ਦਾਰੋ ਦੀ ਮੂਰਤੀਮਾਨ ਲਿਪੀ

Sri Satguru Jagjit Singh Ji Elibrary NamdhariElibrary@gmail.com





ਪਲੇਟ ਨੰ: II

ਮਿਸਰ, ਕਰੀਟ ਦੀਪ ਤੇ ਹਿੱਤੀ ਲੋਕਾਂ ਦੀਆਂ ਮੂਰਤੀਮਾਨ ਲਿਪੀਆਂ





ਪਲੇਟ ਨੰ: III
ਖਰੋਸ਼ਠੀ ਤੇ ਬ੍ਰਹਮੀ ਲਿਪੀ ਵਿੱਚ ਲੇਖ





**ਪਲੇਟ ਨੰ: IV**

ਸਮ੍ਰਾਟ ਅਸ਼ੋਕ ਦਾ ਸ਼ਿਲਾ ਲੇਖ, ਮਹਾਰਾਜ ਹਰਸ਼ ਦਾ ਹਸਤਾਖਰ ਅਤੇ ਗੁਪਤਾ ਲਿਪੀ।





ਪਲੇਟ ਨੰ: V

ਸ਼ਾਮੀ ਦੇਸ਼ਾਂ ਅਤੇ ਰੂਮ ਸਾਗਰ ਦੇ ਆਸ ਪਾਸ ਦੇ ਦੇਸਾਂ ਦਾ ਨਕਸ਼ਾ





**ਪਲੇਟ ਨੰ: VI**

ਪੁਰਾਣੀ ਯੂਨਾਨੀ, ਪੁਰਾਣੀ ਲਾਤੀਨੀ, ਬ੍ਰਹਮੀ ਅੰਤੇ ਫਿਨਿਕੀ ਲਿਪੀਆਂ ਦਾ ਟਾਕਰਾ





ਪਲੇਟ ਨੰ: VII

ਸੰਸਕ੍ਰਿਤ, ਜ਼ੰਦ, ਪਹਿਲਵੀ, ਫ਼ਾਰਸੀ, ਖ਼ਰੋਸ਼ਠੀ ਅਤੇ ਅਰਮਾਈ ਲਿਪੀਆਂ । (ੳ)




**ਪਲੇਟ ਨੰ: VIII**

ਸੰਸਕ੍ਰਿਤ, ਜ਼ੰਦ, ਪਹਿਲਵੀ, ਫ਼ਾਰਸੀ, ਖਰੋਸ਼ਠੀ ਅਤੇ ਅਰਮਾਈ ਲਿਪੀਆਂ । (ਅ)



**ਪਲੇਟ ਨੰ: IX**

ਯੂਨਾਨੀ, ਮਿਸਰੀ, ਫਿਨਿਕੀ, ਕਰੀਟ, ਲਿਡੀਆ ਤੇ ਸ਼ਾਮੀ ਲਿਪੀਆਂ ਦੇ ਮੂਲ-ਰੂਪ




ਪਲੇਟ ਨੰ: X


ਸ਼ਾਮੀ ਲਿਪੀਆਂ ਦਾ ਮੁਖ ਸੋਮਾ ਅਤੇ "ਹਲ ਦੀ ਲੀਕ" ਪਿਛੇ ਲਿਖਿਆ ਯੂਨਾਨੀ ਸਿਲਾ-ਲੇਖ ।

Sri Satguru Jagjit Singh Ji Elibrary NamdhariElibrary@gmail.com





**ਪਲੇਟ ਨੰ: XI**

ਰੂਮ ਸਾਗਰ ਦੇ ਆਸ ਪ੍ਰਾਸ ਪ੍ਰਚਲਿਤ ਪ੍ਰਾਚੀਨ ਲਿਪੀਆਂ




ਪਲੇਟ ਨੰ. XII

ਫਿਨਿਕੀ, ਬ੍ਰਹਮੀ ਤੇ ਪੁਰਾਣੀ ਤਾਮਿਲ ਲਿਪੀ




ਪਲੇਟ ਨੰ: XIII


ਯੂਨਾਨੀ ਤੇ ਅਰਬੀ ਲਿਪੀਆਂ ਦਾ ਟਾਕਰਾ

Sri Satguru Jagjit Singh Ji Elibrary NamdhariElibrary@gmail.com




ਪਲੇਟ ਨੰ: XIV

ਭਾਰਤ ਦੀਆਂ ਲਿਪੀਆਂ ਦਾ ਟਾਕਰਾ (ਸਰਸਰੀ ਨਜ਼ਰੇ)।




ਪਲੇਟ ਨੰ: XV

ਭਾਰਤ ਦੀਆਂ ਲਿਪੀਆਂ ਦੇ ਆਪਸੀ ਸੰਬੰਧ (ਇਕ ਬ੍ਰਿਛ ਦੇ ਰੂਪ ਵਿੱਚ)।

| Name in Arabic 1 | Nashki (Eut Ling) 2 | Phoenician (Cyprus & Moabite Stone) 3 | Greek (Inscription of Thera & Modern) 4 | Pronunciation 5 | Name in Greek 6 | Meaning of Name 7 |
|---|---|---|---|---|---|---|
| سین | [illegible] | [illegible] | [illegible] | Ks س | Xe | |
| عین | ع | o o | o O | o ع | Omicron | like o in [illegible] |
| فا | ف | [illegible] | [illegible] | p ف | Pee | |
| صاد | [illegible] | [illegible] | Ψ ψ | ps final ص | Psee | |
| قاف | ق | [illegible] | [illegible] | ق | Que | |
| را | [illegible] | [illegible] | [illegible] | ر | rho | |
| شین | ش | w w [illegible] | [illegible] Σ σ ς | s ش | Sigma | s final |
| تا | ت | [illegible] | T [illegible] | t ت | taf | |

1. The 'ABCD' cypher is clearly based on Phoenician alphabet; to which the Arabians added two more words in order of the six letters they had added. ثخذ - ضظغ

2. The 8 letters added to the Alphabet by the Greeks were:- F(w) Φ φ Phee; Ψ ψ Psee final ps; Ϙ ϙ; Υ υ upsilon y e; Χ χ Khee, kee; Ω ω Omega (long) ō; Ϋ ϒ. These 8 were added to the original sixteen taken from Phoenician


3. In column 2, the thick letters (15 in all) to the left are from the earliest Islamic monument (A.D. 652) of Abd al Rahman ibn Khair-al-Hajri in Cairo Museum of Arab Art. There are no dots or other diacritical marks.

P. Singh

ਪਲੇਟ ਨੰ: XVI

ਅਰਬੀ, ਅਬਜਦ, ਫ਼ਿਨਿਕੀ ਤੇ ਯੂਨਾਨੀ ਲਿਪੀਆਂ ਦਾ ਟਾਕਰਾ ।


Sri Satguru Jagjit Singh Ji Elibrary NamdhariElibrary@gmail.com




ਪਲੇਟ ਨੰ: XVII


ਗੁਜਰਾਂਵਾਲਾ, ਉੱਚੀ, ਹੁਕਮਨਾਮੇ, ਭੱਟਛਰੀ ਤੇ ਗੁਰਮੁਖੀ ਦੀਆਂ ਵੰਨਗੀਆਂ । (ੳ)

Sri Satguru Jagjit Singh Ji Elibrary NamdhariElibrary@gmail.com





ਪਲੇਟ ਨੰ: XVIII

ਗੁਜਰਾਂਵਾਲਾ, ਉੱਚੀ, ਹੁਕਮਨਾਮੇ, ਭੱਟਛਰੀ ਤੇ ਗੁਰਮੁਖੀ ਦੀਆਂ ਵੰਨਗੀਆਂ। (ਅ)




ਪਲੇਟ ਨੰ: XIX

ਪੰਜਾਬ ਦੀਆਂ ਲਿਪੀਆਂ ਦਾ ਆਪੋ ਵਿੱਚ ਟਾਕਰਾ । (ੲ)




ਪਲੇਟ ਨੰ: XX

ਪੰਜਾਬ ਦੀਆਂ ਲਿਪੀਆਂ ਦਾ ਆਪੋ ਵਿੱਚ ਟਾਕਰਾ । (ਅ)





ਪਲੇਟ ਨੰ: XXI

ਪੰਜਾਬ ਦੀਆ ਲਿਪੀਆਂ ਦਾ ਆਪੋ ਵਿੱਚ ਟਾਕਰਾ । (ਦ)




ਪਲੇਟ ਨੰ: XXII

ਪੰਜਾਬ ਦੀਆਂ ਲਿਪੀਆਂ ਦਾ ਆਪੋ ਵਿੱਚ ਟਾਕਰਾ । (ਸ)





ਪਲੇਟ ਨੰ: XXIII

ਗੁਰਮੁਖੀ ਅੱਖਰਾਂ ਦਾ ਵਿਕਾਸ। (ੳ)




ਪਲੇਟ ਨੰ: XXIV

ਗੁਰਮੁਖੀ ਅੱਖਰਾਂ ਦਾ ਵਿਕਾਸ । (ਅ)





ਪਲੇਟ ਨੰ: XXV

ਗੁਰਮੁਖੀ ਅੱਖਰਾਂ ਦਾ ਵਿਕਾਸ । (ੲ)





ਪਲੇਟ ਨੰ: XXVI
ਗੁਰਮੁਖੀ ਸੁਰ-ਚਿੰਨ੍ਹਾਂ ਦਾ ਵਿਕਾਸ। (ੳ)





ਪਲੇਟ ਨੰ: XXVII

ਗੁਰਮੁਖੀ ਸੁਰ-ਚਿੰਨ੍ਹਾਂ ਦਾ ਵਿਕਾਸ । (ਅ)




ਪਲੇਟ ਨੰ: XXVIII

ਲੰਡੇ, ਮਹਾਜਨੀ ਤੇ ਸਰਾਫ਼ੀ ਅੱਖਰ





ਪਲੇਟ ਨੰ: XXIX


ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹੁਕਮਨਾਮਾ (ਢਾਕੇ ਦੀ ਸੰਗਤ ਵਲ)।

ਪਲੇਟ ਨੰ: XXX

ਗੁਰੂ ਤੇਗ ਬਹਾਦਰ ਸਾਹਿਬ ਦੇ ਹਸਤਾਖਰ (ਪਟਣੇ ਦੀ ਸੰਗਤ ਵਲ) ।




Guru Tegh Bahadur's letter to the Sangat at Patna, from 45 Camp, when on his way to Dacca, with Raja Subal Singh Sisodia.





ਪਲੇਟ ਨੰ: XXXI

ਗੁਰੂ ਅਰਜਨ ਦੇਵ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਏ ਸਾਹਿਬ ਦੇ ਨੀਸਾਣ





ਪਲੇਟ ਨੰ: XXXII

ਗੁਰਮੁਖੀ ਹਿੰਦਸਿਆਂ ਦਾ ਵਿਕਾਸ (ਪੁਰਾਣੇ ਅੱਖਰਾਂ ਤੋਂ)।




ਪਲੇਟ ਨੰ: XXXIII


ਹਠੂਰ ਵਿੱਚ ਰਾਏ ਫ਼ਿਰੋਜ਼ ਦੇ ਮਕਬਰੇ ਦਾ ਸ਼ਿਲਾ-ਲੇਖ





ਪਲੇਟ ਨੰ: XXXIV

ਰਾਏ ਫਿਰੋਜ਼ ਦੇ ਮਕਬਰੇ ਦਾ ਨਕਸ਼ਾ

Sri Satguru Jagjit Singh Ji Elibrary NamdhariElibrary@gmail.com




ਪਲੇਟ ਨੰ: XXXV
ਰਾਜਾ ਦੇਹਜਾਰੀਰ ਦਾ ਸਿੱਕਾ ਅਤੇ ਸ਼ਰਕੋਟ ਦੇ ਖੰਭਰਾਂ ਦੀਆਂ ਅੱਖਰਾਂ ਵਾਲੀਆਂ ਇੱਟਾਂ



BEGINNING of KARTARPUR MS


ੴ
ਸਤਿਨਾਮੁਕਰਤਾਪੁਰਖੁਨਿਰ
ਭਉਨਿਰਵੈਰੁਅਕਾਲਮੂਰ
ਤਿਅਜੂਨੀਸੈਭੰਗੁਰਪ੍ਰਸਾ
ਦਿ॥ ਜਪੁ॥ ॥ ॥

ਗਾਕੇਗੁੰਡਕੁੰਭਹਮੀਰ॥੧॥ ਖਸਟਮਮੇਘਰਾਗਵੈਗਾਵਹਿ॥ਪਾਂਚਉਸੰਗਿਬਰੰਗਨਲਾਵ
ਹਿ॥ਸੋਰਠਿਗੋਂਡਮਲਾਰੀਧੁਨੀ॥ਪੁਨਿਗਾਵਹਿਆਸਾਗੁਨਗੁਨੀ॥ਊਚੈਸੁਰਿਸੂਹਉਪੁਨਿ
ਕੀਨੀ॥ਮੇਘਰਾਗਸਿਉਪਾਂਚਉਚੀਨੀ॥੧॥ ਬੈਰਾਧਰਗਜਧਰਕੇਦਾਰਾ॥ਜਬਲੀ
ਧਰਨਟਅਉਜਲਧਾਰਾ॥ਪੁਨਿਗਾਵਹਿਸੰਕਰਅਉਸਿਆਮਾ॥ਮੇਘਰਾਗਪੁਤ੍ਰਨਕੇ
ਨਾਮਾ॥੧॥ ਖਸਟਰਾਗਉਨਿਗਾਏਸੰਗਿਰਾਗਨੀਤੀਸ॥ਸਭੈਪੁਤ੍ਰਰਾਗੰਨਕੇਅਠਾਰ
ਦਸਬੀਸ॥੧॥੧॥

END of RAGMALA IN KARTARPUR MS
(Reproduced from the Khalsa Samachar of AMRITSAR)

ਪਲੇਟ ਨੰ: XXXVI
ਕਰਤਾਰਪੁਰ ਵਾਲੀ ਬੀੜ ਦੇ ਅੱਖਰ

## Sixteenth & Seventeenth centuries forms of Gurmukhi letters, figures & Vowel-signs




ਪਲੇਟ ਨੰ: XXXVII

ਸੋਲ੍ਹਵੀਂ ਤੇ ਸਤਾਰ੍ਹਵੀਂ ਸਦੀ ਵਿੱਚ ਗੁਰਮੁਖੀ ਅੱਖਰ, ਹਿੰਦਸੇ ਅਤੇ ਸੁਰ-ਚਿੰਨ੍ਹ ।

Sri Satguru Jagjit Singh Ji Elibrary NamdhariElibrary@gmail.com

PRINTED AT : PANJAB UNIVERSITY PRESS
P.U.P. (298)–1000+4P./25-8-2010

Sri Satguru Jagjit Singh Ji Elibrary NamdhariElibrary@gmail.com